Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: **Gurjatinder Singh Randhawa**
Punjab Mail USA




Vol. 19, Issue- 853, 08 to 14 May, 2025, Ph: 916-320-9444, E-mail: punjabmailusa@yahoo.com, Web: punjabmailusa.com

OPERATION SINDOOR

# ਭਾਰਤ ਵੱਲੋਂ ਪਾਕਿਸਤਾਨ 'ਤੇ ਕੀਤੀ ਗਈ ਏਅਰ ਸਟਰਾਈਕ

## ■ ਭਾਰਤੀ ਹਵਾਈ ਸੈਨਾ ਨੇ ਬਹਾਵਲਪੁਰ, ਮੁਰੀਦਕੇ, ਗੁਲਪੁਰ, ਸਵਾਈ, ਬਿਲਾਲ, ਕੋਟਲੀ, ਬਰਨਾਲਾ ਤੇ ਸਰਜਲ ਤੇ ਮਹਿਮੂਨਾ ਕੈਂਪਾਂ ਨੂੰ ਬਣਾਇਆ ਨਿਸ਼ਾਨਾ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਨੇ ਸਰਹੱਦ ਪਾਰ ਅਤਿਵਾਦ ਅਤੇ ਹਾਲੀਆ ਪਹਿਲਗਾਮ ਦਹਿਸ਼ਤੀ ਹਮਲੇ, ਜਿਸ ਵਿਚ 26 ਸੈਲਾਨੀ ਮਾਰੇ ਗਏ ਸਨ, ਦੇ ਜਵਾਬ ਵਿਚ ਦਲੇਰਾਨਾ ਅਤੇ ਗਿਣਿਆ-ਮਿਥਿਆ ਕਦਮ ਚੁੱਕਦੇ ਹੋਏ, ਅਪਰੇਸ਼ਨ ਸਿੰਦੂਰ ਤਹਿਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਵਿਚ 9 ਦਹਿਸ਼ਤੀ ਕੈਂਪਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਸਟੀਕ ਹਵਾਈ ਹਮਲੇ ਕੀਤੇ ਹਨ।



ਮੁਜ਼ੱਫਰਾਬਾਦ ਨੇੜੇ ਮਕਬੂਜ਼ਾ ਕਸ਼ਮੀਰ ਵਿਚ ਭਾਰਤ ਵੱਲੋਂ ਕੀਤੇ ਮਿਜ਼ਾਈਲ ਹਮਲੇ ਵਿਚ ਨੁਕਸਾਨੀ ਇਮਾਰਤ ਦੇ ਮਲਬੇ ਕੋਲ ਖੜ੍ਹੇ ਪਾਕਿਸਤਾਨੀ ਫੌਜੀ।

ਅਧਿਕਾਰਤ ਸੂਤਰਾਂ ਮੁਤਾਬਕ ਇਨ੍ਹਾਂ ਨੌਂ ਟਿਕਾਣਿਆਂ ਵਿਚ ਬਹਾਵਲਪੁਰ ਵਿਚ ਜੈਸ਼-ਏ-ਮੁਹੰਮਦ (ਜੇ.ਈ.ਐੱਮ.) ਦਾ ਮੁੱਖ ਦਫਤਰ ਵੀ ਸ਼ਾਮਲ ਹੈ, ਜੋ ਕੌਮਾਂਤਰੀ ਸਰਹੱਦ ਤੋਂ ਕਰੀਬ 100 ਕਿਲੋਮੀਟਰ ਦੂਰ ਇੱਕ ਡੂੰਘਾ ਪ੍ਰਤੀਕਾਤਮਕ ਨਿਸ਼ਾਨਾ ਸੀ। ਇਹ ਟਿਕਾਣਾ ਕਥਿਤ ਭਾਰਤੀ ਵਿਰੁੱਧ ਵੱਡੇ ਪੱਧਰ 'ਤੇ ਹਮਲਿਆਂ ਦੀ ਯੋਜਨਾ ਬਣਾਉਣ ਦਾ ਕੇਂਦਰ ਸੀ।

ਇੱਕ ਹੋਰ ਵੱਡਾ ਹਮਲਾ ਸਾਂਬਾ ਦੇ ਸਾਹਮਣੇ ਸਰਹੱਦ ਤੋਂ ਸਿਰਫ਼ 30 ਕਿਲੋਮੀਟਰ ਦੂਰ ਮੁਰੀਦਕੇ ਵਿਚ ਲਸ਼ਕਰ-ਏ-ਤਇਬਾ (ਐੱਲ.ਈ.ਟੀ.) ਦੇ ਸਿਖਲਾਈ ਕੈਂਪ 'ਤੇ ਕੀਤਾ ਗਿਆ। 26/11 ਮੁੰਬਈ ਹਮਲੇ ਨੂੰ ਅੰਜਾਮ ਦੇਣ ਵਾਲੇ ਦਹਿਸ਼ਤਗਰਦਾਂ ਨੂੰ ਸਿਖਲਾਈ ਦੇਣ ਲਈ ਬਦਨਾਮ ਇਹ ਕੈਂਪ ਸਰਹੱਦ ਪਾਰੋਂ ਅੱਤਵਾਦ ਨੂੰ ਸਰਪ੍ਰਸਤੀ ਦੇ ਸਥਾਈ ਖ਼ਤਰੇ ਦੀ ਭਿਆਨਕ ਯਾਦ ਦਿਵਾਉਂਦਾ ਸੀ। ਭਾਰਤੀ ਹਥਿਆਰਬੰਦ ਦਸਤਿਆਂ ਨੇ ਕੰਟਰੋਲ ਰੇਖਾ ਨੇੜੇ ਖਸਤਾ ਹਾਲਤ ਵਿਚ, ਪੁਣਛ-ਰਾਜੌਰੀ ਸੈਕਟਰ ਵਿਚ ਗੁਲਪੁਰ ਕੈਂਪ ਨੂੰ ਨਿਸ਼ਾਨਾ ਬਣਾਇਆ ਹੈ। ਇਸ ਟਿਕਾਣੇ ਨੂੰ 20 ਅਪ੍ਰੈਲ, 2023 ਨੂੰ ਪੁਣਛ ਵਿਚ ਹੋਏ ਘਾਤਕ ਹਮਲੇ ਦੇ ਨਾਲ ਜੂਨ 2024 ਵਿੱਚ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ 'ਤੇ ਹਮਲੇ ਲਈ ਲਾਂਚਪੈਡ ਮੰਨਿਆ ਜਾਂਦਾ ਸੀ।

ਭਾਰਤੀ ਲੜਾਕੂ ਜਹਾਜ਼ਾਂ ਨੇ ਹੋਰ ਉੱਤਰ ਵੱਲ ਪੀ.ਓ.ਕੇ. ਦੇ ਤੰਗਧਾਰ ਸੈਕਟਰ ਅੰਦਰ ਲਸ਼ਕਰ-ਏ-ਤਇਬਾ ਵੱਲੋਂ ਚਲਾਏ ਜਾ ਰਹੇ ਸਵਾਈ ਕੈਂਪ ਨੂੰ ਨਿਸ਼ਾਨਾ ਬਣਾਇਆ। ਖੁਫ਼ੀਆ ਏਜੰਸੀਆਂ ਨੇ ਇਸ ਟਿਕਾਣੇ ਨੂੰ ਕਈ ਹਾਈ-ਪ੍ਰੋਫਾਈਲ ਹਮਲਿਆਂ 20 ਅਕਤੂਬਰ, 2024 ਨੂੰ ਸੋਨਮਰਗ, 24 ਅਕਤੂਬਰ ਨੂੰ ਗੁਲਮਰਗ ਅਤੇ 22 ਅਪਰੈਲ, 2025 ਨੂੰ ਪਹਿਲਗਾਮ ਨਾਲ ਜੋੜਿਆ ਹੈ। ਇਕ ਸੂਤਰ ਨੇ ਕਿਹਾ, "ਕੈਂਪ ਦੇ ਦੂਰ-ਦੁਰਾਡੇ ਸਥਾਨ ਨੇ ਇਸ ਨੂੰ ਕਸ਼ਮੀਰ ਭਰ ਵਿਚ ਹਮਲਿਆਂ ਲਈ ਅਤਿਵਾਦੀਆਂ ਨੂੰ ਸਿਖਲਾਈ ਦੇਣ ਅਤੇ ਲਾਮਬੰਦ ਕਰਨ ਲਈ ਇੱਕ ਪਸੰਦੀਦਾ ਸਥਾਨ ਬਣਾਇਆ।"

ਜੈਸ਼-ਏ-ਮੁਹੰਮਦ ਦੇ ਇਕ ਹੋਰ ਲਾਂਚਪੈਡ ਬਿਲਾਲ ਕੈਂਪ ਨੂੰ ਹਵਾਈ ਹਮਲਿਆਂ ਦੀ ਮਾਰ ਹੇਠ ਲਿਆਂਦਾ ਗਿਆ ਹੈ। ਘੁਸਪੈਠ ਦੀਆਂ ਕੋਸ਼ਿਸ਼ਾਂ ਤੋਂ ਪਹਿਲਾਂ ਇਹ ਅੱਤਵਾਦੀਆਂ ਲਈ ਇੱਕ ਮੁੱਖ ਪੜਾਅ ਖੇਤਰ ਵਜੋਂ ਜਾਣਿਆ ਜਾਂਦਾ ਸੀ, ਜੋ ਭਾਰਤੀ ਖੇਤਰ ਵਿਚ ਦਾਖਲ ਹੋਣ ਤੋਂ ਪਹਿਲਾਂ ਇੱਕ ਅੰਤਮ ਆਵਾਜਾਈ ਬਿੰਦੂ ਵਜੋਂ ਕੰਮ ਕਰਦਾ ਸੀ।

ਮੰਨਿਆ ਜਾਂਦਾ ਹੈ ਕਿ ਕੋਟਲੀ ਕੈਂਪ, ਜੋ ਰਾਜੌਰੀ ਦੇ ਸਾਹਮਣੇ ਲਸ਼ਕਰ-ਏ-ਤਇਬਾ ਦਾ ਟਿਕਾਣਾ ਹੈ, ਵਿਚ ਇੱਕ ਸਮੇਂ ਕਰੀਬ 50 ਕਾਰਕੁਨ ਰਹਿੰਦੇ ਸਨ, ਜੋ ਸਮਰਪਿਤ ਆਤਮਘਾਤੀ ਹਮਲਾਵਰ ਸਿਖਲਾਈ ਕੇਂਦਰ ਵਜੋਂ ਕੰਮ ਕਰਦੇ ਸਨ। ਇਸ ਦੇ ਨਾਲ ਹੀ ਕੰਟਰੋਲ ਰੇਖਾ ਤੋਂ ਸਿਰਫ਼ 10 ਕਿਲੋਮੀਟਰ ਦੂਰ ਬਰਨਾਲਾ ਕੈਂਪ ਨੂੰ ਵੀ ਤਬਾਹ ਕੀਤਾ ਗਿਆ ਹੈ, ਜੋ ਜੰਮੂ ਅਤੇ ਰਾਜੌਰੀ ਵਿਚ ਜਾਣ ਵਾਲੇ ਅਤਿਵਾਦੀਆਂ ਲਈ ਇੱਕ ਲੌਜਿਸਟਿਕ ਅਤੇ ਮੁੜ ਸੰਗਠਨ ਕੇਂਦਰ ਵਜੋਂ ਕੰਮ ਕਰਦਾ ਸੀ।

ਕੌਮਾਂਤਰੀ ਸਰਹੱਦ ਨੇੜੇ ਸਰਜਲ ਕੈਂਪ, ਜੋ ਸਾਂਬਾ-ਕਠੂਆ ਤੋਂ ਕਰੀਬ 8 ਕਿਲੋਮੀਟਰ ਦੂਰ ਜੈਸ਼-ਏ-ਮੁਹੰਮਦ ਦਾ ਇਕ ਹੋਰ ਟਿਕਾਣਾ ਹੈ, ਨੂੰ ਛੋਟੀ ਦੂਰੀ ਦੀ ਘੁਸਪੈਠ ਅਤੇ ਤੇਜ਼-ਹਮਲੇ ਦੇ ਮਿਸ਼ਨਾਂ ਵਿਚ ਭੂਮਿਕਾ ਲਈ ਨਿਸ਼ਾਨਾ ਬਣਾਇਆ ਗਿਆ। ਅਤੇ ਅਖੀਰ ਵਿਚ ਭਾਰਤੀ ਜਹਾਜ਼ਾਂ ਨੇ ਸਿਆਲਕੋਟ ਨੇੜੇ ਮਹਿਮੂਨਾ ਕੈਂਪ 'ਤੇ ਹਮਲਾ ਕੀਤਾ, ਜੋ ਕਿ ਸਰਹੱਦ ਤੋਂ ਸਿਰਫ 15 ਕਿਲੋਮੀਟਰ ਦੂਰ ਹਿਜ਼ਬੁਲ ਮੁਜਾਹਿਦੀਨ ਦਾ ਸਿਖਲਾਈ ਕੇਂਦਰ ਹੈ। ਇਸ ਨਾਲ ਕਸ਼ਮੀਰ ਘਾਟੀ ਵਿਚ ਕੰਮ ਕਰ ਰਹੇ ਸਭ ਤੋਂ ਪੁਰਾਣੇ ਬਾਗ਼ੀ ਸੰਗਠਨਾਂ ਵਿਚੋਂ ਇੱਕ ਨੂੰ ਝਟਕਾ ਲੱਗਾ ਹੈ।




## ਪਾਕਿ ਦੀ ਸੰਭਾਵੀ ਜਵਾਬੀ ਕਾਰਵਾਈ ਦੇ ਟਾਕਰੇ ਲਈ ਹਵਾਈ ਸੈਨਾ ਤੇ ਬੀ.ਐੱਸ.ਐੱਫ. ਹਾਈ ਅਲਰਟ 'ਤੇ



**ਚੰਡੀਗੜ੍ਹ, (ਪੰਜਾਬ ਮੇਲ)**- ਭਾਰਤ ਵੱਲੋਂ 6-7 ਮਈ ਦੀ ਰਾਤ ਨੂੰ ਸਰਹੱਦ ਪਾਰ ਅੱਤਵਾਦੀ ਟਿਕਾਣਿਆਂ 'ਤੇ ਕੀਤੇ ਗਏ ਸਟੀਕ ਹਮਲਿਆਂ ਦੇ ਜਵਾਬ ਵਿਚ ਪਾਕਿਸਤਾਨ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਸੰਭਾਵੀ ਕਾਰਵਾਈ ਦੇ ਟਾਕਰੇ ਲਈ ਹਥਿਆਰਬੰਦ ਬਲਾਂ ਨੇ ਪੱਛਮੀ ਥੀਏਟਰ ਵਿਚ ਸਾਰੇ ਹਵਾਈ ਰੱਖਿਆ ਅਸਾਸਿਆਂ ਨੂੰ ਪੂਰੀ ਤਰ੍ਹਾਂ ਤਿਆਰ ਰੱਖਿਆ ਹੈ। ਸੂਤਰਾਂ ਅਨੁਸਾਰ ਘੁਸਪੈਠ ਰੋਕਣ ਅਤੇ ਸਰਹੱਦ ਨੇੜੇ ਸਰਗਰਮੀਆਂ 'ਤੇ ਨੇੜਿਓਂ ਨਜ਼ਰ ਰੱਖਣ ਲਈ ਸਰਹੱਦੀ ਸੁਰੱਖਿਆ ਬਲਾਂ ਵੱਲੋਂ ਜ਼ਮੀਨੀ ਪੱਧਰ 'ਤੇ ਚੌਕਸੀ ਵਧਾ ਦਿੱਤੀ ਗਈ ਹੈ। ਭਾਰਤੀ ਹਵਾਈ ਸੈਨਾ ਨੇ ਰਡਾਰਾਂ ਅਤੇ ਐਂਟੀ ਏਅਰਕ੍ਰਾਫ਼ਟ ਹਥਿਆਰਾਂ ਨੂੰ ਸਰਗਰਮ ਕਰਨ ਤੋਂ ਇਲਾਵਾ ਰਣਨੀਤਕ ਥਾਵਾਂ 'ਤੇ ਸੁਰੱਖਿਆ ਬਲਾਂ ਨੂੰ ਤਿਆਰ ਬਰ ਤਿਆਰ ਰੱਖਿਆ ਗਿਆ ਹੈ। ਭਾਰਤੀ ਹਵਾਈ ਖੇਤਰ ਦੀ ਸੁਰੱਖਿਆ ਲਈ ਜੰਗੀ ਜਹਾਜ਼ਾਂ ਵੱਲੋਂ ਗਸ਼ਤ ਜਾਰੀ ਹੈ।

ਓ.ਆਰ.ਪੀ.ਐੱਸ. ਹਥਿਆਰਬੰਦ ਲੜਾਕੂ ਜਹਾਜ਼ਾਂ ਦਾ ਇੱਕ ਜੋੜਾ ਹੁੰਦਾ ਹੈ, ਜੋ ਕਿਸੇ ਵੀ ਹੰਗਾਮੀ ਹਾਲਾਤ ਵਿਚ ਇੱਕ ਪਲ ਦੇ ਨੋਟਿਸ 'ਤੇ ਏਅਰਬੇਸਾਂ ਤੋਂ ਉਡਾਣ ਭਰਨ ਲਈ ਤਿਆਰ ਰਹਿੰਦਾ ਹੈ। ਆਈ.ਏ.ਐੱਫ. ਹਫ਼ਤੇ ਦੇ ਸੱਤ ਦਿਨ

■ ਬਾਕੀ ਖਬਰ ਸਫਾ 18 'ਤੇ

## ਪਾਕਿਸਤਾਨੀ ਫ਼ੌਜਾਂ ਵੱਲੋਂ ਕੀਤੀ ਗਈ ਭਾਰੀ ਗੋਲੀਬਾਰੀ 'ਚ ਤਿੰਨ ਨਾਗਰਿਕਾਂ ਦੀ ਮੌਤ; ਕਈ ਹੋਰ ਜ਼ਖਮੀ

■ ਰੱਖਿਆ ਸੂਤਰਾਂ ਨੇ ਬੁੱਧਵਾਰ ਨੂੰ ਦਿੱਤੀ ਜਾਣਕਾਰੀ

**ਸ਼੍ਰੀਨਗਰ/ਜੰਮੂ, (ਪੰਜਾਬ ਮੇਲ)**- ਜੰਮੂ-ਕਸ਼ਮੀਰ ਵਿਚ ਕੰਟਰੋਲ ਰੇਖਾ ਅਤੇ ਅੰਤਰਰਾਸ਼ਟਰੀ ਸਰਹੱਦ 'ਤੇ ਰਾਤ ਭਰ ਪਾਕਿਸਤਾਨੀ ਫ਼ੌਜਾਂ ਵੱਲੋਂ ਕੀਤੀ ਗਈ ਭਾਰੀ ਗੋਲੀਬਾਰੀ 'ਚ ਤਿੰਨ ਨਾਗਰਿਕ ਮਾਰੇ ਗਏ। ਰੱਖਿਆ ਸੂਤਰਾਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪਾਕਿਸਤਾਨੀ ਫ਼ੌਜਾਂ ਵੱਲੋਂ ਭਾਰਤ ਵੱਲੋਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ 9 ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ ਜਾਣ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ।

ਰੱਖਿਆ ਸੂਤਰਾਂ ਦਾ ਕਹਿਣਾ ਹੈ ਕਿ ਭਾਰਤੀ ਫੌਜ ਗੋਲਾਬਾਰੀ ਦਾ ਢੁੱਕਵਾਂ ਜਵਾਬ ਦੇ ਰਹੀ ਹੈ। ਸੂਤਰਾਂ ਨੇ ਦੱਸਿਆ ਕਿ 6 ਅਤੇ 7 ਮਈ ਦੀ ਵਿਚਕਾਰਲੀ ਰਾਤ ਨੂੰ, ਪਾਕਿਸਤਾਨੀ ਫ਼ੌਜ ਨੇ ਜੰਮੂ-ਕਸ਼ਮੀਰ 'ਚ ਕੰਟਰੋਲ ਰੇਖਾ ਅਤੇ ਅੰਤਰਰਾਸ਼ਟਰੀ ਸਰਹੱਦ ਦੇ ਪਾਰ ਚੌਕੀਆਂ ਤੋਂ ਗੋਲਾਬਾਰੀ ਅਤੇ ਗੋਲੀਬਾਰੀ ਕੀਤੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਅਤੇ ਗੋਲਾਬਾਰੀ 'ਚ ਤਿੰਨ ਮਾਸੂਮ ਲੋਕਾਂ ਦੀ ਜਾਨ ਚਲੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਵਿਚ ਇਕ ਔਰਤ ਵੀ ਸ਼ਾਮਲ

■ ਬਾਕੀ ਖਬਰ ਸਫਾ 18 'ਤੇ

## ਸ੍ਰੀਨਗਰ ਸਮੇਤ ਉੱਤਰੀ ਭਾਰਤ ਦੇ ਕਈ ਹਵਾਈ ਅੱਡੇ ਬੰਦ, ਉਡਾਣਾਂ ਰੱਦ

**ਸ੍ਰੀਨਗਰ, (ਪੰਜਾਬ ਮੇਲ)**- ਭਾਰਤੀ ਫੌਜ ਵੱਲੋਂ ਵੱਡੇ ਤੜਕੇ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ 'ਤੇ ਕੀਤੇ ਹਵਾਈ ਹਮਲਿਆਂ ਮਗਰੋਂ ਅਥਾਰਿਟੀਜ਼ ਨੇ ਸ੍ਰੀਨਗਰ ਸਣੇ ਉੱਤਰੀ ਭਾਰਤ ਦੇ ਕਈ ਹਵਾਈ ਅੱਡਿਆਂ ਨੂੰ ਬੰਦ ਕਰ ਦਿੱਤਾ ਹੈ।



ਸ੍ਰੀਨਗਰ ਏਅਰਪੋਰਟ ਅਥਾਰਿਟੀਜ਼ ਨੇ ਇਕ ਬਿਆਨ ਵਿਚ ਕਿਹਾ ਕਿ ਹਵਾਈ ਅੱਡੇ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਸ੍ਰੀਨਗਰ ਹਵਾਈ ਅੱਡੇ ਤੋਂ ਕੋਈ ਵੀ ਗੈਰਫੌਜੀ ਉਡਾਣ ਨਹੀਂ ਚੱਲੇਗੀ। ਇਸ ਦੌਰਾਨ ਕਈ ਏਅਰਲਾਈਨਾਂ ਨੇ ਵੀ ਯਾਤਰਾ ਐਡਵਾਈਜ਼ਰੀ ਜਾਰੀ ਕੀਤੀ ਹੈ।

ਏਅਰ ਇੰਡੀਆ ਨੇ ਕਿਹਾ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਹੋਰ ਅਪਡੇਟ ਆਉਣ ਤੱਕ ਉਸ ਨੇ 7 ਮਈ ਨੂੰ ਦੁਪਹਿਰ 12 ਵਜੇ ਤੱਕ ਜੰਮੂ, ਸ੍ਰੀਨਗਰ, ਲੇਹ, ਜੋਧਪੁਰ, ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ ਲਈ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ।"

ਏਅਰਲਾਈਨ ਨੇ ਐਕਸ 'ਤੇ ਕਿਹਾ, "ਅੰਮ੍ਰਿਤਸਰ ਜਾ ਰਹੀਆਂ ਦੋ ਕੌਮਾਂਤਰੀ ਉਡਾਣਾਂ ਨੂੰ ਦਿੱਲੀ ਵੱਲ ਮੋੜ ਦਿੱਤਾ ਗਿਆ ਹੈ।

■ ਬਾਕੀ ਖਬਰ ਸਫਾ 18 'ਤੇ

### ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ 'ਤੇ ਉਡਾਣਾਂ ਰੱਦ; ਕੁਝ ਹੋਰਨਾਂ ਥਾਵਾਂ 'ਤੇ ਡਾਈਵਰਟ

**ਅੰਮ੍ਰਿਤਸਰ, (ਪੰਜਾਬ ਮੇਲ)**- ਸਰਕਾਰ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਦਹਿਸ਼ਤੀ ਟਿਕਾਣਿਆਂ ਖਿਲਾਫ਼ ਕੀਤੇ 'ਅਪਰੇਸ਼ਨ ਸਿੰਦੂਰ' ਮਗਰੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਕੁਝ ਉਡਾਣਾਂ ਰੱਦ ਜਦੋਂਕਿ ਕੁਝ ਨੂੰ ਹੋਰਨਾਂ ਥਾਵਾਂ 'ਤੇ ਡਾਇਵਰਟ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ ਦਾ ਹਵਾਈ ਅੱਡਾ ਭਾਰਤ ਪਾਕਿ ਸਰਹੱਦ ਤੋਂ ਮਹਿਜ਼ 20 ਕਿਲੋਮੀਟਰ ਦੀ ਦੂਰੀ 'ਤੇ ਹੈ।

ਦੋਹਾ ਤੋਂ ਅੰਮ੍ਰਿਤਸਰ ਜਾ ਰਹੀ ਕਤਰ ਏਅਰਵੇਜ਼ ਦੀ ਉਡਾਣ ਨੂੰ ਪਾਕਿਸਤਾਨੀ ਹਵਾਈ ਖੇਤਰ ਦੀ ਪਹੁੰਚ ਤੋਂ ਇਨਕਾਰ ਕਰਨ ਤੋਂ ਬਾਅਦ ਹਵਾ ਵਿਚ ਹੀ ਡਾਇਵਰਟ ਕਰਦਿਆਂ ਓਮਾਨ ਦੇ ਮਸਕਟ ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ। ਉਡਾਣ ਅਸਲ ਵਿਚ ਸਵੇਰੇ 2:10 ਵਜੇ ਅੰਮ੍ਰਿਤਸਰ ਵਿਚ ਉਤਰਨੀ ਸੀ। ਇਸ ਤੋਂ ਇਲਾਵਾ, ਸ਼ਾਰਜਾਹ ਤੋਂ ਅੰਮ੍ਰਿਤਸਰ ਪਹੁੰਚਣ ਵਾਲੀ ਸਪਾਈਸਜੈੱਟ ਦੀ ਇੱਕ ਉਡਾਣ ਵੀ ਰੱਦ ਕਰ ਦਿੱਤੀ ਗਈ ਹੈ। ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਸਬੰਧਤ ਏਅਰਲਾਈਨਾਂ ਤੋਂ ਆਪਣੀਆਂ ਉਡਾਣਾਂ ਦੀ ਸਥਿਤੀ ਦੀ ਜਾਂਚ ਕਰਨ।

# ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਐਂਸ ਸਟੋਰ ਐਸੋਸੀਏਸ਼ਨ ਵੱਲੋਂ ਵੈਕਾਵਿਲ ਵਿਖੇ ਕਰਵਾਇਆ ਗਿਆ 11ਵਾਂ ਟਰੇਡ ਸ਼ੋਅ ਕਾਮਯਾਬੀ ਨਾਲ ਹੋਇਆ ਸੰਪੰਨ

AMERICAN PETROLEUM AND CONVENIENCE STORE ASSOCIATION

























# ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਵੈਕਾਵਿਲ ਵਿਖੇ ਕਰਵਾਇਆ ਗਿਆ 11ਵਾਂ ਟਰੇਡ ਸ਼ੋਅ ਕਾਮਯਾਬੀ ਨਾਲ ਹੋਇਆ ਸੰਪੰਨ

APCA
American Petroleum and Convenience Store Association
































# Maheep Singh

## Bringing North Indian Storytelling to the North American Stage

In a comedy landscape often dominated by quick punchlines and globalized humor, Indian comedian Maheep Singh stands out by embracing tradition. This summer, North America will experience his unique style — comedy that doesn't just entertain but connects generations.

*This summer, North America will experience his unique style — comedy that doesn't just entertain but connects generations.*

Known for his narrative-driven performances, Singh's upcoming tour "Mummy Kaisi Hai?" brings the spirit of North Indian oral tradition to stages across the U.S. and Canada. Unlike most stand-up routines, Singh's shows aren't just a series of jokes but vivid stories that unfold like family conversations — drawing from the cultural fabric of Punjabi and North Indian life.

Singh's comedy is rooted in kissa-goi — an oral storytelling art deeply embedded in North Indian culture. His performances reflect everyday experiences: the quirks of family life, school anecdotes, nosy neighbors, and the celebratory chaos of Punjabi households. Using a blend of Hindi and Punjabi, his stories resonate with audiences who grew up with the warmth and chaos of joint families, whether in Delhi, Ludhiana, or the Punjabi diaspora of Long Island.

Through his unique storytelling, Singh captures the essence of North Indian traditions, making each performance feel like a shared cultural experience. His shows not only deliver laughs but also evoke nostalgia and community spirit.

As Singh brings his culturally rooted humor to North America, audiences can expect a performance that is both funny and familiar, celebrating stories shaped by Indian values and family dynamics. It's not just a comedy show — it's a cultural journey that speaks to the heart of the South Asian diaspora.







FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# INTERNATIONAL SIKH YOUTH SYMPOSIUM IN BAKERSFIELD

Our Pleasure To Announce That Year 2025

Local Sikh Youth Symposium is Taking Place

June 7 Saturday 9am at Gurdwara Angad Darbar 8100 Stine Road,

Bakersfield, CA 93313



Symposium will include sikh history, speeches, kirtan, discussion,

to honor our youth

please join this intenational event and expand your net

working with your children and family

**For any information contact : 661-827-1033**

**Dr. Manbir Singh, Bakersfield**

# ਅਮਰੀਕੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਨਾ ਦੇਣ ਦੇ ਮੁੱਦੇ 'ਤੇ ਲਿਆਂਦੀ ਸੋਧ ਰਿਪਬਲੀਕਨਾਂ ਵੱਲੋਂ ਰੱਦ

**■ ਹਾਊਸ ਜੂਡੀਸ਼ੀਅਰੀ ਕਮੇਟੀ 'ਚ ਡੈਮੋਕਰੈਟਸ ਤੇ ਰਿਪਬਲੀਕਨਾਂ ਵਿਚਾਲੇ ਗਰਮਾ-ਗਰਮ ਬਹਿਸ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਹਾਊਸ ਜੂਡੀਸ਼ੀਅਰੀ ਕਮੇਟੀ ਵਿਚ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਦੇ ਮੁੱਦੇ 'ਤੇ ਹੋਈ ਗਰਮਾ-ਗਰਮ ਬਹਿਸ ਤੋਂ ਬਾਅਦ ਡੈਮੋਕਰੈਟਸ ਵੱਲੋਂ ਲਿਆਂਦੀ ਇਕ ਅਹਿਮ ਸੋਧ ਨੂੰ ਰੱਦ ਕਰ ਦਿੱਤਾ ਗਿਆ। ਇਸ ਸੋਧ ਵਿਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੂੰ ਅਮਰੀਕੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਜਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਲਈ ਸੰਘੀ ਫੰਡਾਂ ਦੀ ਵਰਤੋਂ ਨਾ ਕਰਨ ਦਿੱਤੀ ਜਾਵੇ। ਇਹ ਸੋਧ ਡੈਮੋਕਰੈਟਿਕ ਸਾਂਸਦ ਪ੍ਰਾਮਿਲਾ ਜੈਯਾਪਾਲ ਵੱਲੋਂ ਲਿਆਂਦੀ ਗਈ ਸੀ ਤੇ ਜਿਸ ਦਾ ਡੈਮੋਕਰੈਟਿਕ ਸੰਸਦ ਮੈਂਬਰਾਂ ਨੇ ਇਕ ਆਵਾਜ਼ ਵਿਚ ਸਮਰਥਨ ਕੀਤਾ, ਜਦਕਿ ਸਮੁੱਚੇ ਰਿਪਬਲੀਕਨ ਸੰਸਦ ਮੈਂਬਰਾਂ ਨੇ ਇਸ ਵਿਰੁੱਧ ਵੋਟ ਪਾਈ। ਇਹ ਸੋਧ ਇਮੀਗ੍ਰੇਸ਼ਨ ਇੰਟੈਗਰਿਟੀ, ਸਕਿਉਰਿਟੀ ਐਂਡ ਇਨਫੋਰਸਮੈਂਟ ਬਾਰੇ ਸਬ ਕਮੇਟੀ ਦੀ ਅਹਿਮ ਮੈਂਬਰ ਪ੍ਰਾਮਿਲਾ ਜੈਯਾਪਾਲ (ਡੈਮੋਕਰੈਟਸ ਪ੍ਰਤੀਨਿੱਧ) ਵੱਲੋਂ ਪੇਸ਼ ਕੀਤੀ ਗਈ ਸੀ। ਇਸ ਸੋਧ ਵਿਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਦੇ ਦੂਸਰੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਪ੍ਰਸ਼ਾਸਨ ਦੁਆਰਾ ਹਾਲ ਹੀ ਵਿਚ ਅਮਰੀਕੀ ਸ਼ਹਿਰੀਆਂ ਨੂੰ ਗਲਤ ਤਰੀਕੇ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਜੈਯਾਪਾਲ ਨੇ ਕਿਹਾ ਕਿ ਅਜਿਹਾ ਕਰਨਾ ਗੈਰ ਸੰਵਿਧਾਨਕ ਤੇ ਖਤਰਨਾਕ ਹੈ ਤੇ ਬੁਨਿਆਦੀ ਤੌਰ 'ਤੇ ਗਲਤ ਹੈ। ਇਹ ਸੋਧ ਰੱਦ ਹੋਣ ਤੋਂ ਬਾਅਦ ਡੈਮੋਕਰੈਟਿਕ ਮੈਂਬਰ ਨਿਰਾਸ਼ ਹਨ। ਕੈਲੀਫੋਰਨੀਆ ਤੋਂ ਡੈਮੋਕਰੈਟਿਕ ਸਾਂਸਦ ਟੈਡ ਲਿਊ ਨੇ ਕਿਹਾ ਹੈ ਕਿ ਡੈਮੋਕਰੈਟਸ ਤੇ ਮੇਰੇ ਸਾਥੀ ਮੈਂਬਰ ਪ੍ਰਾਮਿਲਾ ਜੈਯਾਪਾਲ ਚਹੁੰਦੇ ਹਨ ਕਿ ਘੱਟੋ-ਘੱਟ ਅਮਰੀਕੀ ਸ਼ਹਿਰੀਆਂ ਨੂੰ ਦੇਸ਼ ਨਿਕਾਲਾ ਨਾ ਦਿੱਤਾ ਜਾਵੇ ਤੇ ਆਈ.ਸੀ.ਈ. ਨੂੰ ਅਜਿਹਾ ਕਰਨ ਤੋਂ ਰੋਕਿਆ ਜਾਵੇ ਕਿਉਂਕਿ ਆਈ.ਸੀ.ਈ. ਅਮਰੀਕੀ ਨਾਗਿਰਕਾਂ ਨੂੰ ਦੇਸ਼ ਨਿਕਾਲਾ ਨਹੀਂ ਦੇ ਸਕਦੀ। ਇਹ ਸਾਡਾ ਕਾਨੂੰਨ ਹੈ, ਇਹ ਸਾਡਾ ਸੰਵਿਧਾਨ ਹੈ। ਕੈਲੀਫੋਰਨੀਆ ਤੋਂ ਹੀ ਡੈਮੋਕਰੈਟਿਕ ਪ੍ਰਤੀਨਿੱਧ ਐਰਿਕ ਸਵਾਲਵੈਲ ਨੇ ਕਿਹਾ ਕਿ ਸੋਧ ਵਿਰੁੱਧ ਵੋਟ ਇਕ ਬਹੁਤ ਹੀ ਮੰਦਭਾਗੀ ਤੇ ਹੈਰਾਨੀਜਨਕ ਘਟਨਾ ਹੈ ਤੇ ਡੈਮੋਕਰੈਟਸ ਹੈਰਾਨ ਹਨ ਕਿ ਅਮਰੀਕੀ ਨਾਗਰਿਕਾਂ ਦੀ ਗੈਰ ਕਾਨੂੰਨੀ ਢੰਗ ਨਾਲ ਗ੍ਰਿਫਤਾਰੀ ਦੇ ਮੁੱਦੇ 'ਤੇ ਵੀ ਰਾਜਨੀਤੀ ਹੋ ਰਹੀ ਹੈ, ਜੋ ਸਰਾਸਰ ਗਲਤ ਹੈ। ਡੈਮੋਕਰੈਟਸ ਵੱਲੋਂ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਵਿਰੁੱਧ ਹੁਣ ਤੱਕ ਕੀਤੀਆਂ ਗਈਆਂ ਕੋਸ਼ਿਸ਼ਾਂ ਕਾਰਗਰ ਸਾਬਤ ਨਹੀਂ ਹੋਈਆਂ ਕਿਉਂਕਿ ਰਿਪਬਲੀਕਨ ਪੂਰੀ ਤਰ੍ਹਾਂ ਰਾਸ਼ਟਰਪਤੀ ਟਰੰਪ ਦੀ ਪਿੱਠ 'ਤੇ ਖੜ੍ਹੇ ਹਨ। ਡੈਮੋਕਰੈਟਸ ਨੇ ਮੰਗ ਕੀਤੀ ਹੈ ਕਿ ਆਈ.ਸੀ.ਈ. ਨੂੰ ਬਿਨਾਂ ਪ੍ਰਕ੍ਰਿਆ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਤੋਂ ਰੋਕਿਆ ਜਾਵੇ ਪਰੰਤੂ ਰਿਪਬਲੀਕਨ ਇਸ ਮੰਗ ਨਾਲ ਵੀ ਸਹਿਮਤ ਨਹੀਂ ਹਨ। ਡੈਮੋਕਰੈਟਸ ਦੀ ਚਿੰਤਾ ਹੈ ਕਿ ਟਰੰਪ ਪ੍ਰਸ਼ਾਸਨ ਆਈ.ਸੀ.ਈ. ਨੂੰ ਰਾਜਸੀ ਹਥਿਆਰ ਦੇ ਤੌਰ 'ਤੇ ਵਰਤ ਰਿਹਾ ਹੈ ਤੇ ਬਿਨਾਂ ਦਸਤਾਵੇਜ਼ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ ਦੇ ਨਾਲ-ਨਾਲ ਵਿਦਿਆਰਥੀਆਂ ਤੇ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀਆਂ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਵਿਦਿਆਰਥੀਆਂ ਦੇ ਵੀਜ਼ਾ ਰੁਤਬੇ ਨੂੰ ਖਤਮ ਕਰ ਦਿੱਤਾ ਗਿਆ ਹੈ। ਬਹੁਤ ਸਾਰੇ ਵਿਦਿਆਰਥੀਆਂ ਨੂੰ ਸਮੈਸਟਰ ਤੋਂ ਬਾਅਦ ਅਮਰੀਕਾ ਆਉਣ ਤੋਂ ਮਨਾਂ ਕਰ ਦਿੱਤਾ ਗਿਆ ਹੈ ਕਿਉਂਕਿ ਵਿਦੇਸ਼ ਵਿਭਾਗ ਨੇ ਉਨ੍ਹਾਂ ਦੇ ਵੀਜ਼ੇ ਬਹਾਲ ਕਰਨ ਤੋਂ ਨਾਂਹ ਕਰ ਦਿੱਤੀ ਹੈ। ਜੈਯਾਪਾਲ ਤੇ ਕਾਂਗਰਸ ਦੇ 142 ਮੈਂਬਰਾਂ ਨੇ ਇਕ ਸਾਂਝੇ ਪੱਤਰ 'ਚ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦੀ ਇਸ ਕਾਰਵਾਈ ਦਾ ਰਾਸ਼ਟਰੀ ਸੁਰੱਖਿਆ ਨਾਲ ਕੋਈ ਸਬੰਧ ਨਹੀਂ ਹੈ ਤੇ ਆਈ.ਸੀ.ਈ. ਨੂੰ ਰਾਜਸੀ ਵਿਰੋਧੀਆਂ ਵਿਰੁੱਧ ਹਥਿਆਰ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ।

# ਅਮਰੀਕਾ ਵੱਲੋਂ ਗ੍ਰੀਨ ਕਾਰਡ ਧਾਰਕਾਂ ਲਈ ਨਵਾਂ ਹੁਕਮ ਜਾਰੀ

**■ ਘਰੇਲੂ ਉਡਾਣਾਂ 'ਤੇ ਯਾਤਰਾ ਕਰਨ ਲਈ ਆਪਣੀ ਅਸਲ ਆਈ.ਡੀ. ਦਿਖਾਉਣ ਦੀ ਲੋੜ ਹੋਵੇਗੀ**

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਨੇ ਗ੍ਰੀਨ ਕਾਰਡਾਂ ਧਾਰਕਾਂ ਲਈ ਨਵਾਂ ਹੁਕਮ ਜਾਰੀ ਕਰ ਦਿੱਤਾ ਹੈ। ਨਵੇਂ ਹੁਕਮ ਮੁਤਾਬਕ ਜੇ ਤੁਸੀਂ ਅਮਰੀਕਾ ਵਿਚ ਰਹਿੰਦੇ ਹੋ ਅਤੇ ਤੁਹਾਡੇ ਕੋਲ ਗ੍ਰੀਨ ਕਾਰਡ ਹੈ, ਤਾਂ ਇਸ ਮਹੀਨੇ ਦੀ 7 ਤਰੀਕ ਤੋਂ ਤੁਹਾਨੂੰ ਘਰੇਲੂ ਉਡਾਣਾਂ 'ਤੇ ਯਾਤਰਾ ਕਰਨ ਲਈ ਆਪਣੀ ਅਸਲ ਆਈ.ਡੀ. ਦਿਖਾਉਣ ਦੀ ਲੋੜ ਹੋਵੇਗੀ। ਉਹ ਆਈ.ਡੀ. ਜੋ ਅਮਰੀਕਾ ਰਾਜ ਦੁਆਰਾ ਜਾਰੀ ਕੀਤੇ ਗਏ ਡਰਾਈਵਿੰਗ ਲਾਇਸੈਂਸ ਜਾਂ ਅਸਲ ਆਈ.ਡੀ. ਦੇ ਅਨੁਕੂਲ ਨਹੀਂ ਹੈ, ਨੂੰ ਹੁਣ ਹਵਾਈ ਅੱਡਿਆਂ 'ਤੇ ਵੈਧ ਪਛਾਣ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ।

ਇਸ ਮਹੀਨੇ ਦੀ 7 ਤਰੀਕ ਤੋਂ ਤੁਹਾਨੂੰ ਘਰੇਲੂ ਯਾਤਰਾ ਕਰਨ ਲਈ ਆਪਣੀ ਅਸਲ ਆਈ.ਡੀ. ਦਿਖਾਉਣ ਦੀ ਲੋੜ ਹੋਵੇਗੀ। ਇਸਦਾ ਮਤਲਬ ਹੈ ਕਿ ਜਦੋਂ ਤੁਸੀਂ 7 ਤਰੀਕ ਤੋਂ ਯਾਤਰਾ ਕਰ ਰਹੇ ਹੋ, ਤਾਂ ਤੁਹਾਨੂੰ ਇੱਕ ਸਵੀਕਾਰਯੋਗ ਵਿਕਲਪਿਕ ਪਛਾਣ ਪੱਤਰ, ਜਿਵੇਂ ਕਿ ਪਾਸਪੋਰਟ, ਨਾਲ ਯਾਤਰਾ ਕਰਨੀ ਚਾਹੀਦੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ ਛੱਡਣ ਵਾਲੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ 1000 ਡਾਲਰ ਦੇਣ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ 'ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਉਨ੍ਹਾਂ ਪ੍ਰਵਾਸੀਆਂ ਨੂੰ 1,000 ਡਾਲਰ ਦੀ ਰਕਮ ਦੇਣਗੇ, ਜੋ ਆਪਣੇ ਆਪ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹਨ। ਇਹ ਐਲਾਨ ਉਸ ਸਮੇਂ ਆਇਆ ਹੈ, ਜਦੋਂ ਪ੍ਰਸ਼ਾਸਨ ਸਮੂਹਿਕ ਨਿਕਾਸੀ ਦੇ ਏਜੰਡੇ ਨੂੰ ਅੱਗੇ ਵਧਾ ਰਿਹਾ ਹੈ। ਹੋਮਲੈਂਡ ਸੁਰੱਖਿਆ ਵਿਭਾਗ ਨੇ ਸੋਮਵਾਰ ਨੂੰ ਕਿਹਾ ਕਿ ਉਹ ਯਾਤਰਾ ਸਹਾਇਤਾ ਲਈ ਵੀ ਭੁਗਤਾਨ ਕਰ ਰਿਹਾ ਹੈ ਅਤੇ ਜੋ ਲੋਕ ਸੀ.ਬੀ.ਪੀ. ਹੋਮ ਐਪ ਦੀ ਵਰਤੋਂ ਕਰਕੇ ਸਰਕਾਰ ਨੂੰ ਦੱਸਦੇ ਹਨ ਕਿ ਉਹ ਘਰ ਵਾਪਸ ਜਾਣ ਦੀ ਯੋਜਨਾ ਬਣਾ ਰਹੇ ਹਨ, ਉਨ੍ਹਾਂ ਨੂੰ ਇਮੀਗ੍ਰੇਸ਼ਨ ਇਨਫੋਰਸਮੈਂਟ ਦੁਆਰਾ ਗ੍ਰਿਫਤਾਰੀ ਅਤੇ ਨਿਕਾਸੀ ਲਈ ਤਰਜੀਹ ਸੂਚੀ ਤੋਂ ਹਟਾ ਦਿੱਤਾ ਜਾਵੇਗਾ।



ਜੇਕਰ ਤੁਸੀਂ ਇੱਥੇ ਗੈਰ-ਕਾਨੂੰਨੀ ਤਰੀਕੇ ਨਾਲ ਹੋ, ਤਾਂ ਸਵੈ ਇੱਛਾ ਨਿਕਾਸੀ ਗ੍ਰਿਫਤਾਰੀ ਤੋਂ ਬਚਣ ਅਤੇ ਅਮਰੀਕਾ ਛੱਡਣ ਦਾ ਸਭ ਤੋਂ ਵਧੀਆ, ਸੁਰੱਖਿਅਤ ਅਤੇ ਸਸਤਾ ਤਰੀਕਾ ਹੈ। ਡੀ.ਐੱਚ.ਐੱਸ. ਹੁਣ ਸੀ.ਬੀ.ਪੀ. ਹੋਮ ਐਪ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਵਿਦੇਸ਼ੀਆਂ ਨੂੰ ਵਿੱਤੀ ਯਾਤਰਾ ਸਹਾਇਤਾ ਅਤੇ ਉਨ੍ਹਾਂ ਦੇ ਮੂਲ ਦੇਸ਼ ਵਾਪਸ ਜਾਣ ਲਈ ਵਜ਼ੀਫਾ ਦੇ ਰਿਹਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਇਨਫੋਰਸਮੈਂਟ ਅਤੇ ਅਮਰੀਕਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਪ੍ਰਵਾਸੀਆਂ ਦੇ ਸਮੂਹਿਕ ਨਿਕਾਸੀ ਨੂੰ ਆਪਣੇ ਮੁਹਿੰਮ ਦਾ ਮੁੱਖ ਬਿੰਦੂ ਬਣਾਇਆ ਹੈ, ਪਰ ਇਹ ਇਕ ਮਹਿੰਗਾ ਅਤੇ ਸਾਧਨ-ਗਹਿਰਾ ਯਤਨ ਹੈ।

## ਤੀਜੀ ਵਾਰ ਚੋਣ ਲੜਨ ਦਾ ਕੋਈ ਵੀ ਇਰਾਦਾ ਨਹੀਂ : ਡੋਨਾਲਡ ਟਰੰਪ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦਾ ਅਮਰੀਕੀ ਰਾਸ਼ਟਰਪਤੀ ਦੇ ਵਜੋਂ ਤੀਜੀ ਵਾਰ ਚੋਣ ਲੜਨ ਦਾ ਕੋਈ ਵੀ ਇਰਾਦਾ ਨਹੀਂ ਹੈ। ਐੱਨ.ਬੀ.ਸੀ. ਨਿਊਜ਼ ਦੇ ਨਾਲ ਇੱਕ ਇੰਟਰਵਿਊ ਵਿਚ ਉਸਨੇ ਕਿਹਾ ਕਿ ਉਸਨੇ ਇਸ ਬਾਰੇ ਨਹੀਂ ਸੋਚਿਆ ਸੀ। ਉਸਨੇ ਕਿਹਾ ਕਿ ਉਹ ਚਾਹੁੰਦਾ ਹੈ ਕਿ ਅਗਲੇ ਚਾਰ ਸਾਲ ਮੇਰੇ ਰਾਜ ਲੋਕਾਂ ਲਈ ਅੱਛੇ ਦਿਨ ਹੋਣਗੇ। ਟਰੰਪ ਨੇ ਕਿਹਾ ਕਿ ਉਹ ਉਨ੍ਹਾਂ ਨਤੀਜਿਆਂ ਨੂੰ ਇੱਕ ਆਪਣੀ ਮਹਾਨ ਰਿਪਬਲਿਕਨ ਪਾਰਟੀ ਨੂੰ ਸੌਂਪਣਾ ਚਾਹੁੰਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ 'ਚ ਅੰਤਰਰਾਸ਼ਟਰੀ ਵਿਦਿਆਰਥੀ ਛੁੱਟੀਆਂ ਦੌਰਾਨ ਯਾਤਰਾ ਬਾਰੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਕਰ ਰਹੇ ਨੇ ਪੁੱਛਗਿੱਛ

**■ ਟਰੰਪ ਦੀ ਸਖਤ ਨੀਤੀਆਂ ਕਾਰਨ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਏ ਅੰਤਰਰਾਸ਼ਟਰੀ ਵਿਦਿਆਰਥੀ**

**ਸੈਨ ਡਿਆਗੋ, (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤ ਨੀਤੀਆਂ ਕਾਰਨ ਅੰਤਰਰਾਸ਼ਟਰੀ ਵਿਦਿਆਰਥੀ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਏ ਹਨ। ਪਰਿਵਾਰ ਨੂੰ ਮਿਲਣ, ਛੁੱਟੀਆਂ ਮਨਾਉਣ ਜਾਂ ਖੋਜ ਕਰਨ ਲਈ ਗਰਮੀਆਂ ਦੀ ਯਾਤਰਾ ਕਰਨ ਸਬੰਧੀ ਵਿਚਾਰ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਟਰੰਪ ਪ੍ਰਸ਼ਾਸਨ ਦੀ ਸਖ਼ਤੀ ਕਾਰਨ ਦੋ ਵਾਰ ਸੋਚ ਰਹੇ ਹਨ, ਜਿਸ ਨੇ ਅਸੁਰੱਖਿਆ ਦੀ ਭਾਵਨਾ ਨੂੰ ਵਧਾ ਦਿੱਤਾ ਹੈ।

ਵਿਦਿਆਰਥੀਆਂ ਦੇ ਅਚਾਨਕ ਅਮਰੀਕਾ ਵਿਚ ਪੜ੍ਹਾਈ ਕਰਨ ਦੀ ਇਜਾਜ਼ਤ ਗੁਆਉਣ ਤੋਂ ਪਹਿਲਾਂ ਹੀ ਕੁਝ ਕਾਲਜ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਯਾਤਰਾ ਮੁਲਤਵੀ ਕਰਨ ਲਈ ਉਤਸ਼ਾਹਿਤ ਕਰ ਰਹੇ ਸਨ, ਜਿਸ ਵਿਚ ਫਲਸਤੀਨ ਪੱਖੀ ਸਰਗਰਮੀ ਵਿਚ ਸ਼ਾਮਲ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਸਰਕਾਰੀ ਯਤਨਾਂ ਦਾ ਹਵਾਲਾ ਦਿੱਤਾ ਗਿਆ ਸੀ। ਜਿਵੇਂ ਕਿ ਹਾਲ ਹੀ ਦੇ ਹਫ਼ਤਿਆਂ ਵਿਚ ਸਟੇਟਸ ਸਮਾਪਤੀ ਦਾ ਪੈਮਾਨਾ ਸਾਹਮਣੇ ਆਇਆ ਹੈ, ਹੋਰ ਸਕੂਲਾਂ ਨੇ ਵੀ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਿਦੇਸ਼ ਵਿਚ ਗੈਰ-ਜ਼ਰੂਰੀ ਯਾਤਰਾ ਵਿਰੁੱਧ ਸਾਵਧਾਨ ਕੀਤਾ ਹੈ।

ਉਦਾਹਰਨ ਲਈ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਨੇ ਪਿਛਲੇ ਹਫ਼ਤੇ ਇੱਕ ਸਲਾਹ ਜਾਰੀ ਕੀਤੀ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਆਉਣ ਵਾਲੀ ਅੰਤਰਰਾਸ਼ਟਰੀ ਯਾਤਰਾ "ਸਖਤ ਜਾਂਚ ਅਤੇ ਲਾਗੂਕਰਨ" ਕਾਰਨ ਜ਼ੋਖਮ ਭਰੀ ਹੈ। ਯੂਨੀਵਰਸਿਟੀ ਦੇ ਬਿਆਨਾਂ, ਸਕੂਲ ਅਧਿਕਾਰੀਆਂ ਨਾਲ ਪੱਤਰ ਵਿਹਾਰ ਅਤੇ ਅਦਾਲਤੀ ਰਿਕਾਰਡਾਂ ਦੀ ਐਸੋਸੀਏਟਿਡ ਪ੍ਰੈੱਸ ਸਮੀਖਿਆ ਅਨੁਸਾਰ ਮਾਰਚ ਦੇ ਅਖੀਰ ਤੋਂ 187 ਕਾਲਜਾਂ, ਯੂਨੀਵਰਸਿਟੀਆਂ ਅਤੇ ਯੂਨੀਵਰਸਿਟੀ ਪ੍ਰਣਾਲੀਆਂ ਦੇ ਘੱਟੋ-ਘੱਟ 1,220 ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ ਗਏ ਹਨ ਜਾਂ ਕਾਨੂੰਨੀ ਸਥਿਤੀ ਖਤਮ ਕਰ ਦਿੱਤੀ ਗਈ ਹੈ।

ਹਾਲਾਂਕਿ ਪ੍ਰਭਾਵਿਤ ਵਿਦਿਆਰਥੀਆਂ ਦੀ ਗਿਣਤੀ ਕਿਤੇ ਜ਼ਿਆਦਾ ਜਾਪਦੀ ਹੈ। ਕਾਂਗਰਸ ਤੋਂ ਪੁੱਛਗਿੱਛਾਂ ਦੇ 10 ਅਪ੍ਰੈਲ ਨੂੰ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦੇ ਜਵਾਬ ਅਨੁਸਾਰ ਘੱਟੋ-ਘੱਟ 4,736 ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ਾ ਰਿਕਾਰਡ ਇੱਕ ਸਰਕਾਰੀ ਡੇਟਾਬੇਸ ਵਿਚ ਖਤਮ ਕਰ ਦਿੱਤੇ ਗਏ ਸਨ, ਜੋ ਉਨ੍ਹਾਂ ਦੀ ਕਾਨੂੰਨੀ ਸਥਿਤੀ ਨੂੰ ਬਣਾਈ ਰੱਖਦਾ ਹੈ। ਤੇਜ਼ੀ ਨਾਲ ਵਿਕਸਤ ਹੋ ਰਹੀ ਸਥਿਤੀ ਨੇ ਕਾਲਜਾਂ ਨੂੰ ਵਿਦਿਆਰਥੀਆਂ ਨੂੰ ਸਲਾਹ ਦੇਣ ਲਈ ਮਜਬੂਰ ਕਰ ਦਿੱਤਾ ਹੈ।

ਮਿਸ਼ੀਗਨ ਕਾਲਜ ਦਾ ਇੱਕ ਕਰਮਚਾਰੀ, ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੀਜ਼ਾ ਪ੍ਰਕਿਰਿਆ ਵਿਚ ਨੈਵੀਗੇਟ ਕਰਨ ਵਿਚ ਮਦਦ ਕਰਦਾ ਹੈ, ਨੇ ਕਿਹਾ ਕਿ ਵਿਦਿਆਰਥੀ ਗਰਮੀਆਂ ਦੀ ਯਾਤਰਾ ਬਾਰੇ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪੁੱਛਗਿੱਛ ਕਰ ਰਹੇ ਹਨ। ਪਿਛਲੇ ਸਾਲ ਅਮਰੀਕਾ ਨੇ ਲਗਭਗ 1.1 ਮਿਲੀਅਨ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੇਜ਼ਬਾਨੀ ਕੀਤੀ, ਜੋ ਕਿ ਬਹੁਤ ਸਾਰੇ ਸਕੂਲਾਂ ਵਿਚ ਜ਼ਰੂਰੀ ਟਿਊਸ਼ਨ ਮਾਲੀਆ ਦਾ ਇੱਕ ਸਰੋਤ ਹੈ। ਵਕੀਲਾਂ ਦਾ ਕਹਿਣਾ ਹੈ ਕਿ ਇਹ ਗਿਣਤੀ ਸੁੰਗੜਨ ਦੀ ਸੰਭਾਵਨਾ ਹੈ ਕਿਉਂਕਿ ਕਰੈਕਡਾਊਨ ਅਮਰੀਕਾ ਦੀ ਅਪੀਲ ਨੂੰ ਨੁਕਸਾਨ ਪਹੁੰਚਾਉਂਦਾ ਹੈ।

**Editorial Board**

**Chief Editor**
**Gurjatinder S. Randhawa**

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Sanjeev Khanna

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਵਾਸ਼ਿੰਗਟਨ ਸਮੇਤ ਸਮੁੱਚੇ ਅਮਰੀਕਾ ’ਚ ਟਰੰਪ ਦੀਆਂ ਨੀਤੀਆਂ ਵਿਰੁੱਧ ਜ਼ਬਰਦਸਤ ਪ੍ਰਦਰਸ਼ਨ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਵਾਸ਼ਿੰਗਟਨ, ਡੀ.ਸੀ. ਸਮੇਤ ਸਮੁੱਚੇ ਅਮਰੀਕਾ ’ਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਅਤੇ ਉਸ ਦਾ ਸਮਰਥਨ ਕਰ ਰਹੇ ਅਰਬਪਤੀਆਂ ਵਿਰੁੱਧ ਜ਼ਬਰਦਸਤ ਪ੍ਰਦਰਸ਼ਨ ਕੀਤੇ ਗਏ। ਬੁਲਾਰਿਆਂ ਨੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਕੰਮਕਾਜ਼ੀ ਲੋਕਾਂ ਵਿਰੁੱਧ ਜੰਗ ਕਰਾਰ ਦਿੱਤਾ। ਇਤਿਹਾਸਕ ਮਈ ਦਿਵਸ ਜਾਂ ਕਿਰਤੀਆਂ ਦੇ ਕੌਮਾਂਤਰੀ ਦਿਵਸ ਮੌਕੇ ਕੀਤੇ ਗਏ ਇਨ੍ਹਾਂ ਪ੍ਰਦਰਸ਼ਨਾਂ ’ਚ ਲੱਖਾਂ ਲੋਕਾਂ ਨੇ ਹਿੱਸਾ ਲਿਆ ਤੇ ਟਰੰਪ ਪ੍ਰਸ਼ਾਸਨ ਵਿਰੁੱਧ ਆਪਣੇ ਵਿਰੋਧ ਦਾ ਪ੍ਰਗਟਾਵਾ ਕੀਤਾ। ਹਰੇਕ ਰਾਜ ਵਿਚ 1000 ਤੋਂ ਵਧ ਪ੍ਰਦਰਸ਼ਨ ਤੇ ਰੈਲੀਆਂ ਹੋਈਆਂ, ਜਿਨ੍ਹਾਂ ਵਿਚ ਕਿਰਤੀ ਯੂਨੀਅਨਾਂ, ਵਿਦਿਆਰਥੀ ਸੰਗਠਨਾਂ ਤੇ ਹੋਰ ਸਮਾਜਿਕ ਸੰਸਥਾਵਾਂ ਨਾਲ ਜੁੜੇ ਲੋਕਾਂ ਨੇ ਹਿੱਸਾ ਲਿਆ। ਵਾਸ਼ਿੰਗਟਨ ਡੀ.ਸੀ. ’ਚ ਨੈਸ਼ਨਲ ਮਾਲ ’ਤੇ “ਮੇ ਡੇਅ ਮੂਵਮੈਂਟ ਯੂ.ਐੱਸ.ਏ.” ਦੇ ਨਾਂ ਹੇਠ ਇਕ ਵੱਡਾ ਇਕੱਠਾ ਹੋਇਆ। ਨਿਊਯਾਰਕ ’ਚ ਰੈਲੀ ਨੂੰ ਅਲੈਗਜੰਡਰੀਆ ਓਕੈਸੀਓ ਕੋਰਟਜ਼ ਨੇ ਸੰਬੋਧਨ ਕੀਤਾ, ਜਦਕਿ ਫਿਲਾਡੈਲਫੀਆ ਵਿਚ ਸੈਨੇਟਰ ਬਰਨੀ ਸੈਂਡਰਜ਼ ਕਾਮਿਆਂ ਦੇ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਹੋਏ। ਸੈਂਡਰਜ਼ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਡੇ ਇਤਿਹਾਸ ਵਿਚ ਕਦੀ ਵੀ ਏਦਾਂ ਨਹੀਂ ਹੋਇਆ ਕਿ ਕੁਝ ਲੋਕਾਂ ਦੀ ਮੁੱਠੀ ’ਚ ਰਾਜਸੀ ਸੱਤਾ ਬੰਦ ਹੋਈ ਹੋਵੇ। ਆਮ ਅਮਰੀਕੀਆਂ ਲਈ ਜੀਣਾ ਮੁਸ਼ਕਿਲ ਹੋ ਗਿਆ ਹੈ ਤੇ ਉਹ ਬੇਰੁਜ਼ਗਾਰੀ ਦੇ ਆਲਮ ਵਿਚ ਇਧਰ-ਉਧਰ ਫਿਰ ਰਹੇ ਹਨ। ਰੈਲੀਆਂ ਦੇ ਪ੍ਰਬੰਧਕਾਂ ਨੇ ਦੋਸ਼ ਲਾਇਆ ਕਿ ਟਰੰਪ ਪ੍ਰਸ਼ਾਸਨ, ਮਸਕ ਤੇ ਉਨ੍ਹਾਂ ਦੇ ਅਮੀਰ ਜੋਟੀਦਾਰਾਂ ਨੇ ਆਮ ਅਮਰੀਕੀਆਂ ਦਾ ਜੀਣਾ ਮੁਸ਼ਕਿਲ ਕਰ ਦਿੱਤਾ ਹੈ। ਉਹ ਕਿਰਤੀਆਂ ਦੇ ਹੱਕਾਂ ਨੂੰ ਖਤਮ ਕਰ ਰਹੇ ਹਨ, ਕਿਰਤੀਆਂ ਦੀਆਂ ਯੂਨੀਅਨਾਂ ਨੂੰ ਤੋੜਨ ਦੇ ਯਤਨ ’ਚ ਹਨ ਤੇ ਪ੍ਰਵਾਸੀਆਂ ਦੀ ਆਵਾਜ਼ ਬੰਦ ਕਰ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿਚ ਟਰੰਪ ਪ੍ਰਸ਼ਾਸਨ ਵਿਰੁੱਧ ਬੈਨਰ ਫੜੇ ਹੋਏ ਸਨ, ਜਿਨ੍ਹਾਂ ਉਪਰ ਨੌਕਰੀਆਂ ਵਿਚ ਕਟੌਤੀ ਤੇ ਪ੍ਰਵਾਸੀਆਂ ਦੇ ਗਲਤ ਢੰਗ ਨਾਲ ਦੇਸ਼ ਨਿਕਾਲੇ ਦੇ ਵਿਰੁੱਧ ਨਾਅਰੇ ਲਿਖੇ ਹੋਏ ਸਨ। ਕਈ ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਝੰਡਾ ਉਲਟਾ ਲਹਿਰਾਇਆ ਹੋਇਆ ਸੀ, ਜਿਸ ਦਾ ਅਰਥ ਹੈ ਕਿ ਦੇਸ਼ ਵਿਚ ਸੰਕਟ ਹੈ।




ਅਮਰੀਕਾ ’ਚ ਹੋਏ ਪ੍ਰਦਰਸ਼ਨਾਂ ਦੇ ਦ੍ਰਿਸ਼।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**

# ਅਮਰੀਕੀ ਸਰਹੱਦ ’ਤੇ ਇਕੱਲੇ ਰਹਿ ਗਏ ਭਾਰਤੀ ਬੱਚਿਆਂ ਦੀ ਗਿਣਤੀ ’ਚ ਲਗਾਤਾਰ ਹੋ ਰਿਹੈ ਵਾਧਾ

**■ 6 ਤੋਂ 17 ਸਾਲ ਦੀ ਉਮਰ ਦੇ ਬੱਚੇ ਸਰਹੱਦ ’ਤੇ ਪਾਏ ਗਏ**

ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕੀ ਸਰਹੱਦ ’ਤੇ ਇਕੱਲੇ ਰਹਿ ਗਏ ਭਾਰਤੀ ਬੱਚਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਜੋ ਬਿਨਾਂ ਕਿਸੇ ਦਸਤਾਵੇਜ਼ ਦੇ ਜਾਂ ਆਪਣੇ ਸਰਪ੍ਰਸਤਾਂ ਤੋਂ ਬਿਨਾਂ ਵੀ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਅਮਰੀਕੀ ਕਸਟਮਜ਼ ਅਤੇ ਸਰਹੱਦੀ ਸੁਰੱਖਿਆ (ਸੀ.ਬੀ.ਪੀ.) ਦੇ ਅੰਕੜਿਆਂ ਅਨੁਸਾਰ ਅਕਤੂਬਰ 2024 ਤੋਂ ਇਸ ਸਾਲ ਫਰਵਰੀ ਤੱਕ ਅਮਰੀਕੀ ਸਰਹੱਦ ’ਤੇ ਬਿਨਾਂ ਕਿਸੇ ਸਾਥ ਦੇਣ ਵਾਲੇ 77 ਭਾਰਤੀ ਬੱਚਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਜਿਵੇਂ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਹੁੰ ਚੁੱਕੀ, ਉਨ੍ਹਾਂ ਨੇ ਮੈਕਸੀਕੋ ਸਰਹੱਦ ’ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਅਤੇ ਫੌਜ ਤਾਇਨਾਤ ਕਰ ਦਿੱਤੀ। ਇਸ ਤੋਂ ਇਲਾਵਾ ਟੈਰਿਫ ਦੀ ਧਮਕੀ ਤੋਂ ਬਾਅਦ ਕੈਨੇਡਾ ਨੇ ਆਪਣੀ ਸਰਹੱਦ ’ਤੇ ਵੀ ਸੁਰੱਖਿਆ ਸਖ਼ਤ ਕਰ ਦਿੱਤੀ ਹੈ। ਜਿਸ ਕਾਰਨ ਗੈਰ-ਕਾਨੂੰਨੀ ਸਰਹੱਦ ਪਾਰ ਕਰਨਾ ਲਗਭਗ ਠੱਪ ਹੋ ਗਿਆ ਹੈ। ਪਰ ਹਾਲ ਹੀ ਦੇ ਸਮੇਂ ਵਿਚ ਮੈਕਸੀਕੋ ਅਤੇ ਕੈਨੇਡਾ ਨਾਲ ਲੱਗਦੀ ਅਮਰੀਕੀ ਸਰਹੱਦ ’ਤੇ ਬਿਨਾਂ ਸਾਥ ਵਾਲੇ ਬੱਚਿਆਂ ਦੀ ਗਿਣਤੀ ਵਧੀ ਹੈ, ਜਿਸ ਵਿਚ ਭਾਰਤੀ ਬੱਚੇ ਵੀ ਸ਼ਾਮਲ ਹਨ। ਅਕਸਰ 12 ਤੋਂ 17 ਸਾਲ ਦੀ ਉਮਰ ਦੇ ਬੱਚੇ ਸਰਹੱਦ ’ਤੇ ਪਾਏ ਜਾਂਦੇ ਹਨ ਅਤੇ ਕੁਝ ਮਾਮਲਿਆਂ ਵਿਚ ਛੇ ਸਾਲ ਦੇ ਬੱਚੇ ਵੀ ਮਿਲੇ ਹਨ। ਮੀਡੀਆ ਰਿਪੋਰਟ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਜਾਣਬੁੱਝ ਕੇ ਇਕੱਲੇ ਛੱਡ ਦਿੱਤਾ ਗਿਆ ਸੀ। ਉਨ੍ਹਾਂ ਕੋਲ ਕੁਝ ਵੀ ਨਹੀਂ ਹੈ ਸਿਵਾਏ ਇੱਕ ਛੋਟੇ ਜਿਹੇ ਕਾਗਜ਼ ਦੇ ਟੁਕੜੇ ਦੇ ਜਿਸ ’ਤੇ ਉਨ੍ਹਾਂ ਦੇ ਮਾਪਿਆਂ ਦੇ ਨਾਮ ਅਤੇ ਸੰਪਰਕ ਵੇਰਵੇ ਲਿਖੇ ਹੋਏ ਹਨ। ਜਿਨ੍ਹਾਂ ਵਿਚ ਬਹੁਤ ਸਾਰੇ ਗੁਜਰਾਤੀ-ਭਾਰਤੀ ਵੀ ਇਸ ਤਰੀਕੇ ਨਾਲ ਆਪਣੇ ਬੱਚਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਲੈ ਕੇ ਆਏ ਹਨ।

ਗੁਜਰਾਤ ਦੇ ਪੇਂਡੂ ਖੇਤਰਾਂ ਖਾਸ ਕਰਕੇ ਝੁਲਸਣ, ਮੋਕਾਸਨ, ਨਰਦੀਪੁਰ, ਡਿੰਗੂਚਾ, ਵਡੂ ਅਤੇ ਕਯਾਲ ਵਰਗੇ ਪਿੰਡਾਂ ਵਿਚ ਅਜਿਹੇ ਬਹੁਤ ਸਾਰੇ ਮਾਮਲੇ ਹਨ। ਜਿੱਥੇ ਮਾਪੇ ਪਹਿਲਾਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚਦੇ ਹਨ ਅਤੇ ਫਿਰ ਇਸ ਤਰੀਕੇ ਨਾਲ ਆਪਣੇ ਬੱਚਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਵਾਪਸ ਲਿਆਉਂਦੇ ਹਨ। ਕੁਝ ਗੁਜਰਾਤੀ ਪਰਿਵਾਰਾਂ ਨੇ ਜੋ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਆਵਾਸ ਕੀਤਾ ਸੀ, ਨੇ ਮੰਨਿਆ ਹੈ ਕਿ ਉਨ੍ਹਾਂ ਨੇ ਵੀ ਇਹੀ ਚਾਲ ਅਪਣਾਈ ਸੀ। ਮਹਿਸਾਣਾ ਦੇ ਕਾਦੀ ਤੋਂ ਇੱਕ ਜੋੜਾ 2019 ਵਿਚ ਗੈਰ-ਕਾਨੂੰਨੀ ਤੌਰ ’ਤੇ ਅਟਲਾਂਟਾ ਚਲਾ ਗਿਆ ਅਤੇ ਆਪਣੇ ਦੋ ਸਾਲ ਦੇ ਪੁੱਤਰ ਨੂੰ ਭਾਰਤ ਵਿਚ ਰੱਖਿਆ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਂਮਾਰੀ ਕਾਰਨ ਯਾਤਰਾ ਕਰਨਾ ਮੁਸ਼ਕਲ ਹੋ ਗਿਆ ਸੀ। 2022 ਵਿਚ ਜਦੋਂ ਉਸਦਾ ਇੱਕ ਚਚੇਰਾ ਭਰਾ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਆ ਰਿਹਾ ਸੀ, ਤਾਂ ਉਸਨੇ ਆਪਣੇ ਪੁੱਤਰ ਨੂੰ ਨਾਲ ਲਿਆਉਣ ਲਈ ਕਿਹਾ। ਉਸ ਸਮੇਂ ਉਨ੍ਹਾਂ ਦਾ ਪੁੱਤਰ ਪੰਜ ਸਾਲ ਦਾ ਸੀ। ਜਿਵੇਂ ਕਿ ਉਸਦੇ ਚਚੇਰੇ ਭਰਾ ਨੇ ਕਿਹਾ ਸੀ, ਉਸਦਾ ਪੁੱਤਰ ਟੈਕਸਾਸ ਨੇੜੇ ਸਰਹੱਦ ’ਤੇ ਇਕੱਲਾ ਰਹਿ ਗਿਆ ਸੀ। ਇੱਕ ਅਮਰੀਕੀ ਅਧਿਕਾਰੀ ਨੇ ਬੱਚੇ ਨੂੰ ਦੇਖਿਆ। ਬਾਅਦ ਵਿਚ ਉਸ ਨੂੰ ਲੱਭ ਲਿਆ। ਬਾਰਡਰ ਅਧਿਕਾਰੀਆਂ ਨੇ ਉਸਦੇ ਕੋਲ ਮੌਜੂਦ ਇੱਕ ਨੋਟ ਜੋ ਅਮਰੀਕੀ ਸਰਹੱਦ ’ਤੇ ਦੇਖਿਆ ਜਾ ਰਿਹਾ ਹੈ। ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੇ ਅੰਕੜਿਆਂ ਅਨੁਸਾਰ ਸਾਲ ਅਕਤੂਬਰ 2024 ਤੋਂ ਫਰਵਰੀ ਤੱਕ 77 ਭਾਰਤੀ ਬੱਚੇ ਜੋ ਆਪਣੇ ਮਾਪਿਆਂ ਜਾਂ ਸਰਪ੍ਰਸਤਾਂ ਤੋਂ ਬਿਨਾਂ ਇਕੱਲੇ ਸਨ, ਨੂੰ ਅਮਰੀਕੀ ਸਰਹੱਦ ’ਤੇ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਵਿਚੋਂ ਜ਼ਿਆਦਾਤਰ ਕਿਸ਼ੋਰ ਸਨ, ਪਰ ਉਨ੍ਹਾਂ ਨੂੰ ਜਾਣਬੁੱਝ ਕੇ ਅਮਰੀਕਾ-ਮੈਕਸੀਕੋ ਸਰਹੱਦ ’ਤੇ ਇਕੱਲੇ ਛੱਡ ਦਿੱਤਾ ਗਿਆ ਸੀ। ਹਾਲਾਂਕਿ ਅਜਿਹੇ ਬੱਚਿਆਂ ਦੀ ਗਿਣਤੀ ਨਾ ਸਿਰਫ਼ ਅਮਰੀਕਾ-ਮੈਕਸੀਕੋ ਸਰਹੱਦ ’ਤੇ, ਸਗੋਂ ਕੈਨੇਡੀਅਨ ਸਰਹੱਦ ’ਤੇ ਵੀ ਪਾਈ ਜਾਂਦੀ ਹੈ, ਜਿਥੋਂ ਦਾ ਮਾਹੌਲ ਬਹੁਤ ਜ਼ਿਆਦਾ ਠੰਢਾ ਹੈ, ਕਾਫ਼ੀ ਮਹੱਤਵਪੂਰਨ ਹੈ। ਸੀ.ਬੀ.ਪੀ ਦੇ ਅੰਕੜਿਆਂ ਅਨੁਸਾਰ 77 ਭਾਰਤੀ ਬੱਚਿਆਂ ਨੂੰ ਅਮਰੀਕੀ ਸਰਹੱਦ ’ਤੇ ਛੱਡੇ ਜਾਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿਚੋਂ 53 ਨੂੰ ਮੈਕਸੀਕੋ ਨਾਲ ਲੱਗਦੀ ਦੱਖਣੀ ਸਰਹੱਦ ’ਤੇ ਫੜਿਆ ਗਿਆ ਸੀ, ਜਦੋਂ ਕਿ 22 ਨੂੰ ਕੈਨੇਡੀਅਨ ਸਰਹੱਦ ’ਤੇ ਫੜਿਆ ਗਿਆ ਸੀ ਅਤੇ ਕੁਝ ਨੂੰ ਅਮਰੀਕਾ ਵਿਚ ਫੜਿਆ ਗਿਆ ਸੀ। ਗੌਰਤਲਬ ਹੈ ਕਿ ਕੈਨੇਡੀਅਨ ਸਰਹੱਦ ਤੋਂ ਅਮਰੀਕਾ ਵਿਚ ਦਾਖਲ ਹੋਣ ਵਿਚ ਸਭ ਤੋਂ ਵੱਡੀ ਚੁਣੌਤੀ ਮੌਸਮ ਹੈ, ਜਿੱਥੇ ਬਹੁਤ ਜ਼ਿਆਦਾ ਠੰਡ ਅਤੇ ਬਰਫ਼ ਘਾਤਕ ਹੋ ਸਕਦੀ ਹੈ ਅਤੇ 2022 ਵਿਚ ਡਿੰਗੂਚਾ ਦੇ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਦੀ ਹੱਡੀਆਂ ਨੂੰ ਜਮ੍ਹਾ ਦੇਣ ਵਾਲੀ ਠੰਢ ਵਿਚ ਕੈਨੇਡੀਅਨ ਸਰਹੱਦ ਪਾਰ ਕਰਕੇ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਦੁਖਦਾਈ ਮੌਤ ਹੋ ਗਈ ਸੀ। 2025 ਦੇ ਵਿਚਕਾਰ ਕੁੱਲ 1,656 ਬਿਨਾਂ ਸਾਥ ਵਾਲੇ ਭਾਰਤੀ ਬੱਚੇ ਅਮਰੀਕਾ ਵਿਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਸਨ।



# ਅਮਰੀਕਾ ਸਰਕਾਰ ਦੀ ਨਵੀਂ ਨੀਤੀ : ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਾਨੂੰਨੀ ਸਥਿਤੀ ਨੂੰ ਕੀਤਾ ਖਤਮ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਆਪਣੀ ਕਾਰਵਾਈ ਬਾਰੇ ਨਵੇਂ ਵੇਰਵੇ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਇਸਨੇ ਹਜ਼ਾਰਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਤੇ ਉਨ੍ਹਾਂ ਦੀ ਕਾਨੂੰਨੀ ਸਥਿਤੀ ਨੂੰ ਖਤਮ ਕਰਨ ਲਈ ਆਧਾਰ ਬਣਾਇਆ। ਕੁਝ ਵਿਦਿਆਰਥੀਆਂ ਵੱਲੋਂ ਦਾਇਰ ਕੀਤੇ ਗਏ ਮੁਕੱਦਮਿਆਂ ਵਿਚ ਨਵੇਂ ਵੇਰਵੇ ਸਾਹਮਣੇ ਆਏ ਹਨ, ਜਿਨ੍ਹਾਂ ਦੇ ਸਟੇਟਸ ਹਾਲ ਹੀ ਦੇ ਹਫ਼ਤਿਆਂ ਵਿਚ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਅਚਾਨਕ ਰੱਦ ਕਰ ਦਿੱਤੇ ਗਏ ਸਨ। ਪਿਛਲੇ ਮਹੀਨੇ ਅਮਰੀਕਾ ਭਰ ਦੇ ਵਿਦੇਸ਼ੀ ਵਿਦਿਆਰਥੀ ਇਹ ਜਾਣ ਕੇ ਹੈਰਾਨ ਰਹਿ ਗਏ ਕਿ ਉਨ੍ਹਾਂ ਦੇ ਰਿਕਾਰਡ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦੁਆਰਾ ਰੱਖੇ ਗਏ ਵਿਦਿਆਰਥੀ ਡੇਟਾਬੇਸ ਤੋਂ ਹਟਾ ਦਿੱਤੇ ਗਏ ਹਨ। ਕੁਝ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਫੜੇ ਜਾਣ ਦੇ ਡਰੋਂ ਲੁਕ ਗਏ ਜਾਂ ਘਰ ਵਾਪਸ ਜਾਣ ਲਈ ਆਪਣੀ ਪੜ੍ਹਾਈ ਛੱਡ ਦਿੱਤੀ। ਸ਼ੁੱਕਰਵਾਰ ਨੂੰ ਵਧਦੀਆਂ ਅਦਾਲਤੀ ਚੁਣੌਤੀਆਂ ਤੋਂ ਬਾਅਦ ਸੰਘੀ ਅਧਿਕਾਰੀਆਂ ਨੇ ਕਿਹਾ ਕਿ ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਾਨੂੰਨੀ ਸਥਿਤੀ ਨੂੰ ਬਹਾਲ ਕਰ ਰਹੀ ਹੈ। ਸੋਮਵਾਰ ਨੂੰ ਅਦਾਲਤ ਵਿਚ ਦਾਇਰ ਕੀਤੇ ਗਏ ਇਕ ਦਸਤਾਵੇਜ਼ ਵਿਚ ਇਸ ਨੇ ਨਵੀਂ ਨੀਤੀ ਸਾਂਝੀ ਕੀਤੀ : ਇਕ ਦਸਤਾਵੇਜ਼ ਜੋ ਹਫਤੇ ਦੇ ਅੰਤ ਵਿਚ ਜਾਰੀ ਕੀਤਾ ਗਿਆ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਦਾ ਦਰਜਾ ਕਈ ਕਾਰਨਾਂ ਕਰਕੇ ਰੱਦ ਕੀਤਾ ਜਾ ਸਕਦਾ ਹੈ, ਜਿਸ ਵਿਚ ਅਮਰੀਕਾ ਵਿਚ ਦਾਖਲ ਹੋਣ ਲਈ ਵਰਤੇ ਗਏ ਵੀਜ਼ੇ ਨੂੰ ਰੱਦ ਕਰਨਾ ਵੀ ਸ਼ਾਮਲ ਹੈ। ਬ੍ਰੈਡ ਬੈਨੀਅਸ, ਇਕ ਇਮੀਗ੍ਰੇਸ਼ਨ ਅਟਾਰਨੀ (ਜੋ ਇਕ ਵਿਦਿਆਰਥੀ ਦੀ ਨੁਮਾਇੰਦਗੀ ਕਰ ਰਿਹਾ ਹੈ, ਜਿਸ ਦਾ ਦਰਜਾ ਖਤਮ ਕਰ ਦਿੱਤਾ ਗਿਆ ਸੀ) ਨੇ ਕਿਹਾ ਕਿ ਨਵੇਂ ਦਿਸ਼ਾ-ਨਿਰਦੇਸ਼ ਆਈ.ਸੀ.ਈ. ਦੇ ਅਧਿਕਾਰ ਨੂੰ ਬਹੁਤ ਜ਼ਿਆਦਾ ਵਧਾਉਂਦੇ ਹਨ, ਜਿਸ ’ਚ ਵੀਜ਼ਾ ਰੱਦ ਕਰਨ ਦੀ ਵੀ ਸਿੱਧਾ ਅਧਿਕਾਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਵਿਦੇਸ਼ ਵਿਭਾਗ ਤੋਂ ਵੀਜ਼ਾ ਰੱਦ ਕਰਨ ਅਤੇ ਫਿਰ ਉਨ੍ਹਾਂ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਖੁੱਲ੍ਹੀ ਆਜ਼ਾਦੀ ਮਿਲੀ, ਭਾਵੇਂ ਉਨ੍ਹਾਂ ਨੇ ਕੁਝ ਵੀ ਗਲਤ ਨਹੀਂ ਕੀਤਾ ਸੀ,’ ਬਾਨਿਆਸ ਨੇ ਕਿਹਾ। ਅਮਰੀਕੀ ਜਿਲ੍ਹਾ ਜੱਜ ਅਨਾ ਰੇਅਸ ਨੇ ਮੰਗਲਵਾਰ ਨੂੰ ਇਕ ਸੁਣਵਾਈ ਦੌਰਾਨ ਕਿਹਾ ਕਿ ਡੇਟਾਬੇਸ ਖੋਜ ਵਿਚ ਕੁੱਲ ਮਿਲਾ ਕੇ ਲਗਭਗ 6,400 ਵਿਦਿਆਰਥੀਆਂ ਦੀ ਪਛਾਣ ਕੀਤੀ ਗਈ।

**■ ਜੱਜ ਨੇ 2 ਸਾਲ ਦੀ ਮਾਸੂਮ ਨੂੰ ਡਿਪੋਰਟ ਕਰਨ ਸਮੇਂ ਸੰਵਿਧਾਨਕ ਹੱਕਾਂ ਨੂੰ ਛਿੱਕੇ ਟੰਗਣ ਦਾ ਖਦਸ਼ਾ ਕੀਤਾ ਜ਼ਾਹਿਰ**

# ਟਰੰਪ ‘ਪੋਪ’ ਬਣਨ ਦੀ ਇੱਛਾ ਜ਼ਾਹਿਰ ਕੀਤੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਕਸਰ ਆਪਣੀ ਬਿਆਨਬਾਜ਼ੀ ਕਾਰਨ ਸੁਰਖੀਆਂ ਵਿਚ ਰਹਿੰਦੇ ਹਨ। ਹਾਲ ਹੀ ਵਿਚ ਟਰੰਪ ਨੇ ਮਜ਼ਾਕ ਵਿਚ ਪੋਪ ਬਣਨ ਦੀ ਆਪਣੀ ਇੱਛਾ ਜ਼ਾਹਰ ਕੀਤੀ ਹੈ। ਇਕ ਇੰਟਰਵਿਊ ਵਿਚ ਟਰੰਪ ਨੇ ਕਿਹਾ ਕਿ ਅਗਲੇ ਪੋਪ ਲਈ ਉਹ ਖ਼ੁਦ ਦੀ ਪਹਿਲੀ ਪਸੰਦ ਹੋਣਗੇ। ਇਸ ਤੋਂ ਬਾਅਦ ਟਰੰਪ ਦੀਆਂ ਪੋਪ ਦੇ ਪਹਿਰਾਵੇ ਵਿਚ ਤਸਵੀਰਾਂ ਨਾਲ ਭਰੇ ਮੀਮਜ਼ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਏ।

ਲਾਤੀਨੀ ਅਮਰੀਕੀ ਮੂਲ ਦੇ ਪਹਿਲੇ ਪੋਪ, ਪੋਪ ਫ੍ਰਾਂਸਿਸ ਦਾ ਪਿਛਲੇ ਸੋਮਵਾਰ 88 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ। ਪੋਪ ਫ੍ਰਾਂਸਿਸ ਲੰਮੇ ਸਮੇਂ ਤੋਂ ਬਿਮਾਰ ਸਨ ਅਤੇ ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਸੇਂਟ ਪੀਟਰਜ਼ ਸਕੁਏਅਰ ਵਿਚ ਉਨ੍ਹਾਂ ਦੇ ਅੰਤਿਮ ਸੰਸਕਾਰ ਵਿਚ ਸ਼ਾਮਲ ਹੋਏ। ਪੋਪ ਫ੍ਰਾਂਸਿਸ ਦੇ ਅੰਤਿਮ ਸੰਸਕਾਰ ਤੋਂ ਬਾਅਦ ਕਾਰਡੀਨਲ 7 ਮਈ ਨੂੰ ਉੱਤਰਾਧਿਕਾਰੀ ਦੀ ਚੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਵਾਲੇ ਹਨ।

ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਮੈਂ ਪੋਪ ਬਣਨਾ ਚਾਹੁੰਦਾ ਹਾਂ। ਇਹ ਮੇਰੀ ਪਹਿਲੀ ਪਸੰਦ ਹੋਵੇਗੀ। ਜਦੋਂ ਪੁੱਛਿਆ ਗਿਆ ਕਿ ਫ੍ਰਾਂਸਿਸ ਦੀ ਥਾਂ ਕਿਸ ਨੂੰ ਲੈਣੀ ਚਾਹੀਦੀ ਹੈ, ਤਾਂ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਕੋਈ ਪਸੰਦ ਨਹੀਂ ਹੈ। ਪਰ ਮੈਨੂੰ ਇਹ ਕਹਿਣਾ ਪਵੇਗਾ ਕਿ ਸਾਡੇ ਕੋਲ ਨਿਊਯਾਰਕ ਤੋਂ ਇਕ ਕਾਰਡੀਨਲ ਹੈ। ਉਹ ਸੱਚਮੁੱਚ ਵਧੀਆ ਹੈ, ਇਸ ਲਈ ਅਸੀਂ ਦੇਖਾਂਗੇ ਕੀ ਹੁੰਦਾ ਹੈ।

ਨਿਊਯਾਰਕ ਦੇ ਕਾਰਡੀਨਲ ਟਿਮੋਥੀ ਡੋਲਨ ਨੂੰ ਫ੍ਰਾਂਸਿਸ ਦੀ ਥਾਂ ਲੈਣ ਲਈ ਸਭ ਤੋਂ ਅੱਗੇ ਨਹੀਂ ਮੰਨਿਆ ਜਾਂਦਾ। ਹੁਣ ਤੱਕ ਅਮਰੀਕਾ ਤੋਂ ਕੋਈ ਵੀ ਪੋਪ ਨਹੀਂ ਆਇਆ। ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਟਰੰਪ ਦੀ ਪੋਪ ਅਹੁਦੇ ਦੀ ਇੱਛਾ ਦਾ ਸਮਰਥਨ ਕਰਦੇ ਦਿਖਾਈ ਦਿੱਤੇ। ਗ੍ਰਾਹਮ ਨੇ ਸੋਸ਼ਲ ਮੀਡੀਆ ’ਤੇ ਕਿਹਾ ਕਿ ਉਹ ਇਸ ਬਾਰੇ ਸੁਣ ਕੇ ਬਹੁਤ ਉਤਸ਼ਾਹਿਤ ਹੈ। ਇਹ ਇਕ ਡਾਰਕ ਹਾਰਸ ਉਮੀਦਵਾਰ ਹੋਵੇਗਾ। ਮੈਂ ਪੋਪ ਸੰਮੇਲਨ ਅਤੇ ਕੈਥੋਲਿਕ ਵਫ਼ਾਦਾਰਾਂ ਨੂੰ ਇਸ ਸੰਭਾਵਨਾ ਬਾਰੇ ਖੁੱਲ੍ਹੇ ਦਿਮਾਗ ਨਾਲ ਸੋਚਣ ਲਈ ਕਹਾਂਗਾ।

ਟਰੰਪ ਨੂੰ ਪੋਪ ਬਣਦੇ ਹੋਏ ਦਿਖਾਉਣ ਵਾਲਾ ਵੀਡੀਓ ਜਲਦੀ ਹੀ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਵਾਇਰਲ ਹੋ ਗਿਆ। ਟਰੰਪ ਦੇ ਸਮਰਥਕਾਂ ਨੇ ਇਸ ਵਿਚਾਰ ਦੀ ਸ਼ਲਾਘਾ ਕੀਤੀ, ਜਦੋਂਕਿ ਸੋਸ਼ਲ ਮੀਡੀਆ ਯੂਜ਼ਰਾਂ ਨੇ ਟਰੰਪ ਨੂੰ ਪੋਪ ਦੇ ਰਸਮੀ ਪਹਿਰਾਵੇ ਵਿਚ ਦਰਸਾਉਂਦੇ ਮੀਮਜ਼ ਨਾਲ ਪ੍ਰੈਸ ਨੂੰ ਭਰ ਦਿੱਤਾ।

**■ ਸੋਸ਼ਲ ਮੀਡੀਆ ’ਤੇ ਹੋ ਰਹੇ ਟਰੋਲ**

# ਟਰੰਪ ਵੱਲੋਂ ਗੈਰ-ਅਮਰੀਕੀ ਫਿਲਮਾਂ ’ਤੇ 100 ਪ੍ਰਤੀਸ਼ਤ ਟੈਰਿਫ ਲਗਾਉਣ ਦੀ ਤਿਆਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਜਵਾਬੀ ਟੈਰਿਫ ਹੁਣ ਸਿਨੇਮਾ ਨੂੰ ਵੀ ਪ੍ਰਭਾਵਿਤ ਕਰੇਗਾ। ਹੁਣ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੈਰ-ਅਮਰੀਕੀ ਫਿਲਮਾਂ ’ਤੇ 100 ਪ੍ਰਤੀਸ਼ਤ ਟੈਰਿਫ ਲਗਾਉਣ ਦੀ ਤਿਆਰੀ ਕਰ ਲਈ ਹੈ। ਉਸਨੇ ਕਿਹਾ ਕਿ ਹਾਲੀਵੁੱਡ ਮਰ ਰਿਹਾ ਹੈ। ਇਸ ਲਈ ਇਹ ਠੋਸ ਕਦਮ ਚੁੱਕਣਾ ਜ਼ਰੂਰੀ ਹੈ। ਟਰੰਪ ਨੇ ਵਣਜ ਵਿਭਾਗ ਅਤੇ ਅਮਰੀਕਾ ਵਪਾਰ ਪ੍ਰਤੀਨਿਧੀ (ਯੂ.ਐੱਸ.ਟੀ.ਆਰ.) ਨੂੰ ਅਮਰੀਕਾ ਦੇ ਬਾਹਰ ਬਣਾਈਆਂ ਗਈਆਂ ਸਾਰੀਆਂ ਫਿਲਮਾਂ ’ਤੇ 100 ਫੀਸਦੀ ਟੈਰਿਫ ਲਗਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਿਹਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਦੇਸ਼ ਤੋਂ ਬਾਹਰ ਬਣੀਆਂ ਫਿਲਮਾਂ ’ਤੇ 100% ਟੈਰਿਫ ਲਗਾਇਆ ਜਾਣਾ ਚਾਹੀਦਾ ਹੈ। ਅਮਰੀਕੀ ਫਿਲਮ ਨਿਰਮਾਤਾਵਾਂ ਨੂੰ ਆਕਰਸ਼ਿਤ ਕਰਨ ਲਈ ਦੂਜੇ ਦੇਸ਼ਾਂ ਵੱਲੋਂ ਦਿੱਤੇ ਜਾ ਰਹੇ ਪ੍ਰੋਤਸਾਹਨਾਂ ਕਾਰਨ ਅਮਰੀਕੀ ਫਿਲਮ ਉਦਯੋਗ ਤੇਜ਼ੀ ਨਾਲ ਮਰ ਰਿਹਾ ਹੈ। ਇਹ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ। ਇਹ ਦੂਜੇ ਦੇਸ਼ਾਂ ਦਾ ਸਾਂਝਾ ਯਤਨ ਹੈ। ਟਰੰਪ ਨੇ ਕਿਹਾ ਕਿ ਹਾਲੀਵੁੱਡ ਅਤੇ ਅਮਰੀਕਾ ਦੇ ਕਈ ਹੋਰ ਖੇਤਰ ਤਬਾਹ ਹੋ ਰਹੇ ਹਨ। ਇਸ ਲਈ ਮੈਂ ਵਣਜ ਵਿਭਾਗ ਅਤੇ ਸੰਯੁਕਤ ਰਾਜ ਵਪਾਰ ਪ੍ਰਤੀਨਿਧੀ ਨੂੰ ਸਾਡੇ ਦੇਸ਼ ਵਿਚ ਆਉਣ ਵਾਲੀਆਂ ਸਾਰੀਆਂ ਫਿਲਮਾਂ ’ਤੇ 100% ਟੈਰਿਫ ਲਗਾਉਣ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕਰਨ ਦਾ ਅਧਿਕਾਰ ਦਿੰਦਾ ਹਾਂ, ਜੋ ਵਿਦੇਸ਼ੀ ਧਰਤੀ ’ਤੇ ਬਣੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਅਮਰੀਕਾ ਵਿਚ ਦੁਬਾਰਾ ਫਿਲਮਾਂ ਬਣਾਈਆਂ ਜਾਣ। ਅਮਰੀਕਾ ਦੇ ਵਣਜ ਸਕੱਤਰ ਹਾਵਰਡ ਲੂਟਨਿਕ ਨੇ ਕਿਹਾ ਕਿ ਅਸੀਂ ਇਸ ’ਤੇ ਕੰਮ ਕਰ ਰਹੇ ਹਾਂ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਟੈਰਿਫ ਵਿਦੇਸ਼ਾਂ ’ਚ ਫਿਲਮਾਂ ਬਣਾਉਣ ਵਾਲੀਆਂ ਵਿਦੇਸ਼ੀ ਜਾਂ ਅਮਰੀਕੀ ਪ੍ਰੋਡਕਸ਼ਨ ਕੰਪਨੀਆਂ ਨੂੰ ਨਿਸ਼ਾਨਾ ਬਣਾਉਣਗੇ। ਇਹ ਸਪੱਸ਼ਟ ਹੈ ਕਿ ਅਮਰੀਕਾ ਆਪਣੇ ਦੇਸ਼ ਵਿਚ ਆਉਣ ਵਾਲੀਆਂ ਫਿਲਮਾਂ ਵਿਚ ਥੋੜ੍ਹੀ ਜਿਹੀ ਕਟੌਤੀ ਕਰੇਗਾ।

ਅਮਰੀਕੀ ਰਾਸ਼ਟਰਪਤੀ ਟਰੰਪ ਨੇ 2 ਅਪ੍ਰੈਲ ਨੂੰ ਭਾਰਤ ਅਤੇ ਚੀਨ ਸਮੇਤ ਕਈ ਦੇਸ਼ਾਂ ’ਤੇ ਭਾਰੀ ਪਰਸਪਰ ਟੈਰਿਫ ਲਗਾਉਣ ਦਾ ਐਲਾਨ ਕੀਤਾ। ਇਸ ਤੋਂ ਬਾਅਦ 9 ਅਪ੍ਰੈਲ ਨੂੰ ਟਰੰਪ ਨੇ ਚੀਨ ਅਤੇ ਹਾਂਗਕਾਂਗ ਨੂੰ ਛੱਡ ਕੇ 9 ਜੁਲਾਈ ਤੱਕ 90 ਦਿਨਾਂ ਲਈ ਟੈਰਿਫ ਮੁਅੱਤਲ ਕਰਨ ਦਾ ਐਲਾਨ ਕੀਤਾ। ਕਿਉਂਕਿ ਲਗਭਗ 75 ਦੇਸ਼ਾਂ ਨੇ ਵਪਾਰਕ ਸੌਦਿਆਂ ਲਈ ਅਮਰੀਕਾ ਨਾਲ ਸੰਪਰਕ ਕੀਤਾ ਸੀ। ਹਾਲਾਂਕਿ, ਇਨ੍ਹਾਂ ਦੇਸ਼ਾਂ ’ਤੇ ਲਗਾਇਆ ਗਿਆ 10 ਪ੍ਰਤੀਸ਼ਤ ਦਾ ਬੇਸਲਾਈਨ ਟੈਰਿਫ ਅਜੇ ਵੀ ਲਾਗੂ ਹੈ। ਇਸ ਤੋਂ ਇਲਾਵਾ ਸਟੀਲ, ਐਲੂਮੀਨੀਅਮ ਅਤੇ ਆਟੋ ਪਾਰਟਸ ’ਤੇ ਵੀ 25 ਪ੍ਰਤੀਸ਼ਤ ਡਿਊਟੀ ਲਾਗੂ ਹੈ।

Global Allianz
ਕਾਨੂੰਨੀ ਸਲਾਹਾਂ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਸਰਕਾਰ ਇਮੀਗ੍ਰੇਸ਼ਨ ਤੋਂ ਵੀ ਕਮਾਉਣਾ ਚਾਹੁੰਦੀ ਹੈ ਅਰਬਾਂ ਡਾਲਰ!

**ਵਾਸ਼ਿੰਗਟਨ, (ਪੰਜਾਬ ਮੇਲ)**- ਪ੍ਰਵਾਸੀਆਂ ਲਈ ਅਮਰੀਕਾ ਦੇ ਦਰਵਾਜ਼ੇ ਮੁੜ ਖੁੱਲ੍ਹਣ ਜਾ ਰਹੇ ਹਨ ਪਰ ਇਸ ਵਾਰ 3500 ਡਾਲਰ ਤੱਕ ਦੀ ਫੀਸ ਅਦਾ ਕਰਨੀ ਹੋਵੇਗੀ ਅਤੇ ਇਮੀਗ੍ਰੇਸ਼ਨ ਵਾਲੇ ਫੜ-ਫੜ ਕੇ ਡਿਪੋਰਟ ਵੀ ਨਹੀਂ ਕਰਨਗੇ। ਟਰੰਪ ਸਰਕਾਰ ਇਮੀਗ੍ਰੇਸ਼ਨ ਤੋਂ ਵੀ ਅਰਬਾਂ ਡਾਲਰ ਕਮਾਉਣਾ ਚਾਹੁੰਦੀ ਹੈ ਅਤੇ ਜਲਦ ਹੀ ਨਵੇਂ ਨਿਯਮ ਲਾਗੂ ਕੀਤੇ ਜਾ ਰਹੇ ਹਨ। ਨਵੇਂ ਨਿਯਮ ਸਿਰਫ਼ ਨਵੇਂ ਪ੍ਰਵਾਸੀਆਂ ਲਈ ਹੋਣਗੇ ਅਤੇ ਪਹਿਲਾਂ ਤੋਂ ਮੌਜੂਦ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕੋਈ ਫਾਇਦਾ ਨਹੀਂ ਹੋਵੇਗਾ। ਅਸਲ ਵਿਚ ਟਰੰਪ ਸਰਕਾਰ ਪ੍ਰਵਾਸੀਆਂ ਲਈ ਅਮਰੀਕਾ ਵਿਚ ਸ਼ਰਨ ਲੈਣਾ ਕਾਫ਼ੀ ਮਹਿੰਗਾ ਬਣਾਉਣਾ ਚਾਹੁੰਦੀ ਹੈ ਇਸ ਲਈ ਕੀਮਤਾਂ ਵਧਾਈਆਂ ਜਾ ਰਹੀਆਂ ਹਨ।

ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੀ ਨਿਆਂਇਕ ਕਮੇਟੀ ਵੱਲੋਂ ਇਮੀਗ੍ਰੇਸ਼ਨ ਸੁਧਾਰਾਂ ਵਾਲਾ ਬਿੱਲ ਅੱਗੇ ਵਧਾ ਦਿੱਤਾ ਗਿਆ ਹੈ, ਜਿਸ ਤਹਿਤ ਪਹਿਲੀ ਵਾਰ ਪਨਾਹ ਦਾ ਦਾਅਵਾ ਕਰਨ ਵਾਲਿਆਂ ਤੋਂ ਘੱਟੋ-ਘੱਟ ਇਕ ਹਜ਼ਾਰ ਡਾਲਰ ਫੀਸ ਵਸੂਲ ਕੀਤੀ ਜਾਵੇਗੀ, ਜਦਕਿ ਬਗੈਰ ਦਸਤਾਵੇਜ਼ਾਂ ਵਾਲੇ ਬੱਚਿਆਂ ਨੂੰ ਸਪਾਂਸਰ ਕਰਨ ਵਾਲੇ ਅਮਰੀਕਾ ਵਾਸੀਆਂ ਨੂੰ 3500 ਡਾਲਰ ਦੇਣੇ ਪੈਣਗੇ। ਇਸੇ ਤਰ੍ਹਾਂ ਛੇ ਮਹੀਨਿਆਂ 'ਚ ਕੰਮ ਕਰਨ ਦੀ ਇਜਾਜ਼ਤ ਮੰਗਣ ਵਾਲਿਆਂ ਨੂੰ 550 ਡਾਲਰ ਫੀਸ ਵੱਖਰੇ ਤੌਰ 'ਤੇ ਦੇਣੀ ਹੋਵੇਗੀ। ਇਮੀਗ੍ਰੇਸ਼ਨ ਅਦਾਲਤ ਨੇ

- **ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਲਈ ਜਲਦ ਹੀ ਲਾਗੂ ਹੋਣਗੇ ਨਵੇਂ ਨਿਯਮ**
- **ਨਵੇਂ ਨਿਯਮ ਸਿਰਫ਼ ਅਮਰੀਕਾ ਆਉਣ ਵਾਲੇ ਨਵੇਂ ਪ੍ਰਵਾਸੀਆਂ ਲਈ**
- **ਮੌਜੂਦ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਨਹੀਂ ਹੋਵੇਗਾ ਕੋਈ ਫਾਇਦਾ**

ਪਨਾਹ ਦਾ ਦਾਅਵਾ ਰੱਦ ਕਰ ਦਿੱਤਾ, ਤਾਂ ਸਬੰਧਤ ਪ੍ਰਵਾਸੀ ਨੂੰ ਸੈਲਫ਼ ਡਿਪੋਰਟ ਹੋਣ ਦੇ ਹੁਕਮ ਦਿੱਤੇ ਜਾਣਗੇ। ਇਮੀਗ੍ਰੇਸ਼ਨ ਮਾਹਰਾਂ ਦਾ ਮੰਨਣਾ ਹੈ ਕਿ ਜਿੰਨੇ ਪ੍ਰਵਾਸੀ ਅਮਰੀਕਾ ਤੋਂ ਡਿਪੋਰਟ ਕੀਤੇ ਜਾਣਗੇ, ਉਸ ਅੰਕੜੇ ਤੋਂ ਤਕਰੀਬਨ ਅੱਧਿਆਂ ਨੂੰ ਅਮਰੀਕਾ ਦਾਖਲ ਹੋਣ ਦੀ ਇਜਾਜ਼ਤ ਮਿਲ ਸਕਦੀ ਹੈ। ਦੂਜੇ ਪਾਸੇ 10 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਟੀਚਾ ਪੂਰਾ ਕਰਨ ਲਈ ਵੱਖਰਾ ਪ੍ਰਬੰਧ ਕੀਤਾ ਗਿਆ ਹੈ ਅਤੇ ਡਿਟੈਨਸ਼ਨਾਂ ਸੈਂਟਰਾਂ ਦੀ ਸਮਰੱਥਾ ਤਿੰਨ ਗੁਣਾ ਵਧਾਈ ਜਾ ਰਹੀ ਹੈ, ਜਿਸ ਰਾਹੀਂ ਇਕ ਲੱਖ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਰੱਖਿਆ ਜਾ ਸਕੇਗਾ।

ਮੈਕਸੀਕੋ ਦੇ ਬਾਰਡਰ 'ਤੇ 700 ਮੀਲ ਇਲਾਕੇ ਵਿਚ ਨਵੀਂ ਕੰਧ ਉਸਾਰਨ ਲਈ 45 ਅਰਬ ਡਾਲਰ ਦਾ ਪ੍ਰਬੰਧ ਕੀਤਾ ਗਿਆ ਹੈ। ਰਿਪਬਲਿਕਨ ਪਾਰਟੀ ਵਾਲੇ ਇਸ ਬਿਲ ਨੂੰ ਸ਼ਾਨਦਾਰ ਦੱਸ ਰਹੇ ਹਨ, ਜਦਕਿ ਡੈਮੋਕ੍ਰੈਟਿਕ ਪਾਰਟੀ ਦੀ ਮੈਂਬਰਾਂ ਵੱਲੋਂ ਡੂੰਘੀ ਚਿੰਤਾ ਜ਼ਾਹਰ ਕੀਤੀ ਗਈ। ਮੈਰੀਲੈਂਡ ਤੋਂ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੇ ਮੈਂਬਰ ਜੇਮੀ ਰਾਸਕਿਨ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੀ ਵੀਜ਼ੇ ਰੱਦ ਕਰਨ ਅਤੇ ਬਰਥਰਾਈਟ ਸਿਟੀਜ਼ਨਸ਼ਿਪ ਖਤਮ ਕਰਨ ਦੇ ਯਤਨਾਂ ਦਾ ਮੁੱਦਾ ਉਠਾਇਆ ਗਿਆ। ਭਾਰਤੀ ਮੂਲ ਦੀ ਸੰਸਦ ਮੈਂਬਰ ਪ੍ਰਮਿਲਾ ਜੈਪਾਲ ਵੱਲੋਂ ਯੂ.ਐੱਸ. ਸਿਟੀਜ਼ਨਜ਼ ਦੀ ਡਿਪੋਰਟੇਸ਼ਨ ਰੋਕਣ ਲਈ ਲਿਆਂਦਾ ਮਤਾ ਸਿੱਧੇ ਤੌਰ 'ਤੇ ਰੱਦ ਹੋ ਗਿਆ।

ਹਾਊਸ ਜੁਡੀਸ਼ਰੀ ਦੇ ਚੇਅਰਮੈਨ ਪ੍ਰਤੀਨਿਧੀ ਜਿਮ ਜੌਰਡਨ, ਆਰ-ਓਹਾਇਓ ਨੇ 30 ਅਪ੍ਰੈਲ ਨੂੰ ਇੱਕ ਕਮੇਟੀ ਦੀ ਸੁਣਵਾਈ ਵਿਚ ਕਿਹਾ ਕਿ ਨਵੀਂ ਫੀਸ 77 ਬਿਲੀਅਨ ਡਾਲਰ ਇਕੱਠੇ ਕਰ ਸਕਦੀ ਹੈ, ਜਿਸ ਨਾਲ ਕਾਂਗਰਸ "ਵਿੱਤੀ ਤੌਰ 'ਤੇ ਜ਼ਿੰਮੇਵਾਰ ਤਰੀਕੇ ਨਾਲ ਇਮੀਗ੍ਰੇਸ਼ਨ ਲਾਗੂ ਕਰਨ ਵਿਚ ਜ਼ਰੂਰੀ ਨਿਵੇਸ਼" ਕਰ ਸਕਦੀ ਹੈ। ਜਾਰਡਨ ਨੇ ਕਿਹਾ ਕਿ ਸ਼ਰਣ ਅਰਜ਼ੀਆਂ ਲਈ 1,000 ਡਾਲਰ ਦੀ ਫੀਸ ਅਗਲੇ 10 ਸਾਲਾਂ ਵਿਚ 748 ਮਿਲੀਅਨ ਡਾਲਰ ਇਕੱਠੀ ਕਰੇਗੀ। ਅਸਥਾਈ ਸੁਰੱਖਿਅਤ ਸਥਿਤੀ ਅਧੀਨ ਪ੍ਰਵਾਸੀਆਂ ਲਈ 550 ਡਾਲਰ ਦੀ ਫੀਸ ਅਤੇ ਠਫਸ਼ ਪ੍ਰਵਾਸੀਆਂ ਲਈ ਆਪਣੇ ਰੁਜ਼ਗਾਰ ਅਧਿਕਾਰ ਨੂੰ ਨਵਿਆਉਣ ਲਈ 550 ਡਾਲਰ ਦੀ ਫੀਸ ਅਗਲੇ 10 ਸਾਲਾਂ ਵਿਚ ਕ੍ਰਮਵਾਰ 2 ਬਿਲੀਅਨ ਡਾਲਰ ਅਤੇ 4.7 ਬਿਲੀਅਨ ਡਾਲਰ ਇਕੱਠੇ ਕਰੇਗੀ।

## ਟਰੰਪ ਪ੍ਰਸ਼ਾਸਨ ਵੱਲੋਂ 350,000 ਵੈਨੇਜ਼ੁਏਲਾ ਪ੍ਰਵਾਸੀ ਕੀਤੇ ਜਾਣਗੇ ਡਿਪੋਰਟ!

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ 'ਚ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਵੀਰਵਾਰ ਨੂੰ ਸੁਪਰੀਮ ਕੋਰਟ ਨੂੰ 3,50,000 ਵੈਨੇਜ਼ੁਏਲਾ ਦੇ ਪ੍ਰਵਾਸੀਆਂ ਤੋਂ ਅਸਥਾਈ ਕਾਨੂੰਨੀ ਸੁਰੱਖਿਆ ਵਾਪਸ ਲੈਣ ਦੀ ਅਪੀਲ ਕੀਤੀ। ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਵੈਨੇਜ਼ੁਏਲਾ ਦੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਮਿਲਣ ਦੀ ਸੰਭਾਵਨਾ ਹੈ। ਨਿਆਂ ਵਿਭਾਗ ਨੇ ਅਦਾਲਤ ਨੂੰ ਸਾਨ ਫਰਾਂਸਿਸਕੋ ਦੇ ਇੱਕ ਸੰਘੀ ਜੱਜ ਦੇ ਉਸ ਫੈਸਲੇ 'ਤੇ ਰੋਕ ਲਗਾਉਣ ਦੀ ਬੇਨਤੀ ਕੀਤੀ ਹੈ, ਜਿਸਨੇ ਵੈਨੇਜ਼ੁਏਲਾ ਵਾਸੀਆਂ ਨੂੰ ਦਿੱਤੇ ਗਏ ਅਸਥਾਈ ਸੁਰੱਖਿਅਤ ਦਰਜੇ (ਟੀ.ਪੀ.ਐੱਸ.) ਨੂੰ ਬਰਕਰਾਰ ਰੱਖਿਆ ਹੈ।

ਪਿਛਲੇ ਮਹੀਨੇ ਹੀ ਵੈਨੇਜ਼ੁਏਲਾ ਦੇ ਪ੍ਰਵਾਸੀਆਂ ਲਈ ਅਸਥਾਈ ਸੁਰੱਖਿਆ ਸਥਿਤੀ ਦੀ ਮਿਆਦ ਖਤਮ ਹੋਣ ਵਾਲੀ ਸੀ। ਇਹ ਦਰਜਾ ਅਮਰੀਕਾ ਵਿਚ ਪਹਿਲਾਂ ਤੋਂ ਰਹਿ ਰਹੇ ਲੋਕਾਂ ਨੂੰ ਕਾਨੂੰਨੀ ਤੌਰ 'ਤੇ ਰਹਿਣ ਅਤੇ ਕੰਮ ਕਰਨ ਦੀ ਆਗਿਆ ਦਿੰਦਾ ਹੈ ਕਿਉਂਕਿ ਗੁਆਂਢੀ ਦੇਸ਼ਾਂ ਨੂੰ ਕੁਦਰਤੀ ਆਫ਼ਤ ਜਾਂ ਸਿਵਲ ਟਕਰਾਅ ਕਾਰਨ ਵਾਪਸੀ ਲਈ ਅਸੁਰੱਖਿਅਤ ਮੰਨਿਆ ਜਾਂਦਾ ਹੈ। ਇੱਕ ਸੰਘੀ ਅਪੀਲ ਅਦਾਲਤ ਨੇ ਪਹਿਲਾਂ ਪ੍ਰਸ਼ਾਸਨ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਪ੍ਰਵਾਸੀਆਂ ਨੂੰ ਦੇਸ਼ ਵਿਚ ਰਹਿਣ ਦੀ ਆਗਿਆ ਦੇਣ ਵਾਲੀਆਂ ਕਈ ਤਰ੍ਹਾਂ ਦੀਆਂ ਸੁਰੱਖਿਆਵਾਂ ਨੂੰ ਵਾਪਸ ਲੈਣ ਲਈ ਹਮਲਾਵਰ ਕਦਮ ਚੁੱਕ ਰਿਹਾ ਹੈ। ਟਰੰਪ ਵੱਲੋਂ ਵਾਪਸ ਲਈਆਂ ਗਈਆਂ ਸੁਰੱਖਿਆਵਾਂ ਵਿਚ ਵੈਨੇਜ਼ੁਏਲਾ ਦੇ 600,000 ਅਤੇ ਹੈਤੀ ਦੇ 500,000 ਲੋਕਾਂ ਲਈ ਟੀ.ਪੀ.ਐੱਸ. ਨੂੰ ਖਤਮ ਕਰਨਾ ਸ਼ਾਮਲ ਹੈ। ਟੀ.ਪੀ.ਐੱਸ. ਦੇ ਤਹਿਤ ਅਮਰੀਕਾ ਵਿਚ ਠਹਿਰਨ ਲਈ ਸਮੇਂ-ਸਮੇਂ 'ਤੇ 18 ਮਹੀਨਿਆਂ ਦਾ ਵਾਧਾ ਦਿੱਤਾ ਜਾਂਦਾ ਹੈ।

## ਡੋਨਾਲਡ ਟਰੰਪ ਵੱਲੋਂ ਹਾਰਵਰਡ ਯੂਨੀਵਰਸਿਟੀ 'ਤੇ ਸਖਤ ਕਾਰਵਾਈ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਰਵਰਡ



ਯੂਨੀਵਰਸਿਟੀ 'ਤੇ ਸਖ਼ਤ ਕਾਰਵਾਈ ਕੀਤੀ ਹੈ। ਰਾਸ਼ਟਰਪਤੀ ਟਰੰਪ ਨੇ ਯੂਨੀਵਰਸਿਟੀ ਦਾ ਟੈਕਸ ਛੋਟ ਦਾ ਦਰਜਾ ਖਤਮ ਕਰ ਦਿੱਤਾ ਹੈ। ਟਰੰਪ ਨੇ ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ ਪੋਸਟ 'ਚ ਇਸ ਦਾ ਐਲਾਨ ਕੀਤਾ। ਉਸ ਦਾ ਇਹ ਕਦਮ ਹਾਰਵਰਡ ਵਰਗੀ ਵੱਕਾਰੀ ਸੰਸਥਾ 'ਤੇ ਸਰਕਾਰ ਵੱਲੋਂ ਸਖ਼ਤ ਨਿਗਰਾਨੀ ਅਤੇ ਨੀਤੀਗਤ ਬਦਲਾਅ ਵੱਲ ਇਸ਼ਾਰਾ ਕਰ ਸਕਦਾ ਹੈ।

ਡੋਨਾਲਡ ਟਰੰਪ ਨੇ 2 ਮਈ, 2025 ਨੂੰ ਘੋਸ਼ਣਾ ਕੀਤੀ ਕਿ ਉਨ੍ਹਾਂ ਦਾ ਪ੍ਰਸ਼ਾਸਨ ਹਾਰਵਰਡ ਯੂਨੀਵਰਸਿਟੀ ਦੇ ਟੈਕਸ-ਮੁਕਤ ਦਰਜੇ ਨੂੰ ਖਤਮ ਕਰਨ ਜਾ ਰਿਹਾ ਹੈ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਪੋਸਟ ਕਰਦੇ ਹੋਏ ਕਿਹਾ, 'ਅਸੀਂ ਹਾਰਵਰਡ ਦੀ ਟੈਕਸ ਛੋਟ ਦਾ ਦਰਜਾ ਖਤਮ ਕਰਨ ਜਾ ਰਹੇ ਹਾਂ। ਉਹ ਇਸੇ ਦਾ ਹੱਕਦਾਰ ਹੈ। ਇਸ ਕਦਮ ਨੂੰ ਹਾਰਵਰਡ ਅਤੇ ਟਰੰਪ ਪ੍ਰਸ਼ਾਸਨ ਵਿਚਾਲੇ ਚੱਲ ਰਹੇ ਵਿਵਾਦਾਂ ਨਾਲ ਜੋੜਿਆ ਜਾ ਰਿਹਾ ਹੈ। ਬੀਤੇ ਕੁਝ ਸਮੇਂ ਤੋਂ ਟਰੰਪ ਪ੍ਰਸ਼ਾਸਨ ਨੇ ਵਿਭਿੰਨਤਾ, ਇਕੁਇਟੀ, ਅਤੇ ਸਮਾਵੇਸ਼ (ਡੀ.ਈ.ਆਈ.) ਪਹਿਲਕਦਮੀਆਂ ਨੂੰ ਲੈ ਕੇ ਹਾਰਵਰਡ 'ਤੇ ਦਬਾਅ ਪਾਇਆ ਹੈ, ਜਿਸ ਨੂੰ ਪ੍ਰਸ਼ਾਸਨ ਨਸਲੀ ਵਿਤਕਰੇ ਵਜੋਂ ਦੇਖਦਾ ਹੈ। ਇਸ ਤੋਂ ਪ੍ਰਸ਼ਾਸਨ ਨੇ ਹਾਰਵਰਡ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੇਜ਼ਬਾਨੀ ਕਰਨ ਦੀ ਯੋਗਤਾ ਨੂੰ ਵੀ ਚੁਣੌਤੀ ਦਿੱਤੀ ਹੈ। ਇਸ

- **ਯੂਨੀਵਰਸਿਟੀ ਦਾ ਟੈਕਸ ਛੋਟ ਦਾ ਦਰਜਾ ਕੀਤਾ ਖਤਮ**

ਕਦਮ ਨੂੰ ਹਾਰਵਰਡ ਅਤੇ ਟਰੰਪ ਪ੍ਰਸ਼ਾਸਨ ਵਿਚਾਲੇ ਚੱਲ ਰਹੇ ਵਿਵਾਦਾਂ ਨਾਲ ਜੋੜਿਆ ਜਾ ਰਿਹਾ ਹੈ। ਕੁਝ ਸਮੇਂ ਲਈ ਟਰੰਪ ਪ੍ਰਸ਼ਾਸਨ ਨੇ ਵਿਭਿੰਨਤਾ, ਇਕੁਇਟੀ, ਅਤੇ ਸਮਾਵੇਸ਼ (ਡੀ.ਈ.ਆਈ.) ਪਹਿਲਕਦਮੀਆਂ ਨੂੰ ਲੈ ਕੇ ਹਾਰਵਰਡ 'ਤੇ ਦਬਾਅ ਪਾਇਆ ਹੈ, ਜਿਸ ਨੂੰ ਪ੍ਰਸ਼ਾਸਨ ਨਸਲੀ ਵਿਤਕਰੇ ਵਜੋਂ ਦੇਖਦਾ ਹੈ। ਇਸ ਤੋਂ ਇਲਾਵਾ ਪ੍ਰਸ਼ਾਸਨ ਨੇ ਹਾਰਵਰਡ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੇਜ਼ਬਾਨੀ ਕਰਨ ਦੀ ਯੋਗਤਾ ਨੂੰ ਵੀ ਚੁਣੌਤੀ ਦਿੱਤੀ ਹੈ। ਇਹ ਕਦਮ ਅਮਰੀਕੀ ਉੱਚ ਸਿੱਖਿਆ ਪ੍ਰਣਾਲੀ ਵਿੱਚ ਇੱਕ ਨਵਾਂ ਮੋੜ ਸਾਬਤ ਹੋ ਸਕਦਾ ਹੈ, ਕਿਉਂਕਿ ਇਹ ਪਹਿਲੀ ਵਾਰ ਹੈ, ਜਦੋਂ ਕਿਸੇ ਵੱਡੀ ਯੂਨੀਵਰਸਿਟੀ ਦਾ ਟੈਕਸ ਛੋਟ ਦਾ ਦਰਜਾ ਖਤਮ ਕਰਨ ਦੀ ਗੱਲ ਸਾਹਮਣੇ ਆਈ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਹੋਰ ਯੂਨੀਵਰਸਿਟੀਆਂ ਅਤੇ ਗੈਰ-ਲਾਭਕਾਰੀ ਸੰਸਥਾਵਾਂ ਲਈ ਵੀ ਮਿਸਾਲ ਕਾਇਮ ਕਰ ਸਕਦਾ ਹੈ। ਇਸ ਤੋਂ ਪਹਿਲਾਂ ਹਾਰਵਰਡ ਨੇ ਇਨ੍ਹਾਂ ਮੰਗਾਂ ਦਾ ਵਿਰੋਧ ਕਰਕੇ ਆਪਣੀ ਆਜ਼ਾਦੀ ਅਤੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਕਰਨ ਦਾ ਵਾਅਦਾ ਕੀਤਾ ਹੈ। ਯੂਨੀਵਰਸਿਟੀ ਦੇ ਪ੍ਰਧਾਨ ਐਲਨ ਗਾਰਬਰ ਨੇ ਕਿਹਾ, 'ਯੂਨੀਵਰਸਿਟੀ ਆਪਣੀ ਆਜ਼ਾਦੀ ਜਾਂ ਸੰਵਿਧਾਨਕ ਅਧਿਕਾਰਾਂ ਨੂੰ ਨਹੀਂ ਛੱਡੇਗੀ।' ਇਸ ਵਿਵਾਦ ਕਾਰਨ ਟਰੰਪ ਪ੍ਰਸ਼ਾਸਨ ਨੇ ਹਾਰਵਰਡ ਲਈ 2.2 ਬਿਲੀਅਨ ਡਾਲਰ ਤੋਂ ਵੱਧ ਫੈਡਰਲ ਫੰਡਿੰਗ ਨੂੰ ਵੀ ਰੋਕ ਦਿੱਤਾ ਸੀ।





EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮਜ਼ਦੂਰ ਦਿਵਸ ਮੌਕੇ ਲੋੜਵੰਦ ਮਜ਼ਦੂਰਾਂ ਨੂੰ ਦਿੱਤੀ ਵਿੱਤੀ ਸਹਾਇਤਾ



ਡਾਕਟਰ ਐੱਸ.ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ।

ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ’ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਪਿਛਲੇ ਦਿਨੀਂ ਮਜ਼ਦੂਰ ਦਿਵਸ ਦੇ ਮੱਦੇਨਜ਼ਰ ਲੋੜਵੰਦ ਮਜ਼ਦੂਰਾਂ ਨੂੰ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਅਤੇ ਵੱਖ-ਵੱਖ ਬੀਮਾਰੀਆਂ ਕਾਰਨ ਕੰਮ ਕਰਨ ਤੋਂ ਵਾਂਝੇ ਲੋਕਾਂ ਨੂੰ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਪਰਿਵਾਰਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਅਖੀਰ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਾਰਿਆਂ ਨੂੰ ਮਜ਼ਦੂਰ ਦਿਵਸ ਦੀ ਵਧਾਈ ਵੀ ਦਿੱਤੀ ਗਈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਡਾਕਟਰ ਓਬਰਾਏ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਮਾਸਟਰ ਰਜਿੰਦਰ ਸਿੰਘ, ਗੁਰਚਰਨ ਸਿੰਘ ਭੋਣ, ਸੁਖਬੀਰ ਸਿੰਘ ਜੈਲਦਾਰ, ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।



ਸਹਾਇਤਾ ਰਾਸ਼ੀ ਦਿੰਦੇ ਹੋਏ ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਕੂਲ ’ਚ ਲਗਾਏ ਮੁਫ਼ਤ ਆਰ.ਓ. ਸਿਸਟਮ ਦਾ ਉਦਘਾਟਨ




ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਸਰਕਾਰੀ ਪ੍ਰਾਇਮਰੀ ਸਕੂਲ ਫੱਤਣਵਾਲਾ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਬੱਚਿਆਂ ਨੂੰ ਸਾਫ਼ ਪਾਣੀ ਦੇਣ ਲਈ ਮੁਫ਼ਤ ਆਰ.ਓ. ਸਿਸਟਮ ਲਗਾਇਆ ਗਿਆ ਸੀ, ਜਿਸ ਦਾ ਉਦਘਾਟਨ ਸ. ਜਗਜੀਤ ਸਿੰਘ ਹਨੀ ਬਰਾੜ ਫੱਤਣਵਾਲਾ ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ ਅਤੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਟਰੱਸਟ ਵੱਲੋਂ ਦੁਨੀਆਂ ਭਰ ਵਿਚ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਵੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਮਾੜਾ ਹੈ, ਲੋਕ ਵੱਖ-ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਸਕੂਲ ਸਟਾਫ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਸਕੂਲ ਵਿਚ ਆਰ.ਓ. ਸਿਸਟਮ ਲਗਾਉਣ ਲਈ ਬੇਨਤੀ ਪੱਤਰ ਦਿੱਤਾ ਗਿਆ ਸੀ, ਤਾਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਤੁਰੰਤ ਪ੍ਰਵਾਨ ਕਰਕੇ ਆਰ.ਓ. ਸਿਸਟਮ ਭੇਜਿਆ ਗਿਆ ਸੀ। ਜਸਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਅਤੇ ਬਰਨੇਕ ਸਿੰਘ ਰਿਟਾਇਰਡ ਲੈਕਚਰਾਰ ਨੇ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ 105 ਮੁਫ਼ਤ ਆਰ.ਓ. ਸਿਸਟਮ ਸਰਕਾਰੀ ਸਕੂਲਾਂ ਅਤੇ ਹੋਰ ਜਨਤਕ ਥਾਵਾਂ ’ਤੇ ਲਗਾਏ ਜਾ ਚੁੱਕੇ ਹਨ। ਚਰਨਜੀਤ ਸਿੰਘ ਅਤੇ ਪਰਮਜੀਤ ਕੌਰ ਬਰਾੜ ਨੇ ਦੱਸਿਆ ਕਿ ਇਸ ਰਾਸ਼ੀ ਡਾਕਟਰ ਓਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਸ ਉਪਰੰਤ ਸਕੂਲ ਸਟਾਫ ਅਤੇ ਬੱਚਿਆਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ, ਪਿੰਡ ਫੱਤਣਵਾਲਾ ਦੇ ਨਗਰ ਨਿਵਾਸੀ, ਅੰਗਰੇਜ਼ ਸਿੰਘ ਬੂੜਾ ਗੁੱਜਰ, ਜਸਪਾਲ ਸਿੰਘ ਬੂੜਾ ਗੁੱਜਰ ਆਦਿ ਹਾਜ਼ਰ ਸਨ।



# ਇਕਬਾਲ ਸਿੰਘ ਨਾਗੀ ਦੀ ਧਰਮ ਪਤਨੀ ਬੀਬੀ ਬਲਜੀਤ ਕੌਰ ਨਾਗੀ ਦੀ ਅੰਤਿਮ ਅਰਦਾਸ ਮੌਕੇ ਸੰਗਤਾਂ 'ਚ ਪ੍ਰਮੁੱਖ ਸ਼ਖਸੀਅਤਾਂ ਪੁੱਜੀਆਂ






**ਲੁਧਿਆਣਾ, (ਪੰਜਾਬ ਮੇਲ)-** ਇਕਬਾਲ ਸਿੰਘ ਨਾਗੀ ਦੀ ਧਰਮ ਪਤਨੀ ਬੀਬੀ ਬਲਜੀਤ ਕੌਰ ਨਾਗੀ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀਗੇਟ ਜਗਰਾਉਂ ਵਿਖੇ ਹੋਈ, ਜਿਸ ਵਿਚ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ। ਬੀਬੀ ਬਲਜੀਤ ਕੌਰ ਨਾਗੀ ਜੋ ਪਿਛਲੇ ਦਿਨਾਂ ਤੋਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਜ਼ੇਰੇ ਇਲਾਜ ਸਨ, ਨੇ 24 ਅਪ੍ਰੈਲ ਨੂੰ ਅੰਤਿਮ ਸਾਹ ਲਿਆ ਸੀ ਤੇ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਈ। ਉਹ ਆਪਣੇ ਪਿੱਛੇ ਚਾਰ ਬੇਟੀਆਂ, ਨੂੰਹ-ਪੁੱਤਰ, ਪੋਤਰੀ ਤੇ ਹੱਸਦਾ ਖੇਡਦਾ ਪਰਿਵਾਰ ਛੱਡ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਅੰਤਿਮ ਅਰਦਾਸ ਮੌਕੇ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥੇ ਭਾਈ ਏਕਮ ਸਿੰਘ ਜੱਟਪੁੱਰੀ ਜਗਰਾਉਂ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਵੱਖ-ਵੱਖ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਕਮਲਜੀਤ ਸਿੰਘ ਮੱਲਾ ਨੇ ਆਖਿਆ ਕਿ ਇਸ ਸਮੇਂ ਸਾਥੀ ਦਾ ਵਿਛੜ ਜਾਣਾ ਬੜਾ ਦੁੱਖਦਾਈ ਹੋਇਆ ਕਰਦਾ ਕਿਉਂਕਿ ਇਸ ਸਮੇਂ ਸਾਥੀ ਦੀ ਵੱਡੀ ਲੋੜ ਮਹਿਸੂਸ ਹੁੰਦੀ ਹੈ। ਘਰ ਦੀ ਵੱਡੀ ਜ਼ਿੰਮੇਵਾਰੀ ਤੇ ਬੱਚਿਆਂ ਦੀਆਂ ਲੋੜਾਂ ਨੂੰ ਸਮਝਣਾ, ਸਮਾਧਾਨ ਕਰਨਾ ਇੱਕ ਮਾਂ ਦੇ ਹਿੱਸੇ ਹੀ ਆਇਆ ਹੈ ਕਿਉਂਕਿ ਸੰਸਾਰ ਵਿਚ ਇੱਕ ਮਾਂ ਹੀ ਐਸਾ ਪ੍ਰਾਣੀ ਹੈ, ਜੋ ਬੱਚਿਆਂ ਅਤੇ ਪਤੀ ਵਾਸਤੇ ਹਰ ਕੁਰਬਾਨੀ ਕਰਨ ਨੂੰ ਤਿਆਰ ਰਹਿੰਦਾ ਹੈ। ਪਰ ਇਸ ਵਿਛੋੜੇ ਨਾਲ ਜਿੱਥੇ ਪਤੀ ਤੇ ਬੱਚਿਆਂ ਨੂੰ ਵੱਡਾ ਘਾਟਾ ਪਿਆ ਹੈ, ਉੱਥੇ ਰਿਸ਼ਤੇਦਾਰ ਆਂਢ-ਗੁਆਂਢ ਵੀ ਉਨ੍ਹਾਂ ਦੀਆਂ ਅਸੀਸਾਂ ਤੇ ਸੇਵਾਵਾਂ ਤੋਂ ਵੀ ਵਾਂਝਾ ਹੋ ਗਿਆ। ਉਨ੍ਹਾਂ ਆਖਿਆ ਕਿ ਇਕਬਾਲ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਵੀ ਮਿਹਨਤੀ ਵਰਕਰ ਹਨ ਤੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦੇ ਹਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਰਿਵਾਰ ਨੂੰ ਸ਼ੋਕ ਸੰਦੇਸ਼ ਭੇਜਿਆ ਗਿਆ। ਮੋਹਨ ਦੇਈ ਓਸਵਾਲ ਹਸਪਤਾਲ, ਪਾਵਰ ਕੌਮ ਜੇ.ਈ. ਕੌਂਸਲ ਜੋਨ ਕਮੇਟੀ ਲੁਧਿਆਣਾ ਤੇ ਇੰਜੀਨੀਅਰ ਪਰਮਜੀਤ ਸਿੰਘ ਖਟੜਾ ਸਟੇਟ ਪ੍ਰਧਾਨ ਤੇ ਸਮੂਹ ਕਮੇਟੀ ਮੈਂਬਰਾਨ ਤੇ ਅਹੁਦੇਦਾਰ ਵੀ ਹਾਜ਼ਰ ਸਨ।

ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਸਾਬਕਾ ਵਿਧਾਇਕ ਆਰ.ਐੱਸ. ਕਲੇਰ, ਜਤਿੰਦਰ ਸਿੰਘ ਜੋਗਾ ਬੁਲਾਲਾ ਸਰਪੰਚ, ਦਵਿੰਦਰ ਸਿੰਘ ਐੱਮ.ਸੀ., ਰਜਿੰਦਰ ਸਿੰਘ ਮੱਕੜ, ਇੰਜੀ. ਜਸਵਿੰਦਰ ਸਿੰਘ ਐੱਸ.ਡੀ.ਓ., ਇੰਜੀ. ਮਨਿੰਦਰ ਪਾਲ ਸਿੰਘ ਐੱਸ.ਐੱਸ.ਈ. ਅੱਡਾ, ਇੰਜੀ. ਜਸਵੀਰ ਸਿੰਘ, ਇੰਜੀ. ਚਰਨਜੀਤ ਸਿੰਘ ਸੋਹਲ, ਇੰਜੀ. ਗੁਰਵਿੰਦਰ ਸਿੰਘ ਐੱਸ.ਡੀ.ਓ. ਮੁੱਖ ਸੇਵਾਦਾਰ ਚਰਨਜੀਤ ਸਿੰਘ ਭੰਡਾਰੀ, ਹਰਦੇਵ ਸਿੰਘ ਵਛੇਰ, ਇੰਦਰਪਾਲ ਸਿੰਘ ਵਛੇਰ, ਤਰਲੋਕ ਸਿੰਘ ਸਿਡਾਨਾ, ਰਵਿੰਦਰ ਪਾਲ ਸਿੰਘ, ਦੀਪਇੰਦਰ ਸਿੰਘ ਵੀ ਹਾਜ਼ਰ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕਬਾਲ ਸਿੰਘ ਨੂੰ ਸਿਰੋਪਾਓ ਭੇਟ ਕੀਤਾ ਗਿਆ।

ਵੱਖ-ਵੱਖ ਸੰਸਥਾਵਾਂ ਦਸ਼ਮੇਸ਼ ਸੇਵਾ ਸੁਸਾਇਟੀ, ਜਗਰਾਉਂ ਅਤੇ ਖ਼ਾਲਸਾ ਪਰਿਵਾਰ ਵੱਲੋਂ ਇਕਬਾਲ ਸਿੰਘ ਨੂੰ ਦਸਤਾਰ ਭੇਟ ਕੀਤੀ ਗਈ।

# ਇੰਡਿਕ ਆਰਟਸ ਵੈੱਲਫੇਅਰ ਕੌਂਸਲ ਵਲੋਂ ਉੱਘੇ ਗੀਤਕਾਰ ਅਤੇ ਪੇਸ਼ਕਰ 'ਭੱਟੀ ਭੜੀ ਵਾਲਾ' ਕੌਮੀ ਸਲਾਹਕਾਰ ਨਿਯੁਕਤ!

**-ਭੱਟੀ ਭੜੀ ਵਾਲਾ "ਕਲਾ ਜੀਵਨ ਯੋਜਨਾ" 'ਚ ਅਹਿਮ ਭੂਮਿਕਾ ਨਿਭਾਉਣਗੇ : ਪ੍ਰੋ. ਭੋਲਾ ਯਮਲਾ**



ਲੁਧਿਆਣਾ, (ਸੁਖਵਿੰਦਰ ਸਿੰਘ ਮੁੱਲਾਂਪੁਰ/ਪੰਜਾਬ ਮੇਲ)- ਭੱਟੀ ਭੜੀ ਵਾਲਾ ਜੋ ਇੱਕ ਨਾਮਵਰ ਗੀਤਕਾਰ, ਪੇਸ਼ਕਰ ਅਤੇ ਸਮਾਜ਼ ਸੇਵਕ ਹੈ। ਉਸ ਨੂੰ ਇੱਕ ਜ਼ਿੰਮੇਵਾਰ ਇਨਸਾਨ ਠਹਿਰਾਉਂਦਿਆ ਹੋਇਆਂ ਇੰਡਿਕ ਆਰਟਸ ਵੈੱਲਫੇਅਰ ਕੌਂਸਲ ਵਲੋਂ ਇੱਕ ਮਹੱਤਵਪੂਰਨ ਅਹੁਦੇ ਦੀ ਨਿਯੁਕਤੀ ਕਰਦਿਆਂ ਕੌਂਸਲ ਦਾ ਮੁੱਖ ਸਲਾਹਕਾਰ ਬਣਾ ਦਿੱਤਾ ਹੈ, ਜੋ ਬਹੁਤ ਮਾਣ ਵਾਲੀ ਗੱਲ ਹੈ।

ਭੱਟੀ ਭੜੀ ਵਾਲਾ ਇੱਕ ਪੜ੍ਹਿਆ-ਲਿਖਿਆ ਇਨਸਾਨ ਹੈ। ਉਸ ਨੇ ਸਕੂਲੀ ਪੜ੍ਹਾਈ, ਹਾਇਰ ਸਕੈਂਡਰੀ ਪੜ੍ਹਾਈ, ਏ.ਐੱਸ. ਕਾਲਜ ਖੰਨੇ ਅਤੇ ਫਿਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਪੜ੍ਹਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕਈ ਡਿਗਰੀਆਂ ਹਾਸਲ ਕਰ ਚੁੱਕਾ ਹੈ!

ਮਾਤਾ ਸਵਰਨ ਕੌਰ ਦੀ ਕੁੱਖੋਂ ਅਤੇ ਪਿਤਾ ਸ. ਹਰਨੇਕ ਸਿੰਘ ਦੇ ਘਰ ਪਿੰਡ ਭੜੀ ਜ਼ਿਲ੍ਹਾ ਫਤਹਿਗੜ੍ਹ ਵਿਚ ਜਨਮੇ ਭੱਟੀ ਨੂੰ ਛੋਟੀ ਉਮਰੇ ਹੀ ਗੀਤ ਲਿਖਣ ਦੀ ਚੇਟਕ ਲੱਗ ਗਈ ਸੀ। ਇਸ ਕਰਕੇ ਉਸ ਨੇ ਪਲੇਠਾ ਗੀਤ ਖੰਨੇ ਕਾਲਜ ਪੜ੍ਹਦਿਆਂ ਹੀ ਲਿਖ ਦਿੱਤਾ ਸੀ। ਭੱਟੀ ਭੜੀ ਵਾਲੇ ਦੇ ਲਿਖੇ ਗੀਤਾਂ ਦੀ ਜੇ ਗੱਲ ਕਰੀਏ, ਤਾਂ ਇਕ ਹਜ਼ਾਰ ਗੀਤਾਂ ਨੂੰ ਪਾਰ ਕਰ ਚੁੱਕਾ ਹੈ। ਦੇਸ਼-ਵਿਦੇਸ਼ ਵਿਚ ਬੈਠੇ 119 ਗਾਇਕ ਗਇਕਾਵਾਂ ਨੇ ਗੀਤਾਂ ਨੂੰ ਗਾਇਆ ਹੈ, ਜਿਵੇਂ ਸੁਰਿੰਦਰ ਛਿੰਦਾ, ਕੁਲਦੀਪ ਮਾਣਕ, ਹੰਸ ਰਾਜ ਹੰਸ, ਦੁਰਗਾ ਰੰਗੀਲਾ, ਜਸਬੀਰ ਜੱਸੀ, ਰਣਜੀਤ ਮਣੀ, ਮਾਸਟਰ ਸਲੀਮ, ਮਨਿੰਦਰ ਮੰਗਾ, ਜਸਪਿੰਦਰ ਨਰੂਲਾ, ਅਮਰਨੂਰੀ, ਕਮਲਜੀਤ ਨੀਰੂ, ਬਾਈ ਹਰਦੀਪ, ਰਣਜੀਤ ਮਣੀ, ਗੁਰਲੇਜ਼ ਅਖ਼ਤਰ, ਮੰਨਤ ਨੂਰ, ਬਿੱਲ ਸਿੰਘ, ਜੀਤ ਜਗਜੀਤ, ਇੰਦਰ ਸਹਿਜ਼ਾਦ ਆਦਿ ਬਹੁਤ ਸਾਰੇ ਫ਼ਨਕਾਰਾਂ ਨੇ ਗਾਇਆ ਹੈ। ਭੱਟੀ ਨੇ ਸਮਾਜਿਕ, ਸੱਭਿਆਚਾਰ ਅਤੇ ਪਰਿਵਾਰਕ ਗੀਤ ਲਿਖ ਕੇ ਨਾਮ ਕਮਾਇਆ ਹੈ, ਮਾਰੂ ਹਥਿਆਰਾਂ, ਨਸ਼ਿਆਂ ਅਤੇ ਲੱਚਰਤਾ ਵਾਲੇ ਗੀਤਾਂ ਤੋਂ ਕਿਨਾਰਾ ਕਰੀ ਰੱਖਿਆ, ਫਿਰ ਵੀ ਅੱਜ ਗੀਤਕਾਰੀ ਦੀ ਪਹਿਲੀ ਕਤਾਰ ਵਿਚ ਖੜ੍ਹਾ ਹੈ!

ਭੱਟੀ ਭੜੀ ਵਾਲਾ ਹੌਂਸਲੇ ਵਾਲਾ ਅਗਾਂਹਵਧੂ ਇਨਸਾਨ ਹੈ। ਗੀਤਕਾਰਾਂ ਦੀ ਗੀਤਕਾਰੀ ਵਿਚ ਬਹੁਤੀ ਪੁੱਛ ਪ੍ਰਤੀਤ ਨਾ ਹੁੰਦੀ ਵੇਖ ਉਸ ਦੇ ਮਨ ਵਿਚ ਖਿਆਲ ਆਇਆ ਕਿ ਗੀਤਕਾਰਾਂ ਨੂੰ ਗੀਤਾਂ ਦੀ ਬਣਦੀ ਰਿਆਲਟੀ ਅਤੇ ਬਣਦਾ ਮਾਨ-ਸਨਮਾਨ ਦਿਵਾਇਆ ਜਾਵੇ। ਇਸ ਨੇ ਮਨ ਵਿਚੋਂ ਉਤਪੰਨ ਹੋਏ ਵਿਚਾਰ ਨੂੰ ਇਸ ਨੇ ਪੂਰਾ ਕਰਦਿਆਂ ਲੁਧਿਆਣੇ 22 ਫ਼ਰਵਰੀ 'ਗੀਤਾਕਾਰਾਂ ਦਾ ਮੇਲਾ' ਨਾਮ ਹੇਠ ਪ੍ਰੋਗਰਾਮ ਆਯੋਜਿਤ ਕੀਤਾ, ਜੋ ਸਫ਼ਲ ਹੋ ਨਿਬੜਿਆ।

ਉਨ੍ਹਾਂ ਦੀ ਰਚਨਾਤਮਕ ਦਿਸ਼ਾ-ਦ੍ਰਿਸ਼ਟੀ ਅਤੇ ਅਗਵਾਈ ਹੇਠ ਸੰਸਥਾ ਰਸ਼ਟਰੀ ਪੱਧਰ ਤੇ ਕਲਾ ਅਤੇ ਸੱਭਿਆਚਾਰ ਦੀ ਨਵੀਂ ਢਾਂਚਾ-ਬੰਦੀ ਕਰੇਗੀ। ਉਨ੍ਹਾਂ ਦੀ ਅਗਵਾਈ ਹੇਠ ਸਾਹਿਤ, ਭਾਸ਼ਾ ਸੈਲ, ਕਲਾ ਅਤੇ ਸੱਭਿਆਚਾਰ ਸੈਲ ਦਾ ਗਠਨ ਕੀਤਾ ਜਾਵੇਗਾ। ਭੱਟੀ ਭੜੀ ਵਾਲਾ ਕੌਂਸਲ ਦੀ ਕਲਾ ਜੀਵਨ ਯੋਜਨਾ ਵਿਚ ਵੀ ਆਪਣੀ ਅਹਿਮ ਭੂਮਿਕਾ ਨਭਾਉਣਗੇ। ਇੰਡਕ ਆਰਟਸ ਵੈਲਫੇਅਰ ਕੌਂਸਲ ਦੇ ਚੇਅਰਮੈਨ ਪ੍ਰੋ. ਭੋਲਾ ਯਮਲਾ ਜੀ ਨੇ ਭੱਟੀ ਭੜੀ ਵਾਲਾ ਨੂੰ ਅਹਿਮ ਜ਼ਿੰਮੇਵਾਰੀ ਦਿੰਦੇ ਹੋਏ ਕਿਹਾ ਭੱਟੀ ਭੜੀ ਵਾਲੇ ਵਰਗਾ ਤਜ਼ਰਬੇਕਾਰ ਅਤੇ ਰਚਨਾਤਮਕ ਵਿਆਕਤੀਆਂ ਦਾ ਸਾਡੇ ਨਾਲ ਜੁੜਨਾ ਮਾਣ ਵਾਲੀ ਗੱਲ ਹੈ। ਉਨ੍ਹਾਂ ਦੀ ਅਗਵਾਈ ਹੇਠ ਕੌਂਸਲ ਨਵੀਂ ਰਫ਼ਤਾਰ ਅਤੇ ਰਾਸ਼ਟਰੀ ਪਛਾਣ ਹਾਸਲ ਕਰੇਗਾ।



# ਟਰੰਪ ਵੱਲੋਂ ਮਾਈਕ ਵਾਲਟਜ਼ ਨੂੰ ਸੰਯੁਕਤ ਰਾਸ਼ਟਰ 'ਚ ਅਮਰੀਕੀ ਰਾਜਦੂਤ ਨਾਮਜ਼ਦ



**ਨਿਊਯਾਰਕ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਆਪਣੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਈਕ ਵਾਲਟਜ਼ ਨੂੰ ਸੰਯੁਕਤ ਰਾਸ਼ਟਰ 'ਚ ਅਗਲੇ ਅਮਰੀਕੀ ਰਾਜਦੂਤ ਵਜੋਂ ਨਾਮਜ਼ਦ ਕੀਤਾ। ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ 'ਚ ਕਿਹਾ ਕਿ ਅੰਤਰਿਮ 'ਚ ਵਿਦੇਸ਼ ਮੰਤਰੀ ਮਾਰਕੋ ਰੂਬੀਓ ਰਾਸ਼ਟਰੀ ਸੁਰੱਖਿਆ ਸਲਾਹਕਾਰ ਵਜੋਂ ਸੇਵਾ ਨਿਭਾਉਂਦੇ ਹੋਏ ਵਿਦੇਸ਼ ਵਿਭਾਗ ਵਿਚ ਆਪਣੀ ਮਜ਼ਬੂਤ ਅਗਵਾਈ ਜਾਰੀ ਰੱਖਣਗੇ।

ਪਹਿਲਾਂ ਆਈਆਂ ਮੀਡੀਆ ਰਿਪੋਰਟਾਂ ਦੇ ਅਨੁਸਾਰ ਵਾਲਟਜ਼ ਅਤੇ ਉਨ੍ਹਾਂ ਦੇ ਡਿਪਟੀ ਐਲੇਕਸ ਵੋਂਗ ਦੋਵਾਂ ਦੇ ਵੀਰਵਾਰ ਨੂੰ ਵ੍ਹਾਈਟ ਹਾਊਸ ਵਿਚ ਆਪਣੇ ਮੌਜੂਦਾ ਅਹੁਦਿਆਂ ਤੋਂ ਅਸਤੀਫਾ ਦੇਣ ਦੀ ਉਮੀਦ ਹੈ। ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਵਜੋਂ ਸ਼੍ਰੀ ਵਾਲਟਜ਼ ਦੀ ਨਾਮਜ਼ਦਗੀ ਲਈ ਸੈਨੇਟ ਦੀ ਪੁਸ਼ਟੀ ਦੀ ਲੋੜ ਹੈ। ਸ਼੍ਰੀ ਟਰੰਪ ਨੇ 27 ਮਾਰਚ ਨੂੰ ਸੰਯੁਕਤ ਰਾਸ਼ਟਰ 'ਚ ਅਮਰੀਕੀ ਰਾਜਦੂਤ ਵਜੋਂ ਰਿਪਬਲਿਕਨ ਐਲਿਸ ਸਟੇਫਨਿਕ ਦੀ ਨਾਮਜ਼ਦਗੀ ਵਾਪਸ ਲੈ ਲਈ। ਸੰਯੁਕਤ ਰਾਸ਼ਟਰ ਵਿਚ ਸਾਬਕਾ ਅਮਰੀਕੀ ਰਾਜਦੂਤ ਲਿੰਡਾ ਥਾਮਸ-ਗ੍ਰੀਨਫੀਲਡ ਨੇ 20 ਜਨਵਰੀ ਨੂੰ ਆਪਣਾ ਅਹੁਦਾ ਛੱਡ ਦਿੱਤਾ, ਜਦੋਂ ਸ਼੍ਰੀ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ।

## ਪਾਰਸਲ ਘੁਟਾਲੇ 'ਚ ਅਮਰੀਕੀ-ਗੁਜਰਾਤੀ ਭਾਰਤੀ ਨੂੰ ਡੇਢ ਸਾਲ ਦੀ ਕੈਦ

**ਨਿਊਯਾਰਕ, (ਪੰਜਾਬ ਮੇਲ)-** 'ਪਾਰਸਲ ਸਕੈਂਡਲ' ਵਿਚ ਇਕ ਅਮਰੀਕੀ ਗੁਜਰਾਤੀ ਭਾਰਤੀ ਨਾਗਰਿਕ ਨੂੰ ਅਦਾਲਤ ਨੇ ਡੇਢ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਦੱਸਣਯੋਗ ਹੈ ਕਿ ਪਾਰਸਲ ਸਕੈਂਡਲ ਇਸ ਸਮੇਂ ਅਮਰੀਕਾ ਵਿਚ ਇਕ ਗਰਮ ਵਿਸ਼ਾ ਬਣਿਆ ਹੋਇਆ ਹੈ। ਪਰ ਇਸ ਮਾਮਲੇ ਵਿਚ ਇਕ ਹੋਰ ਗੁਜਰਾਤੀ ਨੂੰ ਵੀ ਸਜ਼ਾ ਸੁਣਾਈ ਗਈ ਹੈ।

ਮੈਰੀਲੈਂਡ ਸੂਬੇ ਦੇ ਇਕ 53 ਸਾਲਾ ਵਿਪੁਲ ਠੱਕਰ ਨੂੰ ਜੁਲਾਈ 2024 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਹੁਣ ਉਸਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹਾਲਾਂਕਿ ਉਸਨੂੰ ਡੇਢ ਸਾਲ ਜੇਲ੍ਹ ਵਿਚ ਬਿਤਾਉਣਾ ਪਵੇਗਾ ਅਤੇ ਬਾਕੀ ਦੀ ਸਜ਼ਾ ਮੁਅੱਤਲ ਕਰ ਦਿੱਤੀ ਗਈ ਹੈ। ਅਦਾਲਤ ਨੇ ਪੀੜਤ ਨੂੰ 40,000 ਹਜ਼ਾਰ ਡਾਲਰ ਦਾ ਭੁਗਤਾਨ ਕਰਨ ਦਾ ਵੀ ਹੁਕਮ ਦਿੱਤਾ ਹੈ।

# ਟਰੰਪ ਲਾਉਣ ਜਾ ਰਹੇ ਗਲੋਬਲ ਟੈਰਿਫ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਰਿਪਬਲਿਕਨ ਸੰਸਦ ਮੈਂਬਰਾਂ ਨੇ ਬੁੱਧਵਾਰ ਨੂੰ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਵੱਲੋਂ ਲਿਆਂਦੇ ਗਏ ਪ੍ਰਸਤਾਵ ਦੇ ਵਿਰੁੱਧ ਵੋਟ ਦਿੱਤੀ, ਜਿਸ ਦਾ ਉਦੇਸ਼ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕਈ ਦੇਸ਼ਾਂ 'ਤੇ ਲਗਾਏ ਗਏ ਟੈਰਿਫ ਨੂੰ ਰੋਕਣਾ ਹੈ। ਟਰੰਪ ਨੇ 2 ਅਪ੍ਰੈਲ ਨੂੰ ਲਗਭਗ ਸਾਰੇ ਅਮਰੀਕੀ ਵਪਾਰਕ ਭਾਈਵਾਲ ਦੇਸ਼ਾਂ 'ਤੇ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ ਪਰ ਆਰਥਿਕ ਉਥਲ-ਪੁਥਲ ਵਿਚਕਾਰ ਇਸ ਨੂੰ ਲਾਗੂ ਕਰਨ 'ਤੇ 90 ਦਿਨਾਂ ਦੀ ਰੋਕ ਲਗਾ ਦਿੱਤੀ ਸੀ। ਪ੍ਰਸਤਾਵ ਰੱਦ ਹੋਣ ਦਾ ਮਤਲਬ ਹੈ ਕਿ ਰਾਸ਼ਟਰਪਤੀ ਟਰੰਪ ਹੁਣ ਗਲੋਬਲ ਟੈਰਿਫ ਲਗਾਉਣ ਜਾ ਰਹੇ ਹਨ। ਅਮਰੀਕੀ ਖਪਤਕਾਰਾਂ ਅਤੇ ਕਾਰੋਬਾਰਾਂ ਦੋਵਾਂ ਲਈ ਅਨਿਸ਼ਚਿਤਤਾ ਵਿਚਕਾਰ ਵਣਜ ਵਿਭਾਗ ਨੇ ਬੁੱਧਵਾਰ ਨੂੰ ਕਿਹਾ ਕਿ ਜਨਵਰੀ ਤੋਂ ਮਾਰਚ ਤੱਕ ਅਮਰੀਕੀ ਅਰਥਵਿਵਸਥਾ ਵਿਚ 0.3 ਪ੍ਰਤੀਸ਼ਤ ਦੀ ਗਿਰਾਵਟ ਆਈ, ਜੋ ਕਿ ਤਿੰਨ ਸਾਲਾਂ ਵਿਚ ਪਹਿਲੀ ਗਿਰਾਵਟ ਹੈ। ਅਮਰੀਕੀ ਸੈਨੇਟ ਨੇ ਕੁਝ ਹਫ਼ਤੇ ਪਹਿਲਾਂ ਇਕ ਮਤਾ ਪਾਸ ਕੀਤਾ ਸੀ, ਜੋ ਟਰੰਪ ਦੀ ਕੈਨੇਡਾ 'ਤੇ ਟੈਰਿਫ ਲਗਾਉਣ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦਾ ਸੀ। ਇਹ ਮਤਾ 51-48 ਵੋਟਾਂ ਨਾਲ ਪਾਸ ਹੋਇਆ, ਜਿਸ ਵਿਚ ਚਾਰ ਰਿਪਬਲਿਕਨ ਸੰਸਦ ਮੈਂਬਰ-ਸੂਜ਼ਨ ਕੋਲਿਨਜ਼, ਲੀਜ਼ਾ ਮੁਰਕੋਵਸਕੀ, ਮਿਚ ਮੈਕਕੋਨੇਲ ਅਤੇ ਰੈਂਡ ਪਾਲ ਨੇ ਇਸ ਦੇ ਵਿਰੁੱਧ ਵੋਟ ਦਿੱਤੀ। ਪਰ ਬੁੱਧਵਾਰ ਨੂੰ ਮੈਕਕੋਨੇਲ ਅਤੇ ਡੈਮੋਕ੍ਰੇਟਿਕ ਸੰਸਦ ਮੈਂਬਰ ਸ਼ੈਲਡਨ ਵ੍ਹਾਈਟ ਹਾਊਸ ਸਦਨ ਵਿਚ ਮੌਜੂਦ ਨਹੀਂ ਸਨ ਅਤੇ ਡੈਮੋਕ੍ਰੇਟਿਕ ਸੰਸਦ ਮੈਂਬਰ ਇਸ ਨੂੰ ਪਾਸ ਨਹੀਂ ਕਰਵਾ ਸਕੇ।

# ਅਮਰੀਕਾ 'ਚ ਗੁਜਰਾਤੀ-ਭਾਰਤੀ ਦਾ ਲਾਇਸੰਸ 10 ਸਾਲ ਲਈ ਮੁਅੱਤਲ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਅਦਾਲਤ ਨੇ ਅਮਰੀਕਾ 'ਚ ਪ੍ਰੈਕਟਿਸ ਕਰ ਰਹੇ ਗੁਜਰਾਤੀ-ਭਾਰਤੀ ਡਾਕਟਰ ਦਾ ਲਾਇਸੰਸ 10 ਸਾਲ ਲਈ ਮੁਅੱਤਲ ਕਰਨ ਦਾ ਹੁਕਮ ਸੁਣਾਇਆ ਹੈ। ਅਮਰੀਕਾ 'ਚ ਬਾਲ ਰੋਗਾਂ ਦੇ ਮਾਹਿਰ ਵਜੋਂ ਪ੍ਰੈਕਟਿਸ ਕਰਨ ਵਾਲੇ ਇਸ ਗੁਜਰਾਤੀ ਡਾਕਟਰ ਦਾ ਨਾਂ ਦੀਪਕ ਪਟੇਲ ਹੈ। ਉਸ ਨੂੰ 10 ਸਾਲ ਲਈ ਅਦਾਲਤ ਨੇ ਮੁਅੱਤਲ ਕਰਨ ਦੇਣ ਬਾਰੇ ਹੁਕਮ ਸੁਣਾਇਆ ਹੈ।






ਦੱਸਣਯੋਗ ਹੈ ਕਿ ਉਸਨੂੰ ਇੱਕ ਨਾਬਾਲਗਾ ਨੂੰ ਉਸ ਵੱਲੋਂ ਗੰਦੇ ਸੁਨੇਹੇ ਭੇਜਣ ਦੇ ਦੋਸ਼ ਵਿਚ ਸਜ਼ਾ ਸੁਣਾਈ ਗਈ ਸੀ। ਮੁਅੱਤਲ ਜੇਲ੍ਹ ਦੀ ਸਜ਼ਾ ਤੋਂ ਇਲਾਵਾ ਭਾਰਤੀ ਡਾਕਟਰ ਦੀਪਕ ਪਟੇਲ ਨੂੰ ਤਿੰਨ ਸਾਲਾਂ ਲਈ ਨਿਗਰਾਨੀ ਅਧੀਨ ਪ੍ਰੋਬੇਸ਼ਨ 'ਤੇ ਰੱਖਿਆ ਜਾਵੇਗਾ। ਦੋਸ਼ੀ ਦੀਪਕ ਪਟੇਲ ਨੂੰ ਮਾਰਚ 2024 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸਨੂੰ ਕਲਪੇਪਰ ਕਾਉਂਟੀ ਦੀ ਜੇਲ੍ਹ ਵਿਚ ਰੱਖਿਆ ਗਿਆ ਸੀ। ਡਾਕਟਰ ਦੀਪਕ ਪਟੇਲ ਨੇ ਅਦਾਲਤ 'ਚ ਆਪਣਾ ਅਪਰਾਧ ਕਬੂਲ ਕਰ ਲਿਆ ਸੀ। ਅਦਾਲਤ ਨੇ ਕਿਹਾ ਕਿ ਉਸ ਨੂੰ ਜੇਲ੍ਹ ਨਹੀਂ ਭੇਜਿਆ ਜਾਵੇਗਾ ਪਰ ਉਸ ਦਾ ਨਾਂ ਸੈਕਸ ਅਪਰਾਧੀ ਵਜੋਂ ਦਰਜ ਰਹੇਗਾ। ਡਾਕਟਰ ਦੀਪਕ ਪਟੇਲ ਨੂੰ ਇੱਕ ਨਾਬਾਲਗ ਲੜਕੀ ਨੂੰ ਅਸ਼ਲੀਲ ਸੁਨੇਹੇ ਭੇਜਣ ਦੇ ਦੋਸ਼ ਵਿਚ ਨੌਕਰੀ ਤੋ ਮੁਅੱਤਲ ਕਰ ਦੇਣ ਦਾ ਹੁਕਮ ਸੁਣਾਇਆ ਗਿਆ ਹੈ। ਪਰ ਉਸਨੂੰ ਉਸ ਤੋਂ ਬਾਅਦ ਤਿੰਨ ਸਾਲ ਦੀ ਪ੍ਰੋਬੇਸ਼ਨ ਦੀ ਮਿਆਦ ਵੀ ਪੂਰੀ ਕਰਨੀ ਪਵੇਗੀ।

# ਟਰੰਪ ਦੀ ਲੋਕਪ੍ਰਿਅਤਾ 'ਚ ਵੱਡੀ ਗਿਰਾਵਟ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਲੋਕਪ੍ਰਿਅਤਾ ਵਿਚ ਵੱਡੇ ਪੱਧਰ 'ਤੇ ਗਿਰਾਵਟ ਵੇਖਣ ਨੂੰ ਮਿਲੀ ਹੈ। ਇਕ ਤਾਜ਼ਾ ਸਰਵੇਖਣ ਵਿਚ ਸਿਰਫ 42 ਫੀਸਦੀ ਅਮਰੀਕੀਆਂ ਨੇ ਰਾਸ਼ਟਰਪਤੀ ਦੇ ਹੱਕ ਵਿਚ ਹਾਮੀ ਭਰੀ ਹੈ। 29 ਅਪ੍ਰੈਲ ਨੂੰ ਜਾਰੀ ਕੀਤੇ ਸਰਵੇਖਣ ਅਨੁਸਾਰ ਪਿਛਲੇ 50 ਸਾਲਾਂ ਦੌਰਾਨ ਕਿਸੇ ਵੀ ਨਵੇਂ ਚੁਣੇ ਰਾਸ਼ਟਰਪਤੀ ਦੀ ਇੰਨੇ ਥੋੜ੍ਹੇ ਕਾਰਜਕਾਲ ਦੌਰਾਨ ਇਸ ਪੱਧਰ ਤੱਕ ਲੋਕਪ੍ਰਿਅਤਾ ਨਹੀਂ ਘਟੀ। ਇਹ ਸਰਵੇਖਣ ਟਰੰਪ ਸ਼ਾਸਨ ਦੇ 100 ਦਿਨ ਪੂਰੇ ਹੋਣ ਉਪਰੰਤ 21 ਤੋਂ 23 ਅਪ੍ਰੈਲ ਦਰਮਿਆਨ ਕੀਤਾ ਗਿਆ। ਇਸ ਤੋਂ ਪਹਿਲਾਂ ਸੀ.ਐੱਨ.ਐੱਨ., ਦਿ ਇਕਾਨੋਮਿਸਟ/ਯੂਗੋਵ ਵੱਲੋਂ ਕੀਤੇ ਸਰਵੇਖਣ ਵਿਚ ਵੀ ਇਸ ਕਿਸਮ ਦਾ ਨਤੀਜਾ ਹੀ ਸਾਹਮਣੇ ਆਇਆ ਸੀ ਤੇ ਸਿਰਫ 41 ਫੀਸਦੀ ਅਮਰੀਕੀਆਂ ਨੇ ਟਰੰਪ ਦਾ ਸਮਰਥਨ ਕੀਤਾ ਸੀ। ਐੱਨ.ਪੀ.ਆਰ./ ਪੀ.ਬੀ.ਐੱਸ. ਨਿਊਜ਼ ਤੇ ਮਾਰਿਸਟ ਦੇ ਸਰਵੇਖਣ ਅਨੁਸਾਰ ਜਦੋਂ ਲੋਕਾਂ ਨੂੰ ਹੁਣ ਤੱਕ ਦੀ ਕਾਰਗੁਜ਼ਾਰੀ ਬਾਰੇ ਪੁੱਛਿਆ ਗਿਆ ਤਾਂ ਤਕਰੀਬਨ 50 ਫੀਸਦੀ ਨੇ ਟਰੰਪ ਨੂੰ ਫੇਲ ਗਰੇਡ ਦਿੱਤਾ, ਜਦਕਿ ਸਿਰਫ 23 ਫੀਸਦੀ ਨੇ 'ਏ' ਗਰੇਡ ਦਿੱਤਾ। ਸਰਵੇਖਣ ਵਿਚ ਸ਼ਾਮਲ 51 ਫੀਸਦੀ ਅਮਰੀਕੀਆਂ ਨੇ ਕਿਹਾ ਟਰੰਪ ਦੇਸ਼ ਨੂੰ 'ਬਦਤਰ' ਸਥਿੱਤੀ ਵੱਲ ਲਿਜਾ ਰਹੇ ਹਨ। ਪਿਛਲੇ ਮਹੀਨੇ ਇਹ ਦਰ 48 ਫੀਸਦੀ ਸੀ। 42 ਫੀਸਦੀ ਨੇ ਕਿਹਾ ਕਿ ਟਰੰਪ 'ਚੰਗੇ ਲਈ ਬਦਲਾਅ' ਕਰ ਰਹੇ ਹਨ। ਅਪ੍ਰੈਲ ਵਿਚ ਇਹ ਦਰ 45 ਫੀਸਦੀ ਸੀ। ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਅਰਥਵਿਵਸਥਾ ਤੇ ਇਮੀਗ੍ਰੇਸ਼ਨ ਦੇ ਦੋ ਮੁੱਖ ਮੁੱਦੇ ਸਨ ਤੇ ਟਰੰਪ ਪ੍ਰਸ਼ਾਸਨ ਦੇ ਸ਼ੁਰੂਆਤੀ ਮਹੀਨਿਆਂ ਦੌਰਾਨ ਵੀ ਇਹ ਹੀ ਮੁੱਦੇ ਭਾਰੂ ਰਹੇ।




# ਪਾਕਿ ਵੱਲੋਂ ਮਕਬੂਜ਼ਾ ਕਸ਼ਮੀਰ ਅਤੇ ਗਿਲਗਿਤ ਬਾਲਤਿਸਤਾਨ ਦਾ ਹਵਾਈ ਖੇਤਰ ਬੰਦ

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਵੱਲੋਂ ਸੰਭਾਵੀ ਹਮਲੇ ਦੇ ਮੱਦੇਨਜ਼ਰ ਪਾਕਿਸਤਾਨ ਨੇ ਗਿਲਗਿਤ-ਬਾਲਤਿਸਤਾਨ ਸਮੇਤ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਦੇ ਵੱਡੇ ਹਿੱਸਿਆਂ 'ਤੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਪਾਕਿਸਤਾਨ ਨੇ ਪੀ.ਓ.ਕੇ. ਵਿਚ ਸਿਵਲ ਉਡਾਣ ਦੇ ਰੂਟਾਂ ਨੂੰ ਬੰਦ ਕਰਨ ਬਾਰੇ ਇਕ ਏਅਰਮੈਨ (ਨੋਟਮ) ਨੋਟਿਸ ਜਾਰੀ ਕੀਤਾ ਹੈ। ਇਸ ਵਿਚ ਜੰਮੂ-ਕਸ਼ਮੀਰ 'ਚ ਕਠੂਆ-ਜੰਮੂ-ਰਾਜੌਰੀ-ਪੁਣਛ ਧੁਰੇ ਦੇ ਪੱਛਮ ਵਿਚ ਸਥਿਤ ਪੀ.ਓ.ਕੇ. ਦਾ ਹਿੱਸਾ ਸ਼ਾਮਲ ਹੈ।

ਲੱਦਾਖ ਦੇ ਉੱਤਰ 'ਚ ਸਥਿਤ ਗਿਲਗਿਤ-ਬਾਲਤਿਸਤਾਨ ਉੱਤੇ ਵੀ ਹਵਾਈ ਖੇਤਰ ਬੰਦ ਹੈ। ਭਾਰਤ ਕੋਲ ਪਹਿਲਾਂ ਹੀ ਲੱਦਾਖ ਵਿਚ ਆਪਣੀਆਂ ਹਵਾਈ ਸੰਪਤੀਆਂ ਹਨ ਅਤੇ ਇਹ ਰਾਵਲਪਿੰਡੀ ਵਿਖੇ ਪਾਕਿ ਫੌਜ ਦੇ ਹੈੱਡਕੁਆਰਟਰ ਵਿਚ ਇਕ ਡਰ ਵਜੋਂ ਹੋ ਸਕਦਾ ਹੈ। ਗੌਰਤਲਬ ਹੈ ਕਿ ਨਿਰਧਾਰਤ ਖੇਤਰਾਂ 'ਤੇ ਹਵਾਈ ਖੇਤਰ ਬੰਦ ਕਰਨ ਨਾਲ ਇਕ ਸਪੱਸ਼ਟ ਰਡਾਰ ਤਸਵੀਰ ਮਿਲਦੀ ਹੈ। ਕਿਉਂਕਿ ਨਾਗਰਿਕ ਉਡਾਣ ਮੁਅੱਤਲ ਹੈ, ਇਸ ਤੋਂ ਇਲਾਵਾ ਹੋਰ ਕੋਈ ਉਡਾਣ ਫੌਜੀ ਜਹਾਜ਼, ਯੂ.ਏ.ਵੀ., ਮਿਜ਼ਾਈਲ ਜਾਂ ਹੈਲੀਕਾਪਟਰ ਹੋਣਾ ਚਾਹੀਦਾ ਹੈ। ਇਹ ਜ਼ਮੀਨੀ ਕੰਟਰੋਲਰਾਂ ਨੂੰ ਰਾਡਾਰ ਸਕ੍ਰੀਨਾਂ 'ਤੇ ਕੁਝ ਵੀ ਦਿਖਾਈ ਦੇਣ 'ਤੇ ਤੁਰੰਤ ਕਾਰਵਾਈ ਕਰਨ ਵਿਚ ਸਹਿਯੋਗ ਦਿੰਦਾ ਹੈ।

ਹਵਾਈ ਖੇਤਰ ਬੰਦ ਕਰਨ ਦੀ ਇਹ ਕਾਰਵਾਈ ਕਰਾਚੀ ਦੇ ਪੱਛਮ ਖੇਤਰ ਵਿਚ ਹਵਾਈ ਖੇਤਰ ਬੰਦ ਦਾ ਇਕ ਹਿੱਸਾ ਹੈ, ਜਿੱਥੇ ਪਹਿਲਾਂ ਅਭਿਆਸ ਜਾਰੀ ਹੈ। ਇਸ ਵਿਚ ਜ਼ਮੀਨ ਤੋਂ ਸਮੁੰਦਰ ਵੱਲ ਦਾਗੀਆਂ ਜਾਣ ਵਾਲੀਆਂ ਮਿਜ਼ਾਈਲਾਂ ਸ਼ਾਮਲ ਹੋਣਗੀਆਂ। 1971 ਦੀ ਜੰਗ ਦੌਰਾਨ ਭਾਰਤ ਨੇ ਕਰਾਚੀ ਬੰਦਰਗਾਹ 'ਤੇ ਸਮੁੰਦਰ ਤੋਂ ਹਮਲਾ ਕੀਤਾ ਸੀ। ਭਾਰਤ ਅਤੇ ਪਾਕਿਸਤਾਨ ਹੁਣ ਅਰਬ ਸਾਗਰ ਵਿਚ ਗੁਜਰਾਤ ਦੇ ਪੱਛਮ ਵਿਚ ਇਕ ਤੀਬਰ ਜਲ ਸੈਨਾ ਅਭਿਆਸ ਕਰ ਰਹੇ ਹਨ।

### ਦੋਹਾਂ ਦੇਸ਼ਾਂ ਵੱਲੋਂ ਚੇਤਾਵਨੀ ਨੋਟਿਸ ਜਾਰੀ

ਦੋਹਾਂ ਦੇਸ਼ਾਂ ਨੇ 'ਨੈਵ-ਏਰੀਆ ਚੇਤਾਵਨੀ' ਨਾਮਕ ਜਨਤਕ ਨੋਟਿਸ ਜਾਰੀ ਕੀਤੇ ਹਨ, ਜਿਸ ਵਿਚ ਸਮੁੰਦਰੀ ਜਹਾਜ਼ਾਂ ਨੂੰ ਅਭਿਆਸਾਂ ਅਤੇ ਸਮੁੰਦਰ ਵਿਚ ਇਨ੍ਹਾਂ ਖੇਤਰਾਂ ਤੋਂ ਦੂਰ ਰਹਿਣ ਦੀ ਜ਼ਰੂਰਤ ਬਾਰੇ ਸੂਚਿਤ ਕੀਤਾ ਗਿਆ ਹੈ। ਪਾਕਿਸਤਾਨ ਅਤੇ ਭਾਰਤ ਆਪੋ ਆਪਣੇ ਪਾਣੀਆਂ ਦੇ ਖੇਤਰ ਵਿਚ ਅਭਿਆਸ ਕਰ ਰਹੇ ਹਨ। ਸਮੁੰਦਰ ਵਿਚ ਅਭਿਆਸਾਂ ਦਾ ਨੋਟਿਸ ਦਰਸਾਉਂਦਾ ਹੈ ਕਿ ਦੋ ਪ੍ਰਮਾਣੂ ਹਥਿਆਰਬੰਦ ਦੇਸ਼ਾਂ ਦੀਆਂ ਜਲ ਸੈਨਾਵਾਂ ਸਿਰਫ਼ 150 ਕਿਲੋਮੀਟਰ ਦੂਰ ਹੋਣਗੀਆਂ। ਉਧਰ ਭਾਰਤੀ ਜਲ ਸੈਨਾ ਨੇ ਅਰਬ ਸਾਗਰ 'ਚ ਆਪਣੀ ਫੌਜੀ ਮੌਜੂਦਗੀ ਵਧਾ ਦਿੱਤੀ ਹੈ ਅਤੇ ਪਾਕਿਸਤਾਨ ਨਾਲ ਵਧੇ ਤਣਾਅ ਦੇ ਵਿਚਕਾਰ ਭਾਰਤ ਦੇ ਵਿਸ਼ੇਸ਼ ਆਰਥਿਕ ਖੇਤਰ (ਈ.ਈ.ਜ਼ੈਡ) ਦੇ ਅੰਦਰ ਵਿਆਪਕ ਅਭਿਆਸ ਕਰ ਰਹੀ ਹੈ। ਜਲ ਸੈਨਾ ਦੇ ਜੰਗੀ ਜਹਾਜ਼ਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ, ਜਿਸ ਵਿਚ ਕਈ ਐਂਟੀ-ਸ਼ਿਪ ਅਤੇ ਐਂਟੀ-ਏਅਰਕ੍ਰਾਫਟ ਫਾਇਰਿੰਗ ਅਭਿਆਸਾਂ ਸਮੇਤ ਲੜਾਈ ਸਮਰੱਥਾਵਾਂ ਦੇ ਹਾਲ ਹੀ ਦੇ ਪ੍ਰਦਰਸ਼ਨ ਜਾਰੀ ਹਨ।

## ਅਲਾਹਾਬਾਦ ਹਾਈਕੋਰਟ ਵੱਲੋਂ ਰਾਹੁਲ ਦੀ ਨਾਗਰਿਕਤਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦਾ ਨਿਬੇੜਾ

ਲਖਨਊ, (ਪੰਜਾਬ ਮੇਲ)- ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਦੀ ਨਾਗਰਿਕਤਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ ਹੈ। ਅਦਾਲਤ ਨੇ ਪਟੀਸ਼ਨਰ ਨੂੰ ਹੋਰ ਕਾਨੂੰਨੀ ਰਾਹ ਅਪਣਾਉਣ ਦੀ ਛੋਟ ਦਿੱਤੀ ਹੈ। ਜਸਟਿਸ ਏ.ਆਰ. ਮਸੂਦੀ ਤੇ ਜਸਟਿਸ ਰਾਜੀਵ ਸਿੰਘ ਦੇ ਡਿਵੀਜ਼ਨ ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਪਟੀਸ਼ਨਰ ਦੀ ਸ਼ਿਕਾਇਤ ਦੇ ਹੱਲ ਲਈ ਕੋਈ ਸਮਾਂ-ਸੀਮਾ ਨਹੀਂ ਦੇ ਰਹੀ। ਅਜਿਹੇ 'ਚ ਇਸ ਪਟੀਸ਼ਨ ਨੂੰ ਪੈਂਡਿੰਗ ਰੱਖਣ ਦੀ ਕੋਈ ਤੁਕ ਨਹੀਂ ਹੈ। ਅਦਾਲਤ ਨੇ ਪਟੀਸ਼ਨਰ ਨੂੰ ਕਿਹਾ ਕਿ ਉਹ ਹੋਰ ਬਦਲਵੇਂ ਕਾਨੂੰਨੀ ਉਪਾਅ ਅਪਣਾਉਣ ਲਈ ਆਜ਼ਾਦ ਹੈ। ਬੀਤੀ 21 ਅਪ੍ਰੈਲ ਨੂੰ ਅਦਾਲਤ ਨੂੰ ਦੱਸਿਆ ਗਿਆ ਸੀ ਕਿ ਕੇਂਦਰ ਨੇ ਬਰਤਾਨੀਆ ਤੋਂ ਰਾਹੁਲ ਗਾਂਧੀ ਦੀ ਨਾਗਰਿਕਤਾ ਬਾਰੇ ਜਾਣਕਾਰੀ ਮੰਗੀ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'-9", ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ 'ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐਪ ਨੰਬਰ : (706) 206-2516

845

## ਕੰਜ਼ਰਵੇਟਿਵ ਉਮੀਦਵਾਰ ਨੇ ਜਿੱਤੀ ਸੀਟ ਆਪਣੇ ਪਾਰਟੀ ਦੇ ਆਗੂ ਲਈ ਛੱਡੀ



ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਸੰਘੀ ਚੋਣਾਂ 'ਚ ਅਲਬਰਟਾ ਤੋਂ ਕੰਜ਼ਰਵੇਟਿਵ ਉਮੀਦਵਾਰ ਵਜੋਂ 82 ਫੀਸਦੀ ਵੋਟਾਂ ਲੈ ਕੇ ਚੁਣੇ ਗਏ ਐੱਮ.ਪੀ. ਡੈਮੀਏਨ ਕੁਰਕ ਨੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਆਪਣੀ ਪਾਰਟੀ ਦੇ ਆਗੂ ਪੀਅਰ ਪੋਲੀਵਰ ਨੂੰ ਉੱਥੋਂ ਚੋਣ ਲੜਨ ਦੀ ਪੇਸ਼ਕਸ਼ ਕਰਦਿਆਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਸੀਟ ਖਾਲੀ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਹਾਲ ਦੀ ਦੀਆਂ ਸੰਸਦੀ ਚੋਣਾਂ ਮੌਕੇ ਪਾਰਟੀ ਆਗੂ ਖ਼ੁਦ ਚੋਣ ਹਾਰ ਗਏ ਸੀ। ਪੋਲੀਵਰ ਨੇ ਡੈਮੀਏਨ ਦੀ ਨਿਰਸਵਾਰਥ ਭਾਵਨਾ ਦੀ ਪ੍ਰਸ਼ੰਸਾ ਕਰਦਿਆਂ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ ਹੈ, ਜਿਸਦੀ ਜਾਣਕਾਰੀ ਉਨ੍ਹਾਂ 'ਐਕਸ' ਤੇ ਪੋਸਟ ਪਾਕੇ ਸਾਂਝੀ ਕੀਤੀ। ਜ਼ਿਕਰਯੋਗ ਹੈ ਕਿ ਓਟਵਾ ਦੇ ਗੁਆਂਢੀ ਹਲਕੇ ਕਾਰਲਟਨ ਤੋਂ 20 ਸਾਲਾਂ ਤੋਂ ਜਿੱਤਦੇ ਆ ਰਹੇ ਕੰਜ਼ਰਵੇਟਿਵ ਪਾਰਟੀ ਆਗੂ ਨੂੰ ਇਸ ਵਾਰ ਉਥੋਂ ਦੇ ਲੋਕਾਂ ਨੇ ਬੁਰੀ ਤਰ੍ਹਾਂ ਹਰਾਇਆ ਹੈ। ਲਿਬਰਲ ਆਗੂ ਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਕ ਦਿਨ ਪਹਿਲਾਂ ਹੀ ਇਹ ਸੰਕੇਤ ਦੇ ਦਿੱਤਾ ਸੀ ਕਿ ਵਿਰੋਧੀ ਆਗੂ ਵਲੋਂ ਆਪਣੇ ਇਕ ਸਾਂਸਦ ਨੂੰ ਆਪਣੇ ਲਈ ਸੀਟ ਖਾਲੀ ਕਰਨ ਲਈ ਮਨਾਇਆ ਜਾ ਰਿਹਾ ਹੈ, ਜਿਸਦਾ ਉਹ ਸਵਾਗਤ ਕਰਨਗੇ ਅਤੇ ਉਥੇ ਜਲਦ ਚੋਣ ਕਰਵਾਉਣ ਦੇ ਯਤਨ ਕੀਤੇ ਜਾਣਗੇ।

# ਕੈਨੇਡਾ, ਅਮਰੀਕਾ ਨੂੰ ਪਛਾੜ ਆਸਟ੍ਰੇਲੀਆ ਬਣਿਆ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ

ਸਿਡਨੀ, (ਪੰਜਾਬ ਮੇਲ)- ਸੁਨਹਿਰੇ ਭਵਿੱਖ ਲਈ ਭਾਰਤੀ ਵਿਦਿਆਰਥੀ ਅਕਸਰ ਵਿਦੇਸ਼ਾਂ ਵਿਚ ਪੜ੍ਹਨ ਜਾਂਦੇ ਹਨ। ਹਾਲ ਹੀ ਵਿਚ ਅੰਤਰਰਾਸ਼ਟਰੀ ਸਿੱਖਿਆ ਪ੍ਰਦਾਤਾ ਆਈ.ਡੀ.ਪੀ. ਐਜੂਕੇਸ਼ਨ ਦੁਆਰਾ ਮਾਰਚ 2025 ਵਿਚ ਕੀਤੇ ਗਏ ਇੱਕ ਨਵੇਂ ਗਲੋਬਲ ਸਰਵੇਖਣ ਅਨੁਸਾਰ ਸੰਯੁਕਤ ਰਾਜ ਅਮਰੀਕਾ ਨੂੰ ਪਛਾੜ ਕੇ ਆਸਟ੍ਰੇਲੀਆ ਭਾਰਤੀ ਵਿਦਿਆਰਥੀਆਂ ਲਈ ਸਿਖਰਲਾ ਅਧਿਐਨ ਸਥਾਨ ਬਣ ਗਿਆ ਹੈ। ਭਾਰਤੀ ਵਿਦਿਆਰਥੀਆਂ ਵਿਚ ਪਹਿਲੀ ਪਸੰਦ ਦੀ ਤਰਜੀਹਾਂ ਦੇ ਮਾਮਲੇ 'ਚ ਆਸਟ੍ਰੇਲੀਆ 28% ਹੈ, ਜੋ ਅਮਰੀਕਾ (22%) ਅਤੇ ਯੂ.ਕੇ. (21%) ਤੋਂ ਅੱਗੇ ਹੈ। ਕੈਨੇਡਾ ਦੀ ਲੋਕਪ੍ਰਿਅਤਾ ਵਿਚ ਤੇਜ਼ੀ ਨਾਲ ਗਿਰਾਵਟ ਆਈ ਹੈ, ਜੋ ਘੱਟ ਕੇ 13% ਹੋ ਗਈ, ਜੋ ਕਿ ਮਾਰਚ 2024 ਤੋਂ 6% ਦੀ ਘੱਟ ਹੈ।

ਵਧਦੀ ਟਿਊਸ਼ਨ ਫੀਸਾਂ ਅਤੇ ਵੀਜ਼ਾ ਲਾਗਤਾਂ ਦੇ ਬਾਵਜੂਦ ਆਸਟ੍ਰੇਲੀਆ ਅਕਾਦਮਿਕ ਗੁਣਵੱਤਾ, ਆਸਟ੍ਰੇਲੀਆ-ਭਾਰਤ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤੇ (ਏ.ਆਈ-ਈ.ਸੀ.ਟੀ.ਏ.) ਦੇ ਤਹਿਤ ਵਧੇ ਹੋਏ ਅਧਿਐਨ ਤੋਂ ਬਾਅਦ ਦੇ ਕੰਮ ਦੇ ਅਧਿਕਾਰਾਂ ਅਤੇ ਸੁਰੱਖਿਆ ਵਰਗੇ ਕਾਰਕਾਂ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਦਾ ਹੈ। ਆਈ.ਡੀ.ਪੀ. ਐਜੂਕੇਸ਼ਨ ਟੂ ਬਿਜ਼ਨਸ ਸਟੈਂਡਰਡ ਦੇ ਖੇਤਰੀ ਨਿਰਦੇਸ਼ਕ ਨੇ ਕਿਹਾ, "ਬਹੁਤ ਸਾਰੇ ਪਰਿਵਾਰ ਇਸਨੂੰ ਇੱਕ ਲੰਬੇ ਸਮੇਂ ਦੇ ਨਿਵੇਸ਼ ਵਜੋਂ ਦੇਖਦੇ ਹਨ।" ਦੁਨੀਆਂ ਭਰ ਦੇ 6,000 ਤੋਂ ਵੱਧ ਵਿਦਿਆਰਥੀਆਂ ਦੇ ਜਵਾਬਾਂ 'ਤੇ ਆਧਾਰਿਤ ਐਮਰਜਿੰਗ ਫਿਊਚਰਜ਼ ਸੇਵਨ ਰਿਪੋਰਟ, ਜਿਸ ਵਿਚ ਭਾਰਤ ਦੇ 1,400 ਵਿਦਿਆਰਥੀ ਸ਼ਾਮਲ ਹਨ, ਨੇ ਇਹ ਉਜਾਗਰ ਕੀਤਾ ਹੈ ਕਿ ਵਿਦਿਆਰਥੀਆਂ ਦੀਆਂ ਚੋਣਾਂ ਪਿੱਛੇ ਨੌਕਰੀ ਦੀਆਂ ਸੰਭਾਵਨਾਵਾਂ ਇੱਕ ਪ੍ਰਮੁੱਖ ਚਾਲਕ ਹਨ। ਲਗਭਗ 77% ਭਾਰਤੀ ਉੱਤਰਦਾਤਾਵਾਂ ਨੇ ਕਿਹਾ ਕਿ ਉਹ ਕਰੀਅਰ ਦੀ ਤਰੱਕੀ ਲਈ ਅੰਤਰਰਾਸ਼ਟਰੀ ਸਿੱਖਿਆ ਨੂੰ ਅਪਣਾਉਂਦੇ ਹਨ ਅਤੇ 70% ਨੇ ਕੰਮ ਦੀਆਂ ਪਲੇਸਮੈਂਟਾਂ ਤੱਕ ਪਹੁੰਚ ਨੂੰ ਸਭ ਤੋਂ ਮਹੱਤਵਪੂਰਨ ਅਕਾਦਮਿਕ ਕਾਰਕ ਵਜੋਂ ਦਰਜਾ ਦਿੱਤਾ।

ਜਦੋਂਕਿ ਅਮਰੀਕਾ ਆਪਣੀ ਸਿੱਖਿਆ ਦੀ ਗੁਣਵੱਤਾ ਕਾਰਨ ਮਜ਼ਬੂਤ ਬਣਿਆ ਹੋਇਆ ਹੈ। ਦੋ ਤਿਹਾਈ (66%) ਵਿਦਿਆਰਥੀਆਂ ਨੇ ਲਾਗਤ ਅਤੇ ਵਿੱਤ ਨੂੰ ਆਪਣੀ ਪ੍ਰਮੁੱਖ ਚਿੰਤਾ ਵਜੋਂ ਦੱਸਿਆ। ਇਸ ਤੋਂ ਇਲਾਵਾ ਵੀਜ਼ਾ ਮੁੱਦੇ (47%), ਰਿਹਾਇਸ਼ (43%) ਅਤੇ ਪੜ੍ਹਾਈ ਨਾਲ ਕੰਮ ਨੂੰ ਸੰਤੁਲਿਤ ਕਰਨਾ (39%) ਵਰਗੇ ਮੁੱਦੇ ਸ਼ਾਮਲ ਹਨ। ਅਕਾਦਮਿਕ ਸਾਖ ਅਜੇ ਵੀ ਮਾਇਨੇ ਰੱਖਦੀ ਹੈ—67% ਵਿਦਿਆਰਥੀਆਂ ਨੇ ਸਿੱਖਿਆ ਦੀ ਗੁਣਵੱਤਾ ਨੂੰ ਵਿਦੇਸ਼ ਜਾਣ ਦਾ ਇੱਕ ਮੁੱਖ ਕਾਰਨ ਦੱਸਿਆ।

# ਸੁੱਚਾ ਸਿੰਘ ਛੋਟੇਪੁਰ ਨੂੰ ਨਹੀਂ ਮਿਲੀ ਅਮਰੀਕਾ ਜਾਣ ਦੀ ਇਜਾਜ਼ਤ

**ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪਾਸਪੋਰਟ ਕੀਤਾ ਜ਼ਬਤ**



ਗੁਰਦਾਸਪੁਰ, (ਪੰਜਾਬ ਮੇਲ)- ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੂੰ ਲਾਸ ਏਂਜਲਸ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਗੁਰਦਾਸਪੁਰ ਜ਼ਿਲ੍ਹੇ ਦੇ ਤਤਕਾਲੀ ਧਾਰੀਵਾਲ ਵਿਧਾਨ ਸਭਾ ਹਲਕੇ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਛੋਟੇਪੁਰ ਆਪਣੀ ਪੋਤਰੀ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਲਾਸ ਏਂਜਲਸ ਜਾ ਰਹੇ ਸਨ। 28 ਅਤੇ 29 ਅਪ੍ਰੈਲ ਦੀ ਵਿਚਕਾਰਲੀ ਰਾਤ ਨੂੰ ਜਦੋਂ ਛੋਟੇਪੁਰ ਕਤਰ ਏਅਰਵੇਜ਼ ਦੀ ਉਡਾਣ ਰਾਹੀਂ ਲਾਸ ਏਂਜਲਸ ਜਾਣ ਲਈ ਦਿੱਲੀ ਪਹੁੰਚੇ, ਤਾਂ ਹਵਾਈ ਅੱਡੇ ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕਿਆ ਅਤੇ ਪੁੱਛਗਿੱਛ ਸ਼ੁਰੂ ਕਰ ਦਿੱਤੀ। ਟੂਰਿਸਟ ਵੀਜ਼ਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਯਾਤਰਾ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਛੋਟੇਪੁਰ ਅਨੁਸਾਰ ਉਨ੍ਹਾਂ ਅਧਿਕਾਰੀਆਂ ਨੂੰ ਦੱਸਿਆ ਕਿ ਉਨ੍ਹਾਂ ਖ਼ਿਲਾਫ ਕੋਈ ਵੀ ਸਿਵਲ ਜਾਂ ਅਪਰਾਧਿਕ ਕੇਸ ਲੰਬਿਤ ਨਹੀਂ ਹੈ। ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਸਿਰਫ਼ ਇੰਨਾ ਕਿਹਾ ਗਿਆ ਕਿ ਉਨ੍ਹਾਂ ਦੇ ਪਾਸਪੋਰਟ ਦੀ ਦੁਰਵਰਤੋਂ ਕੀਤੀ ਗਈ ਹੈ, ਜਦਕਿ ਨਾ ਤਾਂ ਕਦੇ ਉਨ੍ਹਾਂ ਕਿਸੇ ਨੂੰ ਆਪਣਾ ਪਾਸਪੋਰਟ ਦਿੱਤਾ ਅਤੇ ਨਾ ਹੀ ਇਸ ਦੀ ਚੋਰੀ ਹੋਈ। ਉਨ੍ਹਾਂ ਨੂੰ ਕਿਹਾ ਗਿਆ ਕਿ 10-15 ਦਿਨ ਬਾਅਦ ਉਨ੍ਹਾਂ ਦਾ ਪਾਸਪੋਰਟ ਜਲੰਧਰ ਸਥਿਤ ਪਾਸਪੋਰਟ ਦਫਤਰ ਪਹੁੰਚ ਜਾਵੇਗਾ ਅਤੇ ਪੂਰੀ ਗੱਲ ਪਤਾ ਲੱਗ ਜਾਵੇਗੀ। ਗੁਰਦਾਸਪੁਰ ਤੋਂ 15 ਕਿੱਲੋਮੀਟਰ ਦੂਰ ਪਿੰਡ ਛੋਟੇਪੁਰ ਵਾਸੀ ਸੁੱਚਾ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ 2019 'ਚ ਜਲੰਧਰ ਖੇਤਰੀ ਪਾਸਪੋਰਟ ਦਫ਼ਤਰ (ਆਰ.ਪੀ.ਓ.) ਤੋਂ ਪਾਸਪੋਰਟ ਨਵਿਆਇਆ ਸੀ। ਉਹ ਕਈ ਵਾਰ ਵਿਦੇਸ਼ ਯਾਤਰਾ ਕਰ ਚੁੱਕੇ ਹਨ।

# ਅਮਰੀਕਾ ਵੱਲੋਂ ਭਾਰਤ ਦੇ ਸਵੈ-ਰੱਖਿਆ ਦੇ ਅਧਿਕਾਰ ਦਾ ਸਮਰਥਨ

ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕਾ ਨੇ ਵੀਰਵਾਰ ਨੂੰ ਕਿਹਾ ਕਿ ਉਹ ਭਾਰਤ ਦੇ ਆਪਣੇ ਬਚਾਅ ਦੇ ਸਹੀ ਅਧਿਕਾਰ ਅਤੇ ਅੱਤਵਾਦ ਵਿਰੁੱਧ ਲੜਾਈ ਦਾ ਸਮਰਥਨ ਕਰਦਾ ਹੈ। ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੇਥ ਨੇ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧ ਰਹੇ ਤਣਾਅ ਦੇ ਵਿਚਕਾਰ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਟੈਲੀਫੋਨ ਉਤੇ ਗੱਲਬਾਤ ਕੀਤੀ।

ਰਾਜਨਾਥ ਸਿੰਘ ਨੇ ਹੈਗਸੇਥ ਨੂੰ ਦੱਸਿਆ ਕਿ ਪਾਕਿਸਤਾਨ ਨੂੰ ਇੱਕ "ਮਾੜੇ" ਮੁਲਕ ਵਜੋਂ "ਬੇਪਰਦ" ਕੀਤਾ ਗਿਆ ਹੈ, ਜੋ ਆਲਮੀ ਦਹਿਸ਼ਤਗਰਦੀ ਨੂੰ ਹਵਾ ਦਿੰਦਾ ਹੈ ਅਤੇ ਖੇਤਰ ਨੂੰ "ਅਸਥਿਰ" ਕਰਦਾ ਹੈ। ਇੱਕ ਅਧਿਕਾਰਤ ਜਾਣਕਾਰੀ ਦੇ ਅਨੁਸਾਰ, ਰੱਖਿਆ ਮੰਤਰੀ ਨੇ ਗੱਲਬਾਤ ਦੌਰਾਨ ਕਿਹਾ ਕਿ ਦੁਨੀਆਂ ਹੁਣ ਅੱਤਵਾਦ ਵੱਲ "ਅੱਖਾਂ ਬੰਦ" ਕਰਕੇ ਨਹੀਂ ਬੈਠ ਸਕਦੀ।

ਰੱਖਿਆ ਮੰਤਰੀ ਦੇ ਦਫਤਰ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਦੱਸਿਆ ਕਿ ਹੈਗਸੇਥ ਨੇ ਕਿਹਾ ਕਿ ਅਮਰੀਕਾ ਭਾਰਤ ਨਾਲ ਇਕਮੁੱਠਤਾ ਵਿਚ ਖੜ੍ਹਾ ਹੈ ਅਤੇ ਭਾਰਤ ਦੇ ਆਪਣੇ ਸਵੈ-ਰੱਖਿਆ ਦੇ ਅਧਿਕਾਰ ਦੀ ਹਮਾਇਤ ਕਰਦਾ ਹੈ। ਇਸ ਵਿਚ ਕਿਹਾ ਗਿਆ ਹੈ, "ਉਨ੍ਹਾਂ ਨੇ ਅੱਤਵਾਦ ਵਿਰੁੱਧ ਭਾਰਤ ਦੀ ਲੜਾਈ ਵਿਚ ਅਮਰੀਕੀ ਸਰਕਾਰ ਦੇ ਮਜ਼ਬੂਤ ਸਮਰਥਨ ਦੇ ਭਰੋਸੇ ਨੂੰ ਦੁਹਰਾਇਆ।"

ਰੱਖਿਆ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਰੀਡਆਊਟ ਵਿਚ ਕਿਹਾ ਗਿਆ ਹੈ, "ਰੱਖਿਆ ਮੰਤਰੀ ਨੇ ਅਮਰੀਕੀ ਰੱਖਿਆ ਮੰਤਰੀ ਨੂੰ ਦੱਸਿਆ ਕਿ ਪਾਕਿਸਤਾਨ ਦਾ ਅੱਤਵਾਦੀ ਸੰਗਠਨਾਂ ਦਾ ਸਮਰਥਨ, ਸਿਖਲਾਈ ਅਤੇ ਫੰਡਿੰਗ ਕਰਨ ਦਾ ਪੁਰਾਣਾ ਇਤਿਹਾਸ ਰਿਹਾ ਹੈ।"

# ਟੋਰਾਂਟੋ 'ਚ ਪੁਲਿਸ ਵੱਲੋਂ ਚੋਰੀ ਦੇ ਸਾਮਾਨ ਸਮੇਤ ਚਾਰ ਪੰਜਾਬੀ ਕਾਬੂ

ਵਿਨੀਪੈਗ, (ਪੰਜਾਬ ਮੇਲ)- ਟੋਰਾਂਟੋ ਸ਼ਹਿਰ ਵਿਚ ਯਾਰਕ ਰਿਜਨਲ ਪੁਲਿਸ ਨੇ ਚਾਰ ਪੰਜਾਬੀਆਂ ਸਣੇ ਛੇ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 30 ਲੱਖ ਕੈਨੇਡੀਅਨ ਡਾਲਰ (ਲਗਪਗ 18 ਕਰੋੜ ਰੁਪਏ) ਦਾ ਚੋਰੀ ਦਾ ਸਾਮਾਨ ਬਰਾਮਦ ਕੀਤਾ ਹੈ। ਪੁਲਿਸ ਨੇ ਦੱਸਿਆ ਕਿ 'ਪ੍ਰਾਜੈਕਟ ਸਟੀਲ ਐਂਨ ਸਪਿਰਿਟ' ਤਹਿਤ ਦਸੰਬਰ 2024 ਤੋਂ ਮਾਰਚ 2025 ਵਿਚਾਲੇ ਕੀਤੀ ਗਈ ਜਾਂਚ-ਪੜਤਾਲ ਦੇ ਆਧਾਰ 'ਤੇ ਇਸ ਚੋਰ ਗਰੋਹ ਦਾ ਪਰਦਾਫਾਸ਼ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਗਰੇਟਰ ਟੋਰਾਂਟੋ ਏਰੀਆ ਵਿਚ ਹੋਲਸੇਲਰਾਂ ਅਤੇ ਰਿਟੇਲ ਸਟੋਰ ਵਾਲਿਆਂ ਨੂੰ ਨਿਸ਼ਾਨਾ ਬਣਾਉਂਦੇ ਸਨ। ਉਨ੍ਹਾਂ ਦੱਸਿਆ ਕਿ ਟੋਰਾਂਟੋ ਦੇ ਘਰ ਅਤੇ ਕਈ ਸਟੋਰੇਜ ਯੂਨਿਟਾਂ 'ਤੇ ਛਾਪੇ ਮਾਰ ਕੇ ਇਮਾਰਤਾਂ ਦੀ ਉਸਾਰੀ ਦੌਰਾਨ ਵਰਤਿਆ ਜਾਣ ਵਾਲਾ ਸਾਮਾਨ ਬਰਾਮਦ ਕੀਤਾ ਗਿਆ ਹੈ। ਇਸ ਦੀ ਕੀਮਤ 30 ਲੱਖ ਡਾਲਰ ਦੱਸੀ ਜਾ ਰਹੀ ਹੈ।

ਮੁਲਜ਼ਮਾਂ ਦੀ ਪਛਾਣ ਕੈਲੇਡਨ ਟਾਊਨ ਦੇ ਲਖਵਿੰਦਰ ਤੂਰ (42), ਬਰੈਂਪਟਨ ਦੇ ਜਗਦੀਸ਼ ਪੰਧੇਰ (43), ਮਿਸੀਸਾਗਾ ਦੇ ਮਨੀਸ਼ (31) ਅਤੇ ਹਰਪ੍ਰੀਤ ਭੰਡਾਲ (42), ਜਦਕਿ ਟੋਰਾਂਟੋ ਦੇ ਚੈਨ ਫੈਂਗ (45) ਅਤੇ ਜੀ ਜ਼ੋਊ (46) ਵਜੋਂ ਹੋਈ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਜਾਂਚ ਹਾਲੇ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ।

**ਮੁਲਜ਼ਮ ਗਰੇਟਰ ਟੋਰਾਂਟੋ ਏਰੀਆ 'ਚ ਹੋਲਸੇਲਰਾਂ ਅਤੇ ਰਿਟੇਲ ਸਟੋਰਾਂ ਨੂੰ ਬਣਾਉਂਦੇ ਸਨ ਨਿਸ਼ਾਨਾ**

ਉਨ੍ਹਾਂ ਦੱਸਿਆ ਕਿ 'ਪ੍ਰਾਜੈਕਟ ਸਟੀਲ ਐਂਨ ਸਪਿਰਿਟ' ਦਾ ਮਕਸਦ ਸਿਰਫ਼ ਚੋਰਾਂ ਨੂੰ ਕਾਬੂ ਕਰਨਾ ਹੀ ਨਹੀਂ, ਸਗੋਂ ਚੋਰੀ ਕੀਤੀਆਂ ਵਸਤਾਂ ਨੂੰ ਮੁੜ ਕਾਲਾ ਬਾਜ਼ਾਰ ਵਿਚ ਵੇਚਣ ਵਾਲਿਆਂ ਦੇ ਨੈੱਟਵਰਕ ਦਾ ਪਰਦਾਫਾਸ਼ ਕਰਨਾ ਹੈ। ਹਰਪ੍ਰੀਤ ਭੰਡਾਲ, ਮਨੀਸ਼, ਲਖਵਿੰਦਰ ਤੂਰ ਅਤੇ ਜਗਦੀਸ਼ ਪੰਧੇਰ ਖ਼ਿਲਾਫ਼ ਅਪਰਾਧਿਕ ਗਰੋਹ ਦੀਆਂ ਸਰਗਰਮੀਆਂ ਵਿਚ ਸ਼ਮੂਲੀਅਤ, ਅਪਰਾਧ ਰਾਹੀਂ ਹਾਸਲ ਪੰਜ ਹਜ਼ਾਰ ਡਾਲਰ ਤੋਂ ਵੱਧ ਮੁੱਲ ਦੀ ਪ੍ਰਾਪਰਟੀ ਰੱਖਣ, ਅਪਰਾਧ ਰਾਹੀਂ ਹਾਸਲ ਪ੍ਰਾਪਰਟੀ ਵੇਚਣ ਅਤੇ 5 ਹਜ਼ਾਰ ਡਾਲਰ ਤੋਂ ਵੱਧ ਦੀ ਧੋਖਾਧੜੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ।

## ਆਈ.ਪੀ.ਐੱਲ. ਖੇਡ ਰਹੇ ਵਿਦੇਸ਼ੀ ਖਿਡਾਰੀਆਂ 'ਚ ਤਣਾਅ

ਚੰਡੀਗੜ੍ਹ, (ਪੰਜਾਬ ਮੇਲ)- ਭਾਰਤੀ ਹਵਾਈ ਸੈਨਾ ਵੱਲੋਂ ਪਾਕਿਸਤਾਨ ਵਿਚ 9 ਥਾਵਾਂ 'ਤੇ ਕੀਤੇ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਆਈ.ਪੀ.ਐੱਲ. ਵਿਚ ਹਿੱਸਾ ਲੈ ਰਹੇ ਵਿਦੇਸ਼ੀ ਖਿਡਾਰੀਆਂ ਵਿਚ ਤਣਾਅ ਫੈਲ ਗਿਆ ਹੈ। ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਹੁਣ ਤੱਕ ਟੂਰਨਾਮੈਂਟ ਸ਼ਡਿਊਲ ਅਨੁਸਾਰ ਹੋਵੇਗਾ। ਹਾਲਾਂਕਿ, ਇਸ ਬਾਰੇ ਇਕ ਅਧਿਕਾਰਤ ਪੁਸ਼ਟੀ ਦਿਨ ਦੇ ਅੰਤ ਵਿਚ ਹੋਣ ਦੀ ਸੰਭਾਵਨਾ ਹੈ। ਇੱਕ ਉੱਚ ਪੱਧਰੀ ਸੂਤਰ ਨੇ ਕਿਹਾ, "ਸਾਨੂੰ ਤਿਆਰੀ ਜਾਰੀ ਰੱਖਣ ਲਈ ਕਿਹਾ ਗਿਆ ਹੈ। ਕੋਲਕਾਤਾ ਵਿਚ ਅਤੇ ਭਲਕੇ ਧਰਮਸ਼ਾਲਾ ਦੇ ਐੱਚ.ਪੀ.ਸੀ.ਏ. ਸਟੇਡੀਅਮ 'ਚ ਇੱਕ ਮੈਚ ਖੇਡਿਆ ਜਾਵੇਗਾ। ਦੋਵਾਂ ਥਾਵਾਂ 'ਤੇ ਮੈਚਾਂ ਨੂੰ ਮੁਲਤਵੀ ਕਰਨ ਜਾਂ ਰੱਦ ਕਰਨ ਬਾਰੇ ਅਜੇ ਤੱਕ ਕੋਈ ਅਧਿਕਾਰਤ ਸੂਚਨਾ ਨਹੀਂ ਮਿਲੀ ਹੈ।"

# ਅਮਰੀਕਾ ਤੇ ਯੂਕਰੇਨ ਵੱਲੋਂ ਆਰਥਿਕ ਸਮਝੌਤੇ ਦਾ ਐਲਾਨ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਯੂਕਰੇਨ ਨੇ ਇਕ ਇਤਿਹਾਸਕ ਆਰਥਿਕ ਸਮਝੌਤੇ ਦਾ ਐਲਾਨ ਕੀਤਾ, ਜਿਸ ਰਾਹੀਂ ਯੂਕਰੇਨ ਨੂੰ ਅਮਰੀਕੀ ਫੌਜੀ ਅਤੇ ਆਰਥਿਕ ਮਦਦ ਦੇ ਬਦਲੇ ਆਪਣੇ ਖਣਿਜ ਸਰੋਤਾਂ ਤੱਕ ਅਮਰੀਕਾ ਦੀ ਪਹੁੰਚ ਯਕੀਨੀ ਹੋਵੇਗੀ। ਕਈ ਹਫ਼ਤਿਆਂ ਤੱਕ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਬਾਅ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਇਹ ਸਮਝੌਤਾ ਹੋਇਆ ਹੈ, ਅਮਰੀਕਾ ਯੂਕਰੇਨ 'ਤੇ ਰੂਸੀ ਹਮਲਿਆਂ ਨੂੰ ਰੋਕਣ ਲਈ ਅਰਬਾਂ ਡਾਲਰ ਦੀ ਫੌਜੀ ਅਤੇ ਆਰਥਿਕ ਮਦਦ ਦੇਣ ਦੇ ਬਦਲੇ ਵਿਚ ਮੁਆਵਜ਼ਾ ਮੰਗ ਰਿਹਾ ਸੀ।

ਅਮਰੀਕਾ ਦੇ ਵਿੱਤ ਮੰਤਰੀ ਸਕਾਟ ਬੇਸੈਂਟ ਨੇ 'ਐਕਸ' 'ਤੇ ਪੋਸਟ ਕੀਤੇ ਇਕ ਵੀਡੀਓ ਵਿਚ ਕਿਹਾ ਕਿ, "ਇਹ ਭਾਗੀਦਾਰੀ ਅਮਰੀਕਾ ਨੂੰ ਯੂਕਰੇਨ ਨਾਲ ਨਿਵੇਸ਼ ਕਰਨ, ਯੂਕਰੇਨ ਦੀ ਵਿਕਾਸ ਸੰਪੱਤੀ ਦੀ ਵਰਤੋਂ ਕਰਨ, ਅਮਰੀਕੀ ਹੁਨਰ, ਪੂੰਜੀ ਅਤੇ ਪ੍ਰਸ਼ਾਸਨਕ ਮਿਆਰਾਂ ਨੂੰ ਲਾਗੂ ਕਰਨ ਦੀ ਇਜਾਜ਼ਤ ਦੇਵੇਗੀ, ਜੋ ਕਿ ਯੂਕਰੇਨ ਦੇ ਨਿਵੇਸ਼ ਮਾਹੌਲ ਵਿਚ ਸੁਧਾਰ ਲਿਆਉਣਗੇ ਅਤੇ ਆਰਥਿਕ ਸੁਧਾਰ ਨੂੰ ਤੇਜ਼ੀ ਦੇਣਗੇ।"

ਇਹ ਐਲਾਨ ਉਸ ਸਮੇਂ ਹੋਇਆ ਹੈ, ਜਦੋਂ ਟਰੰਪ ਰੂਸ ਅਤੇ ਯੂਕਰੇਨ ਦੇ ਆਗੂਆਂ ਨਾਲ ਜੰਗ ਖਤਮ ਕਰਨ ਲਈ ਗੱਲਬਾਤ ਕਰ ਰਹੇ ਹਨ ਅਤੇ ਲੰਮੇ ਸਮੇਂ ਤੋਂ ਚੱਲ ਰਹੀ ਲੜਾਈ ਤੋਂ ਨਿਰਾਸ਼ ਹਨ। ਅਮਰੀਕੀ ਰਾਸ਼ਟਰਪਤੀ ਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੈਂਸਕੀ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਨੀਤੀਆਂ ਕਰਕੇ ਜੰਗ ਲੰਮੀ ਹੋ ਰਹੀ ਹੈ ਅਤੇ ਨਿਰਦੋਸ਼ ਲੋਕ ਮਾਰੇ ਜਾ ਰਹੇ ਹਨ। ਉਨ੍ਹਾਂ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਵੀ ਆਲੋਚਨਾ ਕੀਤੀ ਹੈ ਕਿ ਉਹ ਘਾਤਕ ਹਮਲਿਆਂ ਨੂੰ ਰੋਕਣ ਬਾਰੇ ਗੱਲਬਾਤ ਨੂੰ ਔਖਾ ਬਣਾ ਰਹੇ ਹਨ।

ਦੋਵਾਂ ਪੱਖਾਂ ਨੇ ਸਮਝੌਤੇ ਬਾਰੇ ਸਿਰਫ਼ ਆਮ ਜਾਣਕਾਰੀ ਦਿੱਤੀ ਹੈ, ਪਰ ਉਮੀਦ ਹੈ ਕਿ ਇਸ ਨਾਲ ਅਮਰੀਕਾ ਨੂੰ ਯੂਕਰੇਨ ਦੇ ਕੀਮਤੀ ਅਤੇ ਦੁਰਲੱਭ ਖਣਿਜਾਂ ਤੱਕ ਪਹੁੰਚ ਮਿਲੇਗੀ, ਜਦੋਂ ਕਿ ਰੂਸ ਨਾਲ ਚੱਲ ਰਹੀ ਲੜਾਈ ਦੌਰਾਨ ਕੀਵ ਨੂੰ ਅਮਰੀਕੀ ਸਮਰਥਨ ਮਿਲਦਾ ਰਹੇਗਾ। ਇਹ ਸਮਝੌਤਾ ਉਦੋਂ ਤੱਕ ਲਾਗੂ ਨਹੀਂ ਹੋਵੇਗਾ ਜਦੋਂ ਤੱਕ ਇਸ ਨੂੰ ਯੂਕਰੇਨ ਦੀ ਸੰਸਦ ਦੀ ਮਨਜ਼ੂਰੀ ਨਹੀਂ ਮਿਲ ਜਾਂਦੀ। ਪ੍ਰਧਾਨ ਮੰਤਰੀ ਡੇਨਿਸ ਸ਼ਮਹਿਲ ਨੇ ਯੂਕਰੇਨ ਦੇ ਇਕ ਟੀਵੀ ਸੰਦੇਸ਼ ਵਿਚ ਕਿਹਾ ਕਿ ਯੂਕਰੇਨ ਦੀ ਆਰਥਿਕਤਾ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਯੂਲੀਆ ਸਵੀਰੀਡੇਂਕੋ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਬੁੱਧਵਾਰ ਨੂੰ ਵਾਸ਼ਿੰਗਟਨ ਪਹੁੰਚੀਆਂ ਸਨ। ਯੂਕਰੇਨ ਦੇ ਇਕ ਸੀਨੀਅਰ ਅਧਿਕਾਰੀ ਨੇ ਨਾਂ ਨਾ ਜ਼ਾਹਰ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਸਮਝੌਤੇ ਦਾ ਮੁੱਖ ਹਿੱਸਾ ਤੈਅ ਹੋ ਚੁੱਕਾ ਹੈ, ਪਰ ਕੁਝ ਰੁਕਾਵਟਾਂ ਅਜੇ ਵੀ ਬਾਕੀ ਹਨ। ਉਨ੍ਹਾਂ ਕਿਹਾ ਕਿ ਯੂਕਰੇਨ ਲਈ ਇਹ ਸਮਝੌਤਾ ਭਵਿੱਖ ਵਿਚ ਅਮਰੀਕੀ ਫੌਜੀ ਮਦਦ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਅਹਿਮ ਮੰਨਿਆ ਜਾ ਰਿਹਾ ਹੈ।

## ਬਠਿੰਡਾ 'ਚ ਲੜਾਕੂ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ ਇੱਕ ਦੀ ਮੌਤ; ਨੌਂ ਜ਼ਖ਼ਮੀ



**ਬਠਿੰਡਾ, (ਪੰਜਾਬ ਮੇਲ)-** ਬਠਿੰਡਾ ਦੇ ਪਿੰਡ ਅਕਲੀਆ ਕਲਾ ਵਿਚ ਇੱਕ ਭਾਰਤੀ ਲੜਾਕੂ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ ਨੌਂ ਲੋਕ ਜ਼ਖਮੀ ਹੋ ਗਏ ਅਤੇ ਇੱਕ ਦੀ ਮੌਤ ਹੋ ਗਈ। ਜਹਾਜ਼ ਦੇ ਪਾਇਲਟ ਦੇ ਵੀ ਲਾਪਤਾ ਹੋਣ ਦੀ ਖ਼ਬਰ ਹੈ, ਹਾਲਾਂਕਿ ਕੋਈ ਵੀ ਅਧਿਕਾਰੀ ਇਸ ਮਾਮਲੇ ਦੀ ਪੁਸ਼ਟੀ ਨਹੀਂ ਕਰ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਭਾਰਤੀ ਸੇਵਾ ਦਾ ਜਹਾਜ਼ ਸਵੇਰੇ ਤੜਕੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਅਕਲੀਆ ਕਲਾ ਵਿਚ ਡਿੱਗ ਗਿਆ। ਜਦੋਂ ਇਹ ਡਿੱਗਿਆ ਅਤੇ ਧਮਾਕਾ ਹੋਇਆ, ਤਾਂ ਸਥਾਨਕ ਲੋਕ ਇਸਨੂੰ ਦੇਖਣ ਲਈ ਪਹੁੰਚ ਗਏ ਅਤੇ ਇਸ ਸਮੇਂ ਇੱਕ ਹੋਰ ਧਮਾਕਾ ਹੋਇਆ, ਜਿਸ ਕਾਰਨ 9 ਲੋਕ ਜ਼ਖਮੀ ਹੋ ਗਏ, ਜਦੋਂ ਕਿ ਇੱਕ ਦੀ ਮੌਤ ਦੀ ਖ਼ਬਰ ਹੈ।

## 52 ਸਾਲ ਬਾਅਦ ਧਰਤੀ 'ਤੇ ਡਿੱਗੇਗਾ ਸੋਵੀਅਤ ਯੁੱਗ ਦਾ ਪੁਲਾੜ ਯਾਨ

**ਕੇਪ ਕੈਨੇਵਰਲ (ਅਮਰੀਕਾ), (ਪੰਜਾਬ ਮੇਲ)-** 1970 ਦੇ ਦਹਾਕੇ ਵਿਚ ਸ਼ੁੱਕਰ ਗ੍ਰਹਿ 'ਤੇ ਉਤਰਨ ਲਈ ਭੇਜਿਆ ਗਿਆ ਸੋਵੀਅਤ ਸੰਘ ਯੁੱਗ ਦਾ ਇੱਕ ਪੁਲਾੜ ਯਾਨ ਜਲਦੀ ਹੀ ਬੇਕਾਬੂ ਹੋ ਕੇ ਧਰਤੀ 'ਤੇ ਵਾਪਸ ਡਿੱਗ ਜਾਵੇਗਾ। ਇਸਦੀ ਲਾਂਚਿੰਗ ਅਸਫਲ ਰਹੀ। ਸੰਭਵ ਤੌਰ 'ਤੇ ਇਹ ਮਈ ਦੇ ਪਹਿਲੇ ਦੋ ਹਫ਼ਤਿਆਂ ਵਿਚ ਧਰਤੀ 'ਤੇ ਵਾਪਸ ਆ ਸਕਦਾ ਹੈ। ਪੁਲਾੜ ਮਲਬੇ ਨੂੰ ਟਰੈਕ ਕਰਨ ਵਾਲੇ ਮਾਹਿਰਾਂ ਅਨੁਸਾਰ ਇਹ ਜਾਣਨਾ ਬਹੁਤ ਜਲਦੀ ਹੈ ਕਿ ਅੱਧਾ ਟਨ ਧਾਤ ਦਾ ਪੁੰਜ ਕਿੱਥੇ ਡਿੱਗੇਗਾ ਜਾਂ ਧਰਤੀ 'ਤੇ ਵਾਪਸ ਆਉਣ 'ਤੇ ਇਸਦਾ ਕਿੰਨਾ ਹਿੱਸਾ ਬਚੇਗਾ।

ਡੱਚ ਵਿਗਿਆਨੀ ਮਾਰਕੋ ਲੈਂਗਬ੍ਰੋਇਕ ਨੇ ਭਵਿੱਖਬਾਣੀ ਕੀਤੀ ਹੈ ਕਿ ਅਸਫਲ ਪੁਲਾੜ ਯਾਨ 10 ਮਈ ਦੇ ਆਸ-ਪਾਸ ਦੁਬਾਰਾ ਦਾਖਲ ਹੋਵੇਗਾ। ਉਨ੍ਹਾਂ ਦਾ ਅੰਦਾਜ਼ਾ ਹੈ ਕਿ ਜੇਕਰ ਇਹ ਨਾ ਟੁੱਟਿਆ ਤਾਂ ਇਹ 242 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਕ੍ਰੈਸ਼ ਹੋ ਜਾਵੇਗਾ। ਲੈਂਗਬਰੋਕ ਨੇ ਇੱਕ ਈਮੇਲ ਵਿਚ ਕਿਹਾ, "ਹਾਲਾਂਕਿ ਇਸ ਵਿਚ ਜ਼ੋਖਮ ਹੈ ਪਰ ਸਾਨੂੰ ਬਹੁਤ ਜ਼ਿਆਦਾ ਚਿੰਤਤ ਨਹੀਂ ਹੋਣਾ ਚਾਹੀਦਾ।" ਉਸਨੇ ਕਿਹਾ ਕਿ ਇਹ ਵਸਤੂ ਮੁਕਾਬਲਤਨ ਛੋਟੀ ਹੈ ਅਤੇ ਭਾਵੇਂ ਇਹ ਨਹੀਂ ਵੀ ਟੁੱਟਦੀ, ਤਾਂ ਵੀ ਇਸ ਦਾ "ਜੋਖਮ ਇੱਕ ਉਲਕਾ ਨਾਲ ਟਕਰਾਉਣ ਦੇ ਬਰਾਬਰ ਹੈ, ਜੋ ਕਿ ਹਰ ਸਾਲ ਕਈ ਵਾਰ ਹੁੰਦਾ ਹੈ। ਤੁਹਾਡੇ ਜੀਵਨ ਕਾਲ ਵਿਚ ਬਿਜਲੀ ਡਿੱਗਣ ਦਾ ਜੋਖਮ ਹੋਰ ਵੀ ਵੱਧ ਹੈ।"

ਉਨ੍ਹਾਂ ਕਿਹਾ ਕਿ ਪੁਲਾੜ ਯਾਨ ਦੇ ਕਿਸੇ ਵੀ ਵਿਅਕਤੀ ਜਾਂ ਚੀਜ਼ ਨਾਲ ਟਕਰਾਉਣ ਦੀ ਬਹੁਤ ਘੱਟ ਸੰਭਾਵਨਾ ਹੈ। ਪਰ ਇਸਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ। ਸੋਵੀਅਤ ਯੂਨੀਅਨ ਨੇ 1972 ਵਿਚ ਪੁਲਾੜ ਯਾਨ ਕੋਸਮੋਸ 482 ਲਾਂਚ ਕੀਤਾ, ਜੋ ਕਿ ਸ਼ੁੱਕਰ ਮਿਸ਼ਨਾਂ ਦੀ ਇੱਕ ਲੜੀ ਵਿਚੋਂ ਇੱਕ ਸੀ। ਪਰ ਰਾਕੇਟ ਦੀ ਖਰਾਬੀ ਕਾਰਨ ਇਹ ਕਦੇ ਵੀ ਧਰਤੀ ਦੇ ਪੰਧ ਤੋਂ ਬਾਹਰ ਨਹੀਂ ਜਾ ਸਕਿਆ। ਇਸਦਾ ਬਹੁਤ ਸਾਰਾ ਹਿੱਸਾ ਇੱਕ ਦਹਾਕੇ ਦੇ ਅੰਦਰ ਢਹਿ ਗਿਆ।

## ਆਸਟਰੇਲੀਆ 'ਚ ਲੇਬਰ ਪਾਰਟੀ ਦੂਜੀ ਵਾਰ ਬਣਾਏਗੀ ਸਰਕਾਰ

**ਮੈਲਬਰਨ, (ਪੰਜਾਬ ਮੇਲ)-** ਆਸਟਰੇਲੀਆ 'ਚ ਲੇਬਰ ਪਾਰਟੀ ਨੇ ਆਮ ਚੋਣਾਂ 'ਚ ਜਿੱਤ ਪ੍ਰਾਪਤ ਕੀਤੀ ਹੈ, ਜਿਸ ਮਗਰੋਂ ਦੂਜੀ ਵਾਰ ਪਾਰਟੀ ਆਪਣੀ ਸਰਕਾਰ ਬਣਾਏਗੀ। ਪਾਰਟੀ ਦੇ ਮੁੱਖ ਵਿਰੋਧੀ ਲਿਬਰਲ ਗੱਠਜੋੜ ਨੂੰ ਵੱਡੇ ਫਤਵੇ ਨਾਲ ਹਰਾਉਣ ਮਗਰੋਂ ਐਂਥਨੀ ਐਲਬਨੀਜ਼ ਦੂਜੀ ਵਾਰ ਪ੍ਰਧਾਨ ਮੰਤਰੀ ਬਣਨਗੇ, ਜਦਕਿ ਲਿਬਰਲ ਗੱਠਜੋੜ ਦੀ ਅਗਵਾਈ ਕਰ ਰਹੇ ਸੱਜੇ ਪੱਖੀ ਆਗੂ ਪੀਟਰ ਡਟਨ ਆਪਣੀ ਸੀਟ ਤੱਕ ਹਾਰ ਗਏ ਹਨ। ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ ਡਟਨ ਨੇ ਆਪਣੀ ਹਾਰ ਕਬੂਲ ਕਰ ਲਈ ਹੈ।

ਦੂਜੇ ਪਾਸੇ ਪੰਜਾਬੀਆਂ ਨੂੰ ਆਸਟਰੇਲੀਆ ਚੋਣਾਂ ਵਿਚ ਨਿਰਾਸ਼ਾ ਪੱਲੇ ਪਈ ਹੈ। ਇਨ੍ਹਾਂ ਚੋਣਾਂ 'ਚ ਵੱਖ-ਵੱਖ ਪਾਰਟੀਆਂ ਤੋਂ ਖੜ੍ਹੇ ਪੰਜਾਬੀ ਮੂਲ ਦੇ ਉਮੀਦਵਾਰ ਕਿਸੇ ਵੀ ਸੀਟ 'ਤੇ ਜਿੱਤ ਦਰਜ ਨਹੀਂ ਕਰਵਾ ਸਕੇ।






# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਬਾਸਕਟਬਾਲ ਟੂਰਨਾਮੈਂਟ ਕਰਵਾਇਆ ਗਿਆ





**ਫਰਿਜ਼ਨੋ, (ਪੰਜਾਬ ਮੇਲ)-** ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਹਰ ਸਾਲ ਦੀ ਤਰ੍ਹਾਂ ਆਪਣਾ ਸਾਲਾਨਾ ਬਾਸਕਟਬਾਲ ਟੂਰਨਾਮੈਂਟ ਕਰਮਨ ਹਾਈ ਸਕੂਲ ਦੇ ਵਿਚ ਕਰਵਾਇਆ ਗਿਆ। ਜਿੱਥੇ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਬੱਚਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ। ਇਸ ਮੌਕੇ ਬੱਚਿਆਂ ਦੇ ਵੱਖ-ਵੱਖ ਉਮਰ ਦੇ ਹਿੱਸਿਆਂ ਵਿਚ ਗਰੁੱਪਾਂ ਵਿਚ ਖੇਡ ਦੇ ਸ਼ਾਨਦਾਰ ਮੁਕਾਬਲੇ ਕਰਵਾਏ ਗਏ। ਇੱਥੇ ਖੁਸ਼ੀ ਗੱਲ ਇਹ ਵੀ ਸੀ ਕਿ ਬੱਚਿਆਂ ਵਿਚ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਬਰਾਬਰ ਮੁਕਾਬਲੇ ਵਿਚ ਹਿੱਸਾ ਲਿਆ। ਇਸ ਸਮੇਂ ਬੱਚਿਆਂ ਵੱਲੋਂ ਖੇਡ ਦਾ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਗੁਰੂ ਨਾਨਕ ਸਪੋਰਟਸ ਕਲੱਬ ਵੱਲੋਂ ਜੇਤੂ ਟੀਮਾਂ ਨੂੰ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਟੂਰਨਾਮੈਂਟ ਦੌਰਾਨ ਪ੍ਰਬੰਧਕਾਂ ਵੱਲੋਂ ਸਾਰਾ ਦਿਨ ਗੁਰੂ ਦੇ ਲੰਗਰ ਅਤੁੱਟ ਵਰਤੇ। ਇਸ ਮੌਕੇ ਹਾਜ਼ਰ ਦਰਸ਼ਕਾਂ ਨੇ ਖੇਡਾਂ ਦਾ ਪੂਰਾ ਅਨੰਦ ਮਾਣਿਆ। ਅੰਤ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਇਹ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ। ਸਮੁੱਚੇ ਪ੍ਰਬੰਧਾਂ ਅਤੇ ਟੂਰਨਾਮੈਂਟ ਦੀ ਸਫਲਤਾ ਲਈ ਸਮੂਹ ਪ੍ਰਬੰਧਕ ਕਮੇਟੀ ਵਧਾਈ ਦੇ ਪਾਤਰ ਹਨ।

# ਪੰਜਾਬੀ ਨਾਟਕਕਾਰ ਹੀਰਾ ਰੰਧਾਵਾ ਦੀ ਨਾਟ ਪੁਸਤਕ ਦਾ ਵਿਰਸਾ ਵਿਹਾਰ ਵਿਖੇ ਵਿਮੋਚਨ

**ਅੰਮ੍ਰਿਤਸਰ, (ਪੰਜਾਬ ਮੇਲ)-** ਕੈਨੇਡਾ ਵਸਦੇ ਪੰਜਾਬੀ ਨਾਟਕਕਾਰ ਹੀਰਾ ਰੰਧਾਵਾ ਦੀ ਨਾਟ ਪੁਸਤਕ 'ਬੇਗੁਨਾਹਾਂ ਦੇ ਦੌਰ ਵਿਚ' ਦਾ ਵਿਮੋਚਨ ਵਿਰਸਾ ਵਿਹਾਰ ਵਿਖੇ ਕੀਤਾ ਗਿਆ। ਵਿਰਸਾ ਵਿਹਾਰ ਸੁਸਾਇਟੀ ਵਲੋਂ ਰਚਾਏ ਸਮਾਗਮ ਵਿਚ ਇਸ ਮੌਕੇ ਸ. ਰੰਧਾਵਾ ਨੇ ਕਿਹਾ ਕਿ ਜਰਮਨ ਨਾਟਕਕਾਰ ਸੀਗਫ੍ਰੀਡ ਲੈਂਜ ਦੇ ਨਾਟਕ 'ਟਾਇਮ ਆਫ ਦਾ ਇਨੋਸੈਂਟ' ਉੱਤੇ ਆਧਾਰਿਤ ਹੈ, ਜਿਸ ਵਿਚ ਤਾਨਾਸ਼ਾਹੀ ਖਿਲਾਫ ਜੂਝਦੇ ਸੂਝਵਾਨ ਨੌਜਵਾਨਾਂ 'ਤੇ ਲੋਕਾਂ 'ਤੇ ਸੱਤਾ ਦੇ ਤਸ਼ੱਦਦ ਦੀ ਕਹਾਣੀ ਨੂੰ ਰੂਪਮਾਨ ਕੀਤਾ ਗਿਆ ਹੈ। ਇਸ ਸਮੇਂ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਇਸ ਪੁਸਤਕ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਨਾਟਕ 'ਟਾਇਮ ਆਫ ਦਾ ਇਨੋਸੈਂਟ' ਉਨ੍ਹਾਂ ਵਿਦਿਆਰਥੀ ਸਮੇਂ ਦਿੱਲੀ ਨੈਸ਼ਨਲ ਸਕੂਲ ਆਫ ਡਰਾਮਾ ਦੀ ਸਟੇਜ 'ਤੇ ਖੇਡਿਆ ਸੀ ਤੇ ਹੁਣ 'ਬੇਗੁਨਾਹਾਂ ਦੇ ਦੌਰ ਵਿਚ' ਨੂੰ ਪੰਜਾਬ ਦੀਆਂ ਸਟੇਜਾਂ 'ਤੇ ਖੇਡਿਆ ਜਾਵੇਗਾ, ਕਿਉਂਕਿ ਇਹ ਅੱਜ ਦੇ ਹਾਲਾਤਾਂ 'ਤੇ ਬਹੁਤ ਢੁਕਵਾਂ ਤੇ ਸਾਰਥਕ ਹੈ। ਪੰਜਾਬੀ ਫਿਲਮਾਂ ਤੇ ਨਾਟਕਾਂ ਦੇ ਪ੍ਰਸਿੱਧ ਕਲਾਕਾਰ



ਹਰਦੀਪ ਗਿੱਲ ਨੇ ਸ. ਰੰਧਾਵਾ ਨਾਲ ਪੰਜ ਦਹਾਕਿਆਂ ਦੇ ਕਰੀਬ ਪੁਰਾਣੀ ਸਾਂਝ ਦਾ ਜ਼ਿਕਰ ਕੀਤਾ ਤੇ ਇਸ ਮੁੱਲਵਾਨ ਪੁਸਤਕ ਦੀ ਵਧਾਈ ਦਿੱਤੀ। ਅਦਾਕਾਰਾ ਅਨੀਤਾ ਦੇਵਗਨ ਨੇ ਬਹੁਤ ਖੂਬਸੂਰਤ ਸ਼ਬਦਾਂ 'ਚ ਹੀਰਾ ਰੰਧਾਵਾ ਦੀ ਇਸ ਪੁਸਤਕ ਦੀ ਆਮਦ 'ਤੇ ਉਨ੍ਹਾਂ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸੇ ਤਰ੍ਹਾਂ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ ਭੂਪਿੰਦਰ ਸਿੰਘ ਸੰਧੂ, ਪੱਤਰਕਾਰ ਜਸਵੰਤ ਸਿੰਘ ਜੱਸ, ਪ੍ਰਿੰਸੀਪਲ ਦਰਸ਼ਨ ਕੌਰ ਸੋਹੀ, ਦਲਬੀਰ ਕੌਰ ਸੋਹੀ, ਅੱਖਰ ਮੈਗਜ਼ੀਨ ਦੇ ਸੰਪਾਦਕ ਹਰਮੀਤ ਆਰਟਿਸਟ, ਰੰਗਕਰਮੀ ਨਰਿੰਦਰ ਸਾਂਘੀ, ਲੇਖਕਾ ਬਲਜੀਤ ਕੌਰ ਰੰਧਾਵਾ ਨੇ ਆਪਣੇ ਵਿਚਾਰ ਦੱਸਦਿਆਂ ਬੀਤੇ ਸਮਿਆਂ 'ਚ ਕੀਤੇ ਸਾਂਝੇ ਅਦਬੀ ਕਾਰਜਾਂ ਦੀਆਂ ਯਾਦਾਂ ਨੂੰ ਬਾਖੂਬੀ ਸ਼ਬਦਾਂ ਨਾਲ ਪੇਸ਼ ਕੀਤਾ। ਸਭ ਦਾ ਧੰਨਵਾਦ ਕਰਦਿਆਂ ਵਿਰਸਾ ਵਿਹਾਰ ਦੇ ਸਕੱਤਰ ਰਮੇਸ਼ ਯਾਦਵ ਨੇ ਕਿਹਾ, ਜਿਨ੍ਹਾਂ ਸਮਿਆਂ ਵਿਚ ਹੀਰਾ ਰੰਧਾਵਾ ਤੇ ਉਸ ਦੇ ਸਾਥੀਆਂ ਕੇਵਲ ਧਾਲੀਵਾਲ, ਹਰਦੀਪ ਗਿੱਲ, ਅਦਾਕਾਰਾ ਅਨੀਤਾ ਦੇਵਗਨ, ਜਸਵੰਤ ਜੱਸ ਤੇ ਹੋਰ ਦੋਸਤਾਂ ਨੇ ਭਾਜੀ ਗੁਰਸ਼ਰਨ ਸਿੰਘ ਜੀ ਦੀ ਟੀਮ 'ਚ ਕੰਮ ਕੀਤਾ, ਉਹ ਦੌਰ ਖ਼ਤਰਿਆਂ ਭਰਿਆ ਦੌਰ ਸੀ, ਜਿਸ ਨੇ ਅੱਜ ਤੱਕ ਦੇ ਸਫਲ ਜੀਵਨ ਜਿਊਣ ਦੀ ਕਲਾ ਸਿਖਾਉਣ 'ਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ।

# 2 ਵਿਦੇਸ਼ੀ ਏਅਰਲਾਈਨਾਂ ਵੱਲੋਂ ਵੀ ਪਾਕਿਸਤਾਨੀ ਹਵਾਈ ਖੇਤਰ 'ਚ ਉਡਾਣ ਭਰਨ ਤੋਂ ਇਨਕਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਪਹਿਲਗਾਮ ਹਮਲੇ ਤੋਂ ਬਾਅਦ, ਪਾਕਿਸਤਾਨ ਨੂੰ ਭਾਰਤ ਦੀ ਤਾਕਤ ਤੋਂ ਲਗਾਤਾਰ ਝਟਕੇ ਲੱਗ ਰਹੇ ਹਨ। ਪਾਕਿਸਤਾਨ ਵੱਲੋਂ ਭਾਰਤ ਲਈ ਆਪਣਾ ਹਵਾਈ ਖੇਤਰ ਬੰਦ ਕਰਨ ਤੋਂ ਬਾਅਦ, ਹੁਣ ਦੋ ਵਿਦੇਸ਼ੀ ਏਅਰਲਾਈਨਾਂ ਨੇ ਪਾਕਿਸਤਾਨ ਨੂੰ ਵੱਡਾ ਝਟਕਾ ਦਿੱਤਾ ਹੈ। ਇਨ੍ਹਾਂ ਏਅਰਲਾਈਨਾਂ ਨੇ ਕਿਹਾ ਕਿ ਉਹ ਹੁਣ ਕਿਸੇ ਹੋਰ ਰੂਟ ਰਾਹੀਂ ਉਡਾਣ ਭਰਨਗੀਆਂ ਅਤੇ ਆਪਣੇ ਯਾਤਰੀਆਂ ਨੂੰ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੀ ਮੰਜ਼ਿਲ 'ਤੇ ਪਹੁੰਚਾਉਣਗੀਆਂ।

ਮੀਡੀਆ ਰਿਪੋਰਟਾਂ ਦੇ ਅਨੁਸਾਰ, ਫਰਾਂਸੀਸੀ ਏਅਰਲਾਈਨਜ਼ ਏਅਰ ਫਰਾਂਸ ਅਤੇ ਜਰਮਨ ਏਅਰਲਾਈਨਜ਼ ਲੁਫਥਾਂਸਾ ਨੇ ਪਾਕਿਸਤਾਨੀ ਹਵਾਈ ਖੇਤਰ ਵਿਚੋਂ ਉਡਾਣ ਭਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਆਪਣੀਆਂ ਸਾਰੀਆਂ ਉਡਾਣਾਂ ਨੂੰ ਮੁਅੱਤਲ ਕਰ ਦਿੱਤਾ ਹੈ।

**■ ਆਪਣੀਆਂ ਸਾਰੀਆਂ ਉਡਾਣਾਂ ਕੀਤੀਆਂ ਮੁਅੱਤਲ**

ਦਰਅਸਲ, ਵਿਦੇਸ਼ੀ ਏਅਰਲਾਈਨਾਂ ਦਾ ਇਹ ਫੈਸਲਾ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ ਆਇਆ ਹੈ। ਰਿਪੋਰਟਾਂ ਅਨੁਸਾਰ, ਅੰਤਰਰਾਸ਼ਟਰੀ ਏਅਰਲਾਈਨਾਂ ਪਾਕਿਸਤਾਨੀ ਹਵਾਈ ਖੇਤਰ ਤੋਂ ਬਚ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ ਦੇ ਹਵਾਈ ਖੇਤਰ ਦੇ ਬੰਦ ਹੋਣ ਕਾਰਨ, ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਸਨੂੰ ਹਰ ਰੋਜ਼ 3 ਲੱਖ ਅਮਰੀਕੀ ਡਾਲਰ ਦਾ ਨੁਕਸਾਨ ਹੋਵੇਗਾ। ਏਅਰ ਫਰਾਂਸ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦੇ ਕਾਰਨ, ਏਅਰਲਾਈਨ ਨੇ ਅਗਲੇ ਨੋਟਿਸ ਤੱਕ ਪਾਕਿਸਤਾਨ ਤੋਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਹਨ। ਇਸ ਦੌਰਾਨ, ਲੁਫਥਾਂਸਾ ਨੇ ਇੱਕ ਬਿਆਨ ਵਿਚ ਕਿਹਾ ਕਿ ਉਸਦੇ ਜਹਾਜ਼ ਅਗਲੇ ਨੋਟਿਸ ਤੱਕ ਪਾਕਿਸਤਾਨੀ ਹਵਾਈ ਖੇਤਰ ਤੋਂ ਬਚ ਰਹੇ ਹਨ।

# ਪਾਕਿਸਤਾਨ ਵੱਲੋਂ ਭਾਰਤ ਨੂੰ ਹਮਲਾ ਕਰਨ ਜਾਂ ਪਾਣੀ ਰੋਕਣ 'ਤੇ ਦਿੱਤੀ ਪਰਮਾਣੂ ਹਮਲੇ ਦੀ ਚੇਤਾਵਨੀ

**ਮਾਸਕੋ, (ਪੰਜਾਬ ਮੇਲ)-** ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਚਕਾਰ ਤਣਾਅ ਦੇ ਦੌਰਾਨ ਪਾਕਿਸਤਾਨ ਦੇ ਰੂਸ ਵਿਚਲੇ ਰਾਜਦੂਤ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਭਾਰਤ ਨੇ ਉਨ੍ਹਾਂ ਦੇ ਮੁਲਕ ਉਤੇ ਹਮਲਾ ਕੀਤਾ ਜਾਂ ਇਸ ਦੇ ਅਹਿਮ ਪਾਣੀ ਦੇ ਵਹਾਅ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ, ਤਾਂ ਪਾਕਿਸਤਾਨ 'ਪੂਰੀ ਤਾਕਤ' ਨਾਲ ਜਵਾਬ ਦੇਵੇਗਾ, ਜਿਸ ਵਿਚ ਪਰਮਾਣੂ ਹਮਲਾ ਵੀ ਸ਼ਾਮਲ ਹੈ।

ਰੂਸ ਵਿਚ ਪਾਕਿਸਤਾਨੀ ਰਾਜਦੂਤ ਮੁਹੰਮਦ ਖਾਲਿਦ ਜਮਾਲੀ ਨੇ ਐਤਵਾਰ ਨੂੰ ਰੂਸ ਦੀ ਸਰਕਾਰੀ ਖ਼ਬਰ ਏਜੰਸੀ ਨੂੰ ਦਿੱਤੀ ਇੱਕ ਇੰਟਰਵਿਊ ਦੌਰਾਨ ਇਹ ਟਿੱਪਣੀਆਂ ਕੀਤੀਆਂ ਹਨ।

ਇਹ ਚੇਤਾਵਨੀ ਦਿੰਦਿਆਂ ਕਿ ਪਾਕਿਸਤਾਨ ਕਿਸੇ ਵੀ ਹਮਲੇ ਦਾ ਜਵਾਬ ਦੇਣ ਲਈ ਤਿਆਰ ਹੈ, ਰਾਜਦੂਤ ਨੇ ਕਿਹਾ, "ਅਸੀਂ ਪਾਕਿਸਤਾਨ ਵਿਚ ਤਾਕਤ ਦੇ ਪੂਰੇ ਸਪੈਕਟ੍ਰਮ ਦੀ ਵਰਤੋਂ ਕਰਾਂਗੇ, ਰਵਾਇਤੀ ਅਤੇ ਪਰਮਾਣੂ ਦੋਵੇਂ ਤਰੀਕਿਆਂ ਨਾਲ।" ਗ਼ੌਰਤਲਬ ਹੈ ਕਿ ਬੀਤੀ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਵਿਚ ਪਹਿਲਗਾਮ 'ਚ ਸੈਲਾਨੀਆਂ ਉਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਰਿਸ਼ਤੇ ਬੁਰੀ ਤਰ੍ਹਾਂ ਵਿਗੜ ਗਏ ਸਨ।

ਇਸ ਹਮਲੇ ਵਿਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਉਥੇ ਘੁੰਮਣ ਗਏ ਸੈਲਾਨੀ ਸਨ।

ਜਮਾਲੀ ਨੇ ਇਸ ਮੌਕੇ ਸਿੰਧ ਜਲ ਸੰਧੀ ਬਾਰੇ ਇਸਲਾਮਾਬਾਦ ਦੀ ਸਥਿਤੀ ਨੂੰ ਦੁਹਰਾਇਆ। ਗ਼ੌਰਤਲਬ ਹੈ ਕਿ ਇਹ ਦਰਿਆਵਾਂ ਦੇ ਪਾਣੀਆਂ ਦੀ ਵੰਡ ਬਾਰੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਇੱਕ ਅਹਿਮ ਸਮਝੌਤਾ ਹੈ, ਜਿਸ ਨੂੰ ਨਵੀਂ ਦਿੱਲੀ ਨੇ ਪਿਛਲੇ ਹਫ਼ਤੇ ਅੱਤਵਾਦੀ ਹਮਲੇ ਪ੍ਰਤੀ ਆਪਣੇ ਸਫ਼ਾਰਤੀ ਜਵਾਬ ਦੇ ਹਿੱਸੇ ਵਜੋਂ ਮੁਅੱਤਲ ਕਰ ਦਿੱਤਾ ਸੀ।

ਜਮਾਲੀ ਨੇ ਕਿਹਾ, "ਹੇਠਲੇ ਰਿਪੇਰੀਅਨ ਦੇ ਪਾਣੀ ਨੂੰ ਹੜੱਪਣ, ਜਾਂ ਇਸਨੂੰ ਰੋਕਣ, ਜਾਂ ਇਸਨੂੰ ਮੋੜਨ ਦੀ ਕੋਈ ਵੀ ਕੋਸ਼ਿਸ਼ ਪਾਕਿਸਤਾਨ ਵਿਰੁੱਧ ਜੰਗ ਦੀ ਕਾਰਵਾਈ ਮੰਨੀ ਜਾਵੇਗੀ ਅਤੇ ਇਸਦਾ ਜਵਾਬ ਪੂਰੀ ਤਾਕਤ ਨਾਲ ਦਿੱਤਾ ਜਾਵੇਗਾ, ਜਿਸ ਵਿਚ ਪਰਮਾਣੂ ਵੀ ਸ਼ਾਮਲ ਹੈ।"

ਉਂਝ ਨਾਲ ਹੀ ਰਾਜਦੂਤ ਨੇ ਤਣਾਅ ਘਟਾਉਣ ਦੀ ਅਪੀਲ ਕੀਤੀ, ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹੋਣ ਦੇ ਸੰਭਾਵੀ ਖ਼ਤਰੇ ਨੂੰ ਧਿਆਨ ਵਿਚ ਰੱਖਦਿਆਂ ਤਣਾਅ ਘਟਾਇਆ ਜਾਣਾ ਚਾਹੀਦਾ ਹੈ। ਪਾਕਿਸਤਾਨ ਨੇ ਪਹਿਲਾਂ ਪਹਿਲਗਾਮ ਹਮਲੇ ਦੀ "ਨਿਰਪੱਖ ਅਤੇ ਭਰੋਸੇਯੋਗ ਜਾਂਚ" ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਆਲਮੀ ਭਾਈਚਾਰੇ ਦੀ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਸਬੰਧ ਵਿਚ ਅਸੀਂ ਉਮੀਦ ਕਰਦੇ ਹਾਂ ਕਿ ਚੀਨ ਅਤੇ ਰੂਸ ਵਰਗੀਆਂ

# ਪਾਕਿਸਤਾਨ ਨਾਲ ਜੰਗ ਦੀ ਸੰਭਾਵਨਾ ਦੇ ਮੱਦੇਨਜ਼ਰ, ਲੋਕਾਂ ਨੂੰ ਜੰਗ ਲਈ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ

**ਨਵੀਂ ਦਿੱਲੀ, (ਪੰਜਾਬ ਮੇਲ)-** ਪਾਕਿਸਤਾਨ ਨਾਲ ਜੰਗ ਦੀ ਸੰਭਾਵਨਾ ਦੇ ਮੱਦੇਨਜ਼ਰ, ਦੇਸ਼ ਦੇ ਲੋਕਾਂ ਨੂੰ ਇਸ ਲਈ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਇਸ ਸਬੰਧ ਵਿਚ, ਗ੍ਰਹਿ ਮੰਤਰਾਲੇ ਨੇ ਸਾਰੇ ਰਾਜਾਂ ਨੂੰ ਇੱਕ ਸਿਵਲ ਡਿਫੈਂਸ ਮੌਕ ਡ੍ਰਿਲ ਕਰਨ ਲਈ ਕਿਹਾ ਹੈ।

ਇਸ ਦੇ ਨਾਲ ਹੀ, ਹਵਾਈ ਹਮਲਿਆਂ ਦੀ ਚਿਤਾਵਨੀ ਦੇਣ ਲਈ ਸਾਰੇ ਸ਼ਹਿਰਾਂ ਵਿਚ ਸਾਇਰਨ ਸਿਸਟਮ ਨੂੰ ਸਰਗਰਮ ਕਰਨ ਅਤੇ ਆਮ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਸਿਖਲਾਈ ਦੇਣ ਲਈ ਕਿਹਾ ਗਿਆ ਹੈ।

ਉੱਚ ਪੱਧਰੀ ਸੂਤਰਾਂ ਦੇ ਅਨੁਸਾਰ, ਯੁੱਧ ਦੌਰਾਨ, ਸਿਵਲ ਡਿਫੈਂਸ ਆਮ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਅਤੇ ਜ਼ਰੂਰੀ ਵਸਤੂਆਂ ਦੀ ਸੁਚਾਰੂ ਸਪਲਾਈ ਬਣਾਈ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਮੌਕ ਡਰਿੱਲ ਰਾਹੀਂ ਸਿਵਲ ਡਿਫੈਂਸ ਨੂੰ ਪੂਰੀ ਤਰ੍ਹਾਂ ਚੁਸਤ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

**■ 1971 ਤੋਂ ਬਾਅਦ ਪਹਿਲੀ ਵਾਰ ਜੰਗ ਦਾ ਡਰ!**



ਕਿਉਂਕਿ 1971 ਤੋਂ ਬਾਅਦ ਕੋਈ ਯੁੱਧ ਨਹੀਂ ਹੋਇਆ ਸੀ, ਇਸ ਲਈ ਹਵਾਈ ਹਮਲਿਆਂ ਬਾਰੇ ਚੇਤਾਵਨੀ ਦੇਣ ਵਾਲੇ ਸਾਇਰਨ ਸਿਸਟਮ ਦੀ ਜਾਂਚ ਨਹੀਂ ਕੀਤੀ ਗਈ ਸੀ। ਸਾਰੇ ਰਾਜਾਂ ਨੂੰ ਸਾਇਰਨ ਸਿਸਟਮ ਨੂੰ ਸਰਗਰਮ ਕਰਨ ਅਤੇ ਲੋੜ ਪੈਣ 'ਤੇ ਨਵੇਂ ਸਿਸਟਮ ਲਗਾਉਣ ਲਈ ਕਿਹਾ ਗਿਆ ਹੈ।

**ਬਿਜਲੀ ਸਪਲਾਈ ਨਾਲ ਸਬੰਧਤ ਅਧਿਕਾਰੀਆਂ ਨੂੰ ਵੀ ਸੁਚੇਤ ਰਹਿਣ ਦੀ ਲੋੜ**

- ਹਵਾਈ ਹਮਲੇ ਦੀ ਸਥਿਤੀ ਵਿਚ, ਤੁਰੰਤ ਬਲੈਕਆਊਟ ਕਰਨਾ, ਬਿਜਲੀ ਸਪਲਾਈ ਕੱਟਣਾ, ਆਮ ਗੱਲ ਹੈ। ਪਰ ਇਸ ਲਈ ਬਿਜਲੀ ਸਪਲਾਈ ਨਾਲ ਜੁੜੇ ਅਧਿਕਾਰੀਆਂ ਦਾ ਤਿਆਰ ਰਹਿਣਾ ਜ਼ਰੂਰੀ ਹੈ।
- ਇਸ ਦੇ ਨਾਲ ਹੀ ਮਹੱਤਵਪੂਰਨ ਪਲਾਂਟਾਂ ਅਤੇ ਸੰਸਥਾਵਾਂ ਨੂੰ ਦੁਸ਼ਮਣ ਦੀਆਂ ਨਜ਼ਰਾਂ ਤੋਂ ਬਚਾਉਣ ਲਈ ਜ਼ਰੂਰੀ ਕਦਮ ਚੁੱਕਣ ਲਈ ਵੀ ਕਿਹਾ ਗਿਆ ਹੈ। ਹਵਾਈ ਹਮਲਿਆਂ ਦੌਰਾਨ, ਆਮ ਨਾਗਰਿਕਾਂ ਨੂੰ ਕੱਢਣਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣਾ ਮਹੱਤਵਪੂਰਨ ਹੁੰਦਾ ਹੈ।
- ਇਸ ਵਿਚ, ਆਮ ਲੋਕਾਂ ਦੀ ਸਿਖਲਾਈ ਦੇ ਨਾਲ, ਸਿਵਲ ਡਿਫੈਂਸ ਵੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਗ੍ਰਹਿ ਮੰਤਰਾਲੇ ਨੇ ਰਾਜਾਂ ਨੂੰ ਆਮ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਇੱਕ ਯੋਜਨਾ ਤਿਆਰ ਕਰਨ ਅਤੇ ਇਸਦੀ ਰਿਹਰਸਲ ਕਰਨ ਲਈ ਕਿਹਾ ਹੈ।

# ਚੀਨ ਵੱਲੋਂ ਦੁਨੀਆਂ ਦਾ ਪਹਿਲਾ 10ਜੀ ਨੈੱਟਵਰਕ ਲਾਂਚ

**ਬੀਜਿੰਗ, (ਪੰਜਾਬ ਮੇਲ)-** ਚੀਨ ਦੀ ਤਕਨਾਲੋਜੀ ਦਿੱਗਜ਼ ਕੰਪਨੀ ਹੁਆਵੇਈ ਅਤੇ ਟੈਲੀਕਾਮ ਆਪ੍ਰੇਟਰ ਚਾਈਨਾ ਯੂਨੀਕਾਮ ਨੇ ਸਾਂਝੇ ਤੌਰ 'ਤੇ ਬੀਜਿੰਗ ਨੇੜੇ ਹੇਬੇਈ ਸੂਬੇ ਦੇ ਸੁਨਾਨ ਕਾਉਂਟੀ ਵਿਚ ਇਕ '10ਜੀ' ਬ੍ਰਾਡਬੈਂਡ ਨੈੱਟਵਰਕ ਲਾਂਚ ਕੀਤਾ ਹੈ। ਇਹ ਨੈੱਟਵਰਕ 9,834 ਐੱਮ.ਬੀ.ਪੀ.ਐੱਸ. ਤੱਕ ਦੀ ਡਾਊਨਲੋਡ ਸਪੀਡ, 1,008 ਐੱਮ.ਬੀ.ਪੀ.ਐੱਸ. ਤੱਕ ਦੀ ਅਪਲੋਡ ਸਪੀਡ ਅਤੇ ਸਿਰਫ਼ 3 ਮਿਲੀਸਕਿੰਟ ਦੀ ਲੇਟੈਂਸੀ ਪ੍ਰਦਾਨ ਕਰਨ ਦੇ ਸਮਰੱਥ ਹੈ। ਇਹ ਉਪਲਬਧੀ 50ਜੀ ਪੈਸਿਵ ਆਪਟੀਕਲ ਨੈੱਟਵਰਕ (ਪੀ.ਓ.ਐੱਨ.) ਤਕਨਾਲੋਜੀ ਦੀ ਮਦਦ ਨਾਲ ਪ੍ਰਾਪਤ ਕੀਤੀ ਗਈ ਹੈ, ਜਿਸ ਨੂੰ ਹੁਆਵੇਈ ਅਤੇ ਚਾਈਨਾ ਯੂਨੀਕਾਮ ਵਿਚਕਾਰ ਸਾਂਝੇਦਾਰੀ ਵਿਚ ਵਿਕਸਿਤ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ 10ਜੀ ਕੋਈ ਨਵਾਂ ਤਕਨੀਕੀ ਮਿਆਰ ਨਹੀਂ ਹੈ, ਸਗੋਂ ਇਸ ਨੂੰ 10 ਜੀ.ਬੀ.ਪੀ.ਐੱਸ. ਤੱਕ ਦੀ ਬਹੁਤ ਤੇਜ਼ ਡਾਊਨਲੋਡ ਸਪੀਡ ਲਈ ਇਹ ਨਾਮ ਦਿੱਤਾ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਚੰਡੀਗੜ੍ਹ ਤੋਂ ਮੁੰਬਈ ਜਾ ਰਹੀ ਉਡਾਣ 'ਚ ਮਿਲੀ ਬੰਬ ਦੀ ਧਮਕੀ

**ਮੁੰਬਈ, (ਪੰਜਾਬ ਮੇਲ)-** ਇੱਕ ਪਾਸੇ ਦੇਸ਼ ਭਰ ਵਿਚ ਆਪ੍ਰੇਸ਼ਨ ਸਿੰਦੂਰ ਦਾ ਜਸ਼ਨ ਮਨਾਇਆ ਜਾ ਰਿਹਾ ਹੈ। ਦੂਜੇ ਪਾਸੇ ਚੰਡੀਗੜ੍ਹ ਤੋਂ ਮੁੰਬਈ ਜਾ ਰਹੀ ਇੰਡੀਗੋ ਦੀ ਉਡਾਣ ਵਿਚ ਬੰਬ ਦੀ ਧਮਕੀ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਸਹਾਰ ਹਵਾਈ ਅੱਡੇ ਦੀ ਹੌਟਲਾਈਨ 'ਤੇ ਇੱਕ ਧਮਕੀ ਭਰਿਆ ਕਾਲ ਆਇਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਚੰਡੀਗੜ੍ਹ ਤੋਂ ਮੁੰਬਈ ਆ ਰਹੀ ਇੰਡੀਗੋ ਦੀ ਉਡਾਣ ਵਿਚ ਬੰਬ ਰੱਖਿਆ ਗਿਆ ਹੈ।



ਇਸ ਤੋਂ ਬਾਅਦ ਉਡਾਣ ਨੂੰ ਦੇਰ ਰਾਤ ਮੁੰਬਈ ਹਵਾਈ ਅੱਡੇ 'ਤੇ ਉਤਾਰਿਆ ਗਿਆ, ਹਾਲਾਂਕਿ ਹੁਣ ਤੱਕ ਕੋਈ ਸ਼ੱਕੀ ਚੀਜ਼ ਨਹੀਂ ਮਿਲੀ ਹੈ। ਮੁੰਬਈ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਵਿਚ ਲੱਗੀਆਂ ਹੋਈਆਂ ਹਨ।

ਭਾਰਤ ਨੇ ਪਾਕਿਸਤਾਨ ਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਵਿਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਆਪ੍ਰੇਸ਼ਨ ਸਿੰਦੂਰ ਚਲਾਇਆ। ਇਸ ਕਾਰਵਾਈ ਵਿਚ ਤਿੰਨੋਂ ਫੌਜਾਂ ਨੇ ਹਿੱਸਾ ਲਿਆ। ਇਹ 2019 ਵਿਚ ਬਾਲਾਕੋਟ ਆਪ੍ਰੇਸ਼ਨ ਤੋਂ ਬਾਅਦ ਭਾਰਤ ਵੱਲੋਂ ਕੀਤਾ ਗਿਆ ਸਭ ਤੋਂ ਵੱਡਾ ਸਰਹੱਦ ਹਮਲਾ ਹੈ।

ਮੰਗਲਵਾਰ ਰਾਤ ਨੂੰ ਲਗਪਗ 1:44 ਵਜੇ, ਪਹਿਲਗਾਮ ਅੱਤਵਾਦੀ ਹਮਲੇ ਤੋਂ ਠੀਕ 15 ਦਿਨ ਬਾਅਦ, ਭਾਰਤ ਨੇ ਪਾਕਿਸਤਾਨ ਅਤੇ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਪੀ.ਓ.ਕੇ.) ਵਿਚ ਅੱਤਵਾਦੀ ਕੈਂਪਾਂ 'ਤੇ ਹਮਲਾ ਕੀਤਾ, ਜਿਸ ਨਾਲ ਪਾਕਿਸਤਾਨ ਦਹਿਸ਼ਤ ਦੀ ਸਥਿਤੀ ਵਿਚ ਹੈ। ਆਪਣੀ ਨਿਰਾਸ਼ਾ ਜ਼ਾਹਰ ਕਰਨ ਲਈ ਪਾਕਿਸਤਾਨ ਨੇ ਜੰਮੂ-ਕਸ਼ਮੀਰ ਵਿਚ ਕੰਟਰੋਲ ਰੇਖਾ 'ਤੇ ਰਾਤ ਭਰ ਗੋਲੀਬਾਰੀ ਕੀਤੀ।

# ਕਮਲਾ ਹੈਰਿਸ ਵੱਲੋਂ ਰਾਸ਼ਟਰਪਤੀ ਟਰੰਪ ਵਿਰੁੱਧ ਇਕਜੁੱਟ ਹੋਣ ਦਾ ਸੱਦਾ



ਕਮਲਾ ਹੈਰਿਸ ਸੰਬੋਧਨ ਦੌਰਾਨ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸਾਬਕਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ "ਭਗੌੜੇ ਨਾ ਬਣੋ" ਦਾ ਸੁਨੇਹਾ ਅਮਰੀਕੀਆਂ ਨੂੰ ਦਿੰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਹ ਸਾਨ ਫਰਾਂਸਿਸਕੋ ਬੇਅ ਖੇਤਰ ਵਿਚ ਅਮੈਰਜ ਅਮੈਰਿਕਾ ਸਮੂਹ ਦੁਆਰਾ ਅਯੋਜਿਤ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਕਾਂਗਰਸ ਤੇ ਅਦਾਲਤਾਂ ਆਪਣੀ ਭੂਮਿਕਾ ਨਿਭਾਉਣ ਵਿਚ ਅਸਫਲ ਰਹੀਆਂ, ਤਾਂ ਸੰਵਿਧਾਨਕ ਸੰਕਟ ਪੈਦਾ ਹੋ ਜਾਵੇਗਾ। ਉਨ੍ਹਾਂ ਨੇ ਕਿਹਾ ਕਿ "ਵੱਡੇ ਮਹਾਨ ਵਿਅਕਤੀ ਨੇ ਆਧੁਨਿਕ ਪ੍ਰੈਜ਼ੀਡੈਂਸ਼ੀਅਲ ਇਤਿਹਾਸ 'ਚ ਆਰਥਕ ਸੰਕਟ ਖੜ੍ਹਾ ਕਰ ਦਿੱਤਾ ਹੈ।" ਹੈਰਿਸ ਨੇ ਵਿਸ਼ੇਸ਼ ਤੌਰ 'ਤੇ ਟਰੰਪ ਦੀਆਂ ਟੈਰਿਫ਼ ਨੀਤੀਆਂ ਦੀ ਨਿੰਦਾ ਕੀਤੀ ਤੇ ਕਿਹਾ ਕਿ ਉਹ ਸਪੱਸ਼ਟ ਤੌਰ 'ਤੇ ਮੰਦੇ ਨੂੰ ਸੱਦਾ ਦੇ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਟਰੰਪ "ਤੰਗ ਸਵੈ ਸੇਵਾ ਦ੍ਰਿਸ਼ਟੀਕੋਨ" ਨਾਲ ਕੰਮ ਕਰ ਹਨ ਤੇ ਉਹ ਅਮੀਰਾਂ ਦਾ ਸਮਰਥਨ ਕਰ ਰਹੇ ਹਨ। ਹੈਰਿਸ ਨੇ ਹੋਰ ਆਗੂਆਂ ਸਮੇਤ ਸੈਨੇਟਰ ਕੋਰੀ ਬੁਰਕਰ ਤੇ ਬਰਨੀ ਸੈਂਡਰਜ਼ ਦੀ "ਨੈਤਿਕ ਸਪੱਸ਼ਟਤਾ" ਤੇ ਵਿਖਾਏ ਹੌਸਲੇ ਦੀ ਪ੍ਰਸ਼ੰਸਾ ਕੀਤੀ ਤੇ ਹੋਰਨਾਂ ਨੂੰ ਵੀ ਸੱਦਾ ਦਿੱਤਾ ਕਿ ਉਹ ਟਰੰਪ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨ।

# ਟਰੰਪ ਨੇ ਹਾਰਵਰਡ ਯੂਨੀਵਰਸਿਟੀ ਦੀ ਅਰਬਾਂ ਡਾਲਰ ਦੀ ਸਰਕਾਰੀ ਸਹਾਇਤਾ ਰੋਕੀ

**ਵਾਸ਼ਿੰਗਟਨ, (ਪੰਜਾਬ ਮੇਲ)-** ਫਲਸਤੀਨ ਦੇ ਸਮਰਥਨ ਅਤੇ ਇਜ਼ਰਾਈਲ ਖਿਲਾਫ ਕੈਂਪਸ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਡੋਨਾਲਡ ਟਰੰਪ ਪ੍ਰਸ਼ਾਸਨ ਹਾਰਵਰਡ ਯੂਨੀਵਰਸਿਟੀ ਵਿਰੁੱਧ ਕਾਰਵਾਈ ਕਰਨਾ ਜਾਰੀ ਰੱਖ ਰਿਹਾ ਹੈ। ਅਮਰੀਕੀ ਸਿੱਖਿਆ ਵਿਭਾਗ ਨੇ ਯੂਨੀਵਰਸਿਟੀਆਂ ਨੂੰ ਖੋਜ ਅਤੇ ਹੋਰ ਵਿੱਤੀ ਸਹਾਇਤਾ ਲਈ ਮਿਲਣ ਵਾਲੇ ਅਰਬਾਂ ਡਾਲਰ ਦੇ ਫੰਡਾਂ ਨੂੰ ਰੋਕ ਦਿੱਤਾ ਹੈ। ਵਿਭਾਗ ਨੇ ਸੋਮਵਾਰ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇਸ ਬਾਰੇ ਸੂਚਿਤ ਕੀਤਾ।

ਰਾਇਟਰਜ਼ ਦੀ ਇੱਕ ਰਿਪੋਰਟ ਅਨੁਸਾਰ, ਇਹ ਪਾਬੰਦੀ ਉਦੋਂ ਤੱਕ ਲਾਗੂ ਰਹੇਗੀ, ਜਦੋਂ ਤੱਕ ਹਾਰਵਰਡ ਟਰੰਪ ਪ੍ਰਸ਼ਾਸਨ ਦੀਆਂ ਮੰਗਾਂ ਨੂੰ ਸਵੀਕਾਰ ਨਹੀਂ ਕਰਦਾ। ਵਿਭਾਗ ਨੇ ਯੂਨੀਵਰਸਿਟੀ ਤੋਂ ਕੈਂਪਸ ਵਿਚ ਕਥਿਤ ਯਹੂਦੀ ਵਿਰੋਧੀ ਭਾਵਨਾ, ਵਿਦਿਆਰਥੀ ਨਸਲ ਨੀਤੀ ਅਤੇ ਸੰਸਥਾ ਨੂੰ ਗ੍ਰਾਂਟਾਂ ਪ੍ਰਾਪਤ ਕਰਨ ਤੋਂ ਪਾਬੰਦੀ ਲਗਾਉਣ ਦੇ ਫੈਸਲੇ ਬਾਰੇ ਸਪੱਸ਼ਟੀਕਰਨ ਮੰਗਿਆ ਹੈ। ਸਿੱਖਿਆ ਵਿਭਾਗ ਦੀ ਸਕੱਤਰ ਲਿੰਡਾ ਮੈਕਮਹੋਨ ਨੇ ਇੱਕ ਪੱਤਰ ਵਿਚ ਕਿਹਾ ਕਿ ਹਾਰਵਰਡ ਨੂੰ ਸੰਘੀ ਸਰਕਾਰ ਤੋਂ ਫੰਡਿੰਗ ਨਹੀਂ ਲੈਣੀ ਚਾਹੀਦੀ ਕਿਉਂਕਿ ਹੁਣ ਕੋਈ ਗ੍ਰਾਂਟ ਨਹੀਂ ਦਿੱਤੀ ਜਾਵੇਗੀ। ਹਾਰਵਰਡ ਨੇ ਇਸ 'ਤੇ ਤੁਰੰਤ ਜਵਾਬ ਨਹੀਂ ਦਿੱਤਾ। ਰਿਪੋਰਟਾਂ ਅਨੁਸਾਰ, ਟਰੰਪ ਪ੍ਰਸ਼ਾਸਨ ਨੇ ਕਾਨੂੰਨੀ ਸੀਮਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਕਦਮ ਚੁੱਕਣ ਲਈ ਇੱਕ ਨਵਾਂ ਤਰੀਕਾ ਅਪਣਾਇਆ ਹੈ।

ਫਲਸਤੀਨ ਪੱਖੀ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਟਰੰਪ ਪ੍ਰਸ਼ਾਸਨ ਨੇ ਯੂਨੀਵਰਸਿਟੀ ਪ੍ਰਸ਼ਾਸਨ 'ਤੇ ਕੈਂਪਸ ਵਿਚ ਯਹੂਦੀ ਵਿਰੋਧੀ ਗਤੀਵਿਧੀਆਂ ਹੋਣ ਦਾ ਦੋਸ਼ ਲਗਾਇਆ ਸੀ। ਟਰੰਪ ਪ੍ਰਸ਼ਾਸਨ ਨੇ ਕੈਂਪਸ ਵਿਚ ਅਜਿਹੇ ਸਮੂਹਾਂ ਵਿਰੁੱਧ ਕਾਰਵਾਈ ਅਤੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਮਾਸਕ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਸੀ। ਹਾਲਾਂਕਿ, ਯੂਨੀਵਰਸਿਟੀ ਵੱਲੋਂ ਅਜਿਹੇ ਦੋਸ਼ਾਂ ਤੋਂ ਇਨਕਾਰ ਕੀਤਾ ਗਿਆ ਹੈ। ਟਰੰਪ ਪ੍ਰਸ਼ਾਸਨ ਦੀ ਮੰਗ ਅਨੁਸਾਰ ਕੈਂਪਸ ਪ੍ਰਦਰਸ਼ਨਕਾਰੀਆਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ, ਜਿਸ ਕਾਰਨ ਟਰੰਪ ਪ੍ਰਸ਼ਾਸਨ ਦੀ ਨਾਰਾਜ਼ਗੀ ਵਧ ਗਈ ਹੈ। ਹਾਰਵਰਡ ਨੇ ਟਰੰਪ ਪ੍ਰਸ਼ਾਸਨ ਦੀਆਂ ਕਈ ਮੰਗਾਂ ਦਾ ਵਿਰੋਧ ਕੀਤਾ ਹੈ, ਉਨ੍ਹਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਕਾਦਮਿਕ ਆਜ਼ਾਦੀ 'ਤੇ ਹਮਲਾ ਦੱਸਿਆ ਹੈ। ਯੂਨੀਵਰਸਿਟੀ ਨੇ ਸਰਕਾਰ ਵਿਰੁੱਧ ਮੁਕੱਦਮਾ ਵੀ ਦਾਇਰ ਕੀਤਾ ਹੈ, ਜਿਸ ਵਿਚ ਜ਼ੋਰ ਦਿੱਤਾ ਗਿਆ ਹੈ ਕਿ ਫੰਡਾਂ ਵਿੱਚ ਕਟੌਤੀ ਦਾ ਮਰੀਜ਼ਾਂ, ਵਿਦਿਆਰਥੀਆਂ, ਫੈਕਲਟੀ ਅਤੇ ਖੋਜਕਰਤਾਵਾਂ 'ਤੇ ਗੰਭੀਰ ਪ੍ਰਭਾਵ ਪਵੇਗਾ। ਹਾਰਵਰਡ ਨਾਲ ਮੁਕਾਬਲਾ ਕਰਨ ਲਈ ਟਰੰਪ ਪ੍ਰਸ਼ਾਸਨ ਨੇ 9 ਬਿਲੀਅਨ ਡਾਲਰ ਦੇ ਸੰਘੀ ਫੰਡਿੰਗ ਦੀ ਸਮੀਖਿਆ ਸ਼ੁਰੂ ਕੀਤੀ। ਹਾਰਵਰਡ ਨੇ ਦੋਸ਼ ਲਗਾਇਆ ਕਿ ਟਰੰਪ ਪ੍ਰਸ਼ਾਸਨ ਦੀਆਂ ਮੰਗਾਂ ਬਹੁਤ ਜ਼ਿਆਦਾ ਸਨ ਅਤੇ ਉਹ ਯੂਨੀਵਰਸਿਟੀ ਨੂੰ ਸਰਕਾਰੀ ਨਿਯੰਤਰਣ ਹੇਠ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ।

# ਅਮਰੀਕਾ 'ਚ ਧੋਖਾਧੜੀ ਦੇ ਦੋਸ਼ ਹੇਠ ਭਾਰਤੀ ਵਿਦਿਆਰਥੀ ਗ੍ਰਿਫ਼ਤਾਰ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਵਿਚ ਇੱਕ 21 ਸਾਲਾ ਭਾਰਤੀ ਵਿਦਿਆਰਥੀ ਨੂੰ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਵਜੋਂ ਪੇਸ਼ ਹੋ ਕੇ ਉੱਤਰੀ ਕੈਰੋਲੀਨਾ ਦੀ ਇੱਕ 78 ਸਾਲਾ ਔਰਤ ਨਾਲ ਧੋਖਾਧੜੀ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਕਿਸ਼ਨ ਕੁਮਾਰ ਸਿੰਘ, ਜੋ ਕਿ 2024 ਤੋਂ ਵਿਦਿਆਰਥੀ ਵੀਜ਼ੇ 'ਤੇ ਓਹਾਇਓ ਦੇ ਸਿਨਸਿਨਾਟੀ ਇਲਾਕੇ ਵਿਚ ਰਹਿ ਰਿਹਾ ਹੈ, ਨੂੰ ਵੀਰਵਾਰ ਨੂੰ ਇੱਕ ਬਜ਼ੁਰਗ ਦਿਵਿਆਂਗ ਔਰਤ ਨਾਲ ਧੋਖਾਧੜੀ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਗਿਲਫੋਰਡ ਕਾਉਂਟੀ ਸ਼ੈਰਿਫ਼ ਦੇ ਦਫ਼ਤਰ (ਜੀ.ਸੀ.ਐੱਸ.ਓ.) ਨੇ ਇੱਕ ਬਿਆਨ ਵਿਚ ਕਿਹਾ ਕਿ ਪੀੜਤਾ ਨੇ ਅਧਿਕਾਰੀਆਂ ਨਾਲ ਸੰਪਰਕ ਕੀਤਾ ਅਤੇ ਦੱਸਿਆ ਕਿ ਉਸਨੂੰ ਜੀ.ਸੀ.ਐੱਸ.ਓ. ਅਧਿਕਾਰੀ ਅਤੇ ਸੰਘੀ ਏਜੰਟ ਹੋਣ ਦਾ ਦਾਅਵਾ ਕਰਨ ਵਾਲੇ ਲੋਕਾਂ ਦੇ ਫੋਨ ਆ ਰਹੇ ਸਨ। ਸਟੋਕਸਡੇਲ, ਉੱਤਰੀ ਕੈਰੋਲੀਨਾ ਦੀ ਰਹਿਣ ਵਾਲੀ ਪੀੜਤਾ ਨੂੰ ਫੋਨ ਕਰਨ ਵਾਲਿਆਂ ਨੇ ਦੱਸਿਆ ਕਿ ਉਸਦੇ ਬੈਂਕ ਖਾਤੇ ਵਿਚੋਂ ਪੈਸੇ ਕਢਵਾ ਲਏ ਗਏ ਹਨ ਅਤੇ "ਇਸਨੂੰ ਸੁਰੱਖਿਅਤ ਰੱਖਣ" ਲਈ ਵੱਡੀ ਰਕਮ ਕਢਵਾਉਣ ਲਈ ਦਬਾਅ ਪਾਇਆ ਗਿਆ। ਬਿਆਨ ਵਿਚ ਕਿਹਾ ਗਿਆ ਹੈ ਕਿ ਜਦੋਂ ਸਿੰਘ "ਸੰਘੀ ਅਧਿਕਾਰੀ" ਵਜੋਂ ਪੇਸ਼ ਹੋ ਕੇ ਉੱਥੇ ਪਹੁੰਚਿਆ, ਤਾਂ ਪੁਲਿਸ ਨੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਫ਼ੋਨ ਕਰਨ ਵਾਲਿਆਂ ਨੇ ਔਰਤ ਨੂੰ ਦੱਸਿਆ ਕਿ ਉਸਦਾ ਨਾਮ ਦੇਸ਼ ਦੇ ਕਿਸੇ ਹੋਰ ਹਿੱਸੇ ਵਿਚ ਅਪਰਾਧਿਕ ਗਤੀਵਿਧੀਆਂ ਨਾਲ ਜੁੜਿਆ ਹੋਇਆ ਹੈ। ਸਿੰਘ ਇਸ ਸਮੇਂ ਗਿਲਫੋਰਡ ਕਾਉਂਟੀ ਡਿਟੈਂਸ਼ਨ ਸੈਂਟਰ ਵਿਚ ਹੈ।

# ਸਿੰਧੂ ਜਲ ਸੰਧੀ ਰੱਦ ਹੋਣ ਮਗਰੋਂ ਸਾਉਣੀ ਦੇ ਸੀਜ਼ਨ ਦੌਰਾਨ ਪਾਕਿ 'ਚ 21 ਫ਼ੀਸਦੀ ਪਾਣੀ ਦੀ ਕਮੀ ਹੋਣ ਦਾ ਅਨੁਮਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਪਹਿਲਗਾਮ ਹਮਲੇ ਮਗਰੋਂ ਭਾਰਤ ਵੱਲੋਂ ਅਪ੍ਰੈਲ 2025 ਵਿਚ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਤੋਂ ਬਾਅਦ, ਪਾਕਿਸਤਾਨ ਦੀ ਸਿੰਧੂ ਨਦੀ ਸਿਸਟਮ ਅਥਾਰਟੀ (ਇੰਡਸ ਰਿਵਰ ਸਿਸਟਮ ਅਥਾਰਟੀ) ਅਨੁਸਾਰ ਆਉਣ ਵਾਲੇ ਸਾਉਣੀ ਸੀਜ਼ਨ ਦੌਰਾਨ ਪਾਕਿਸਤਾਨ ਵਿਚ 21 ਫ਼ੀਸਦੀ ਪਾਣੀ ਦੀ ਕਮੀ ਹੋਣ ਦਾ ਅਨੁਮਾਨ ਹੈ। ਇਹ ਮੁਅੱਤਲੀ ਕਸ਼ਮੀਰ ਵਿਚ 22 ਅਪ੍ਰੈਲ ਨੂੰ ਹੋਏ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਆਈ ਹੈ, ਜਿਸ ਦਾ ਇਲਜ਼ਾਮ ਪਾਕਿਸਤਾਨ-ਆਧਾਰਿਤ ਅੱਤਵਾਦੀਆਂ 'ਤੇ ਲੱਗ ਰਿਹਾ ਹੈ।

ਭਾਰਤ ਨੇ ਜੰਮੂ-ਕਸ਼ਮੀਰ ਵਿਚ ਸਲਾਲ ਅਤੇ ਬਗਲੀਹਾਰ ਡੈਮਾਂ 'ਤੇ ਸਾਰੇ ਗੇਟ ਬੰਦ ਕਰ ਦਿੱਤੇ ਹਨ, ਜਿਸ ਨਾਲ ਪਾਕਿਸਤਾਨ ਨੂੰ ਚਿਨਾਬ ਨਦੀ ਦੇ ਪਾਣੀ ਦੀ ਸਪਲਾਈ ਰੋਕ ਦਿੱਤੀ ਗਈ ਹੈ। 1960 ਵਿਚ ਸਥਾਪਿਤ ਸਿੰਧੂ ਜਲ ਸੰਧੀ ਨੇ ਸਿੰਧੂ ਨਦੀ ਪ੍ਰਣਾਲੀ ਦੇ ਪਾਣੀਆਂ ਦਾ ਲਗਭਗ 80 ਫ਼ੀਸਦੀ ਪਾਕਿਸਤਾਨ ਨੂੰ ਅਲਾਟ ਕੀਤਾ ਸੀ। ਭਾਰਤ ਦੀਆਂ ਹਾਲੀਆ ਕਾਰਵਾਈਆਂ, ਜਿਨ੍ਹਾਂ 'ਚ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨਾ ਅਤੇ ਡੈਮ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨਾ ਸ਼ਾਮਲ ਹਨ, ਨੇ ਪਾਕਿਸਤਾਨ ਵਿਚ ਆਪਣੀ ਖੇਤੀਬਾੜੀ ਅਤੇ ਜਲ ਸੁਰੱਖਿਆ 'ਤੇ ਸੰਭਾਵੀ ਪ੍ਰਭਾਵਾਂ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ।

ਇਸ ਬਾਰੇ ਭਾਰਤ ਨੂੰ ਧਮਕੀ ਦਿੰਦਿਆਂ ਪਾਕਿਸਤਾਨ ਨੇ ਚੇਤਾਵਨੀ ਦਿੱਤੀ ਹੈ ਕਿ ਉਸ ਦੀ ਪਾਣੀ ਸਪਲਾਈ ਵਿਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨੂੰ ਜੰਗ ਦਾ ਐਲਾਨ ਮੰਨਿਆ ਜਾਵੇਗਾ ਅਤੇ ਉਹ ਭਾਰਤ ਵੱਲੋਂ ਸੰਧੀ ਨੂੰ ਮੁਅੱਤਲ ਕਰਨ ਨੂੰ ਚੁਣੌਤੀ ਦੇਣ ਲਈ ਕਾਨੂੰਨੀ ਜੰਗ ਲੜਨ ਲਈ ਤਿਆਰ ਹੈ। ਇਹ ਸਥਿਤੀ ਦੋਵਾਂ ਦੇਸ਼ਾਂ ਵਿਚਕਾਰ ਵਧਦੇ ਤਣਾਅ ਨੂੰ ਉਜਾਗਰ ਕਰਦੀ ਹੈ, ਜਿਸ ਨਾਲ ਜਲ ਸਰੋਤ ਵਿਆਪਕ ਭੂ-ਰਾਜਨੀਤਿਕ ਟਕਰਾਅ ਦਾ ਕੇਂਦਰ ਬਿੰਦੂ ਬਣ ਰਹੇ ਹਨ।

# ਪਹਿਲਗਾਮ ਮਾਮਲਾ: ਭਾਰਤ ਵੱਲੋਂ ਪਾਕਿਸਤਾਨ ਤੋਂ ਆਉਣ ਵਾਲੀਆਂ ਵਸਤਾਂ 'ਤੇ ਪਾਬੰਦੀ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਪਹਿਲਗਾਮ ਵਿਚ ਅੱਤਵਾਦੀਆਂ ਵੱਲੋਂ ਸੈਲਾਨੀਆਂ ਦੀਆਂ ਹੱਤਿਆਵਾਂ ਦੇ ਮੱਦੇਨਜ਼ਰ ਪਾਕਿਸਤਾਨ ਤੋਂ ਆਉਣ ਵਾਲੇ ਸਾਮਾਨ ਜਾਂ ਉਸ ਦੀ ਸਰਹੱਦ ਤੋਂ ਹੋ ਕੇ ਆਉਣ ਵਾਲੀਆਂ ਵਸਤਾਂ 'ਤੇ ਪਾਬੰਦੀ ਲਾ ਦਿੱਤੀ ਹੈ। ਭਾਰਤ ਦੇ ਵਿਦੇਸ਼ ਵਪਾਰ ਡਾਇਰੈਕਟੋਰੇਟ ਜਨਰਲ ਨੇ ਇਕ ਨੋਟੀਫਿਕੇਸ਼ਨ ਵਿਚ ਕਿਹਾ ਹੈ ਕਿ ਇਹ ਪਾਬੰਦੀ ਫੌਰੀ ਤੌਰ 'ਤੇ ਅਮਲ ਵਿਚ ਆ ਜਾਵੇਗੀ। ਭਾਰਤ ਨੇ ਪਹਿਲਗਾਮ ਹਮਲੇ 'ਚ ਪਾਕਿਸਤਾਨ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਹੈ, ਜਦਕਿ ਪਾਕਿਸਤਾਨ ਨੇ ਅਜਿਹੇ ਦੋਸ਼ ਨਕਾਰੇ ਹਨ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com






# ਵਿਪਸਾਅ ਵੱਲੋਂ ਲਾਜ ਨੀਲਮ ਸੈਣੀ ਦੇ ਨਾਵਲ 'ਅਲਵਿਦਾ!... ਕਦੇ ਵੀ ਨਹੀਂ' ਉੱਪਰ ਸਾਹਿਤਕ ਸਮਾਗਮ

## ਕਿਤਾਬ ਨੂੰ ਸਾਹਿਤ ਪ੍ਰੇਮੀਆਂ ਵਲੋਂ ਭਰਵਾਂ ਹੁੰਗਾਰਾ ਮਿਲਿਆ



**ਹੇਵਰਡ, (ਪੰਜਾਬ ਮੇਲ)-** ਬੀਤੇ ਐਤਵਾਰ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ ਲੇਖਿਕਾ ਲਾਜ ਨੀਲਮ ਸੈਣੀ ਦੇ ਮੂਲਕ ਆਤਮ ਜੀਵਨੀ ਨਾਵਲ 'ਅਲਵਿਦਾ!... ਕਦੇ ਵੀ ਨਹੀਂ' ਉੱਪਰ ਕਰਵਾਇਆ ਗਿਆ ਸਾਹਿਤਕ ਸਮਾਗਮ ਬਹੁਤ ਸਫ਼ਲ ਰਿਹਾ। ਕੁਲਵਿੰਦਰ ਨੇ ਸਮਾਗਮ ਦੇ ਆਰੰਭ ਵਿਚ ਸਭ ਨੂੰ ਜੀ ਆਇਆਂ ਕਿਹਾ ਅਤੇ ਇਸ ਸਾਲ ਹੋਣ ਵਾਲੇ ਹੋਰ ਸਮਾਗਮਾਂ ਬਾਰੇ ਜਾਣਕਾਰੀ ਦਿੱਤੀ। ਹਾਜ਼ਰ ਸਾਹਿਤਕਾਰਾਂ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਗ਼ਜ਼ਲਕਾਰ ਨਦੀਮ ਪਰਮਾਰ, ਪਸ਼ੌਰਾ ਸਿੰਘ ਢਿੱਲੋਂ ਅਤੇ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਪਹਿਲਗਾਮ ਵਿਚ ਮਾਰੇ ਗਏ ਨਿਰਦੋਸ਼ਾਂ ਨੂੰ ਕੁਝ ਪਲ ਮੌਨ ਰੱਖਕੇ ਸ਼ਰਧਾਂਜਲੀ ਭੇਟ ਕੀਤੀ। ਜਗਜੀਤ ਨੌਸ਼ਹਿਰਵੀ ਨੇ ਕਿਹਾ, ਅਸੀਂ ਦੁਆ ਕਰਦੇ ਹਾਂ ਕਿ ਸਰਹੱਦ ਦੇ ਦੋਵੇਂ ਪਾਸੇ ਅਮਨ ਰਹੇ ਅਤੇ ਲੋਕ ਖੁਸ਼ਹਾਲ ਵੱਸਣ।

ਸੁਖਦੇਵ ਸਾਹਿਲ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਦਾ ਗਾਇਨ ਕਰਕੇ ਹੋਣ ਜਾ ਰਹੀ ਸਾਹਿਤਕ ਵਿਚਾਰ ਚਰਚਾ ਲਈ ਸੰਜੀਦਾ ਮਾਹੌਲ ਤਿਆਰ ਕੀਤਾ।

ਸਮਾਗਮ ਦੀ ਪ੍ਰਧਾਨਗੀ ਸਰਬਜੀਤ ਸਿੰਘ ਗਿੱਲ, ਡਾ. ਸੁਖਵਿੰਦਰ ਕੰਬੋਜ, ਵਿਪਸਾਅ ਪ੍ਰਧਾਨ ਕੁਲਵਿੰਦਰ, ਲਾਜ ਨੀਲਮ ਸੈਣੀ, ਹਰਜਿੰਦਰ ਸਿੰਘ ਪੰਧੇਰ ਅਤੇ ਤਾਰਾ ਸਿੰਘ ਸਾਗਰ ਨੇ ਕੀਤੀ। ਲਾਜ ਨੀਲਮ ਨੇ ਕਿਤਾਬ ਦੀ ਪਿੱਠਭੂਮੀ, ਲਿਖਣ ਪ੍ਰੇਰਣਾ, ਅਤੇ ਪ੍ਰਕਿਰਿਆ ਬਾਰੇ ਆਪਣਾ ਪੱਖ ਸਰੋਤਿਆਂ ਸਾਹਮਣੇ ਰੱਖਿਆ। ਉਸਨੇ ਕਿਹਾ ਕਿ ਇਹ ਨਾਵਲ ਲਿਖਦਿਆਂ ਮੇਰਾ ਦਰਦ ਅੱਥਰੂ ਬਣ ਕੇ ਵਗਦਾ ਹੋਇਆ ਸ਼ਬਦਾਂ ਦਾ ਰੂਪ ਧਾਰਨ ਕਰ ਲੈਂਦਾ, ਲਾਜ ਅੱਖਰ-ਅੱਖਰ ਹੁੰਦਾ ਮੇਰੇ ਨਾਲ਼ ਤੁਰ ਪੈਂਦਾ, ਸ਼ਬਦ ਅੱਗੇ ਦੌੜਨ ਲੱਗਦੇ, ਮੈਂ ਪਿੱਛੇ ਰਹਿ ਜਾਂਦੀ। ਇਸ ਲਿਖਣ ਤਜ਼ਰਬੇ ਵਿਚੋਂ ਮੈਨੂੰ ਨਵੀਂ ਜੀਵਨ ਸ਼ਕਤੀ ਮਿਲੀ ਹੈ। ਪ੍ਰੋ. ਬਲਜਿੰਦਰ ਸਵੈਚ ਨੇ ਨਾਵਲ ਦਾ ਸਾਹਿਤਕ ਮੁਲਾਂਕਣ ਕਰਦਾ ਆਪਣਾ ਪਰਚਾ 'ਸਾਕਾਰਾਤਮਿਕ ਮਨੋ-ਸਥਿਤੀਆਂ ਦਾ ਬਿਰਤਾਂਤ - ਅਲਵਿਦਾ!... ਕਦੇ ਵੀ ਨਹੀਂ' ਪੜ੍ਹਿਆ। ਉਨ੍ਹਾਂ ਨੇ ਨਾਵਲ 'ਤੇ ਚਰਚਾ ਛੇੜਦੇ ਕਿਹਾ ਕਿ "ਇਸ ਨਾਵਲ ਦਾ ਬਿਰਤਾਂਤ ਲਗਾਤਾਰ ਮਨੁੱਖੀ ਜੀਵਨ ਦੇ ਸੱਚ ਤੇ ਉਸ ਦੇ ਦਾਰਸ਼ਨਿਕ ਆਧਾਰਾਂ ਨੂੰ ਇਕ ਦੂਜੇ ਵਿਚ ਵਿਉਂਤ ਕੇ ਪੇਸ਼ ਕਰਦਾ ਹੈ। ਸਿਮਰਤੀਆਂ ਰਾਹੀਂ ਅਤੀਤ ਨੂੰ ਵਰਤਮਾਨ ਵਿਚ ਹਾਜ਼ਰ ਕਰ ਲੈਣਾ ਅਤੇ ਉਸ ਦੀ ਹਾਜ਼ਰੀ ਨਾਲ ਵਰਤਮਾਨ ਦੇ ਸੰਤਾਪ ਨੂੰ ਸਾਕਾਰਾਤਮਿਕ ਰੂਪ ਵਿਚ ਨਵੇਂ ਅਰਥ ਦੇਣਾ ਇਸ ਨਾਵਲ ਦੇ ਬਿਰਤਾਂਤ ਦੀ ਬਹੁਤ ਮਹੱਤਵਪੂਰਨ ਵਿਧੀ ਹੈ। ਔਰਤ ਨਾਵਲਕਾਰ ਹੋਣ ਦੇ ਬਾਵਜੂਦ ਨਾਰੀ ਵਾਦੀ ਦ੍ਰਿਸ਼ਟੀ ਦੇ ਬੋਝ ਤੋਂ ਮੁਕਤ ਹੋ ਕੇ ਔਰਤ-ਮਰਦ ਦੇ ਮੋਹ ਵੰਨੇ ਰਿਸ਼ਤੇ ਦੀ ਬਰੀਕੀ ਨਾਲ ਪੇਸ਼ਕਾਰੀ ਅਤੇ ਘਰ ਪਰਿਵਾਰ ਤੇ ਸਵੈ ਦੇ ਸੰਤੁਲਿਤ ਰਿਸ਼ਤੇ ਨਾਵਲ ਦੇ ਬਿਰਤਾਂਤ ਦੀ ਖ਼ਾਸ ਰੰਗ ਪ੍ਰਦਾਨ ਕਰਦੇ ਹਨ।" ਸੁਰਿੰਦਰ ਸੀਰਤ ਨੇ ਇਸ ਕਿਤਾਬ ਵਿਚਲੇ ਵਾਰਤਾਲਾਪ, ਵਿਸ਼ੇ ਅਤੇ ਭਾਸ਼ਾ ਨੂੰ ਸਰਾਹਿਆ। ਉਨ੍ਹਾਂ ਕਿਹਾ, ਸਿਰਫ ਸੱਚ ਹੀ ਸਾਹਿਤ ਨਹੀਂ ਹੁੰਦਾ ਪਰ ਸੱਚ ਨੂੰ ਕਾਲਪਨਿਕ ਰੂਪ ਦੇ ਕੇ ਕਿਸੇ ਹੋਰ ਰੰਗ ਵਿਚ ਯਥਾਰਥ ਨੂੰ ਪੇਸ਼ ਕਰਨਾ ਸਾਹਿਤ ਹੈ। ਨੀਲਮ ਵਲੋਂ ਨਾਵਲ ਵਿਚਲੇ ਵਾਰਤਾਲਾਪ ਵਿਚ ਸਾਹਿਤ ਦਾ ਯਥਾਰਥ ਬੜੇ ਕਲਾਤਮਕ ਤਰੀਕੇ ਨਾਲ ਪੇਸ਼ ਕੀਤਾ। ਇਸ ਕਰਕੇ ਇਹ ਕਿਤਾਬ ਨੀਲਮ ਦੀ ਅਤੇ ਵਿਪਸਾਅ ਦੀ ਬਹੁਤ ਵੱਡੀ ਪ੍ਰਾਪਤੀ ਹੈ। ਉਨ੍ਹਾਂ ਇਸ ਖ਼ੂਬਸੂਰਤ ਰਚਨਾ ਲਈ ਲਾਜ ਨੀਲਮ ਨੂੰ ਵਧਾਈ ਦਿੱਤੀ। ਲਖਵਿੰਦਰ ਕੌਰ ਲੱਕੀ ਨੇ ਕਿਹਾ ਕਿ ਉਸ ਨੇ ਇਸ ਨਾਵਲ ਵਿਚਲੇ ਕਥਾਸਾਰ, ਪਾਤਰਾਂ ਅਤੇ ਪਿੱਠਭੂਮੀ ਨਾਲ ਬਹੁਤ ਆਈਡੰਟੀਫਾਈ ਕੀਤਾ ਹੈ ਅਤੇ ਨਾਵਲ ਪੜ੍ਹਦਿਆਂ ਬਹੁਤ ਵਾਰ ਭਾਵੁਕ ਹੋਈ ਹੈ। ਪ੍ਰਿੰ. ਹਰਿੰਦਰਪਾਲ ਕੌਰ ਸੰਧੂ ਨੇ ਲਾਜ ਨੀਲਮ ਵੱਲੋਂ ਅਮਰੀਕੀ ਸਮਾਜਿਕ ਸਥਿਤੀਆਂ ਦੇ ਮੱਦੇਨਜ਼ਰ ਪਰਿਵਾਰਿਕ ਇਕਾਈ (ਪਤੀ ਪਤਨੀ) ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਦੇ ਹੱਕ ਵਿਚ ਖੜ੍ਹਨ ਲਈ ਨਾਵਲ ਦੀ ਪ੍ਰਸ਼ੰਸਾ ਕੀਤੀ। ਬਲਵਿੰਦਰ ਕੌਰ ਮੰਡ ਨੇ ਕਿਹਾ ਕਿ ਨੀਲਮ ਨੇ ਬੜੇ ਸਲੀਕੇ ਨਾਲ਼ ਆਪਣੀ ਜ਼ਿੰਦਗੀ ਸਾਡੇ ਨਾਲ਼ ਸਾਂਝੀ ਕੀਤੀ ਹੈ। ਉਸ ਨੇ ਇਹ ਨਾਵਲ ਲਿਖ ਕੇ 'ਲਾਜ ਸੈਣੀ' ਨੂੰ ਰਹਿੰਦੀ ਦੁਨੀਆਂ ਤੱਕ ਅਮਰ ਕਰ ਦਿੱਤਾ ਹੈ। ਉਨ੍ਹਾਂ ਹਰ ਚੈਪਟਰ ਦੇ ਸ਼ੁਰੂ ਅਤੇ ਅੰਤ ਵਿਚ ਪਤੀ ਪਤਨੀ ਵਿਚਾਲੇ ਹੋਏ ਵਾਰਤਾਲਾਪ ਦੀ ਵਿਧੀ ਨੇ ਨਾਵਲ ਨੂੰ ਹੋਰ ਵੀ ਦਿਲਚਸਪ ਬਣਾਇਆ ਹੈ।

# ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਅਗਲੇ ਹੁਕਮਾਂ ਤੱਕ ਬੰਦ

**ਡੇਰਾ ਬਾਬਾ ਨਾਨਕ, (ਪੰਜਾਬ ਮੇਲ)-** ਭਾਰਤ ਵੱਲੋਂ ਆਪ੍ਰੇਸ਼ਨ ਸਿੰਦੂਰ ਦੌਰਾਨ ਮੰਗਲਵਾਰ ਦੀ ਰਾਤ ਕੀਤੇ ਹਮਲੇ ਤੋਂ ਬਾਅਦ ਜਿੱਥੇ ਦੇਸ਼ ਭਰ ਦੇ ਕਈ ਏਅਰਪੋਰਟਾਂ ਤੇ ਹਵਾਈ ਉਡਾਣਾਂ ਬੰਦ ਕਰਨ ਤੋਂ ਇਲਾਵਾ ਬਾਰਡਰ ਏਰੀਏ ਨਾਲ ਸੰਬੰਧਿਤ ਜ਼ਿਲ੍ਹਿਆਂ ਦੇ ਸਕੂਲਾਂ ਵਿਚ ਛੁੱਟੀ ਦਾ ਐਲਾਨ ਕਰ ਦਿੱਤਾ ਹੈ। ਉੱਥੇ ਬੁੱਧਵਾਰ ਨੂੰ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਰਾਹੀਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਸ਼ਰਧਾਲੂ ਪੁੱਜਣੇ ਸ਼ੁਰੂ ਹੋ ਗਏ। ਜਾਣਕਾਰੀ ਅਨੁਸਾਰ ਬੁੱਧਵਾਰ ਨੂੰ ਲਾਂਘੇ ਰਾਹੀਂ 491 ਸ਼ਰਧਾਲੂਆਂ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਦੀ ਮਨਜ਼ੂਰੀ ਮਿਲੀ ਹੈ। ਡੇਰਾ ਬਾਬਾ ਨਾਨਕ ਦੀ ਸਰਹੱਦ 'ਤੇ ਬਣੇ ਸ੍ਰੀ ਕਰਤਾਰਪੁਰ ਪੰਸਜਰ ਟਰਮੀਨਲ ਤੇ ਸਾਢੇ 8 ਵਜੇ ਦੇ ਕਰੀਬ ਦੋ ਦਰਜਨਾਂ ਤੋਂ ਵੱਧ ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਪਹੁੰਚ ਗਏ ਪਰੰਤੂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਅਗਲੇ ਹੁਕਮਾਂ ਤੱਕ ਬੰਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਸ਼ਰਧਾਲੂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨ ਕਰਨ ਦੀ ਜਾਣ ਦੀ ਉਡੀਕ ਕਰ ਰਹੇ ਹਨ।

# ਭਾਰਤ-ਪਾਕਿ ਤਣਾਅ ਪਾਕਿਸਤਾਨ ਦੀ ਕਮਜ਼ੋਰ ਅਰਥਵਿਵਸਥਾ ਨੂੰ ਪਾ ਸਕਦੈ ਮੁਸ਼ਕਿਲ 'ਚ : ਮੂਡੀਜ਼

## ਭਾਰਤ ਦੀ ਅਰਥਵਿਵਸਥਾ ਇਸ ਤਣਾਅ ਨੂੰ ਝੱਲਣ 'ਚ ਸਮਰੱਥ

**ਨਵੀਂ ਦਿੱਲੀ, (ਪੰਜਾਬ ਮੇਲ)-** ਪਹਿਲਗਾਮ 'ਚ ਅੱਤਵਾਦੀ ਹਮਲੇ ਦੇ ਬਾਅਦ ਤੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਇਕ ਵਾਰ ਫਿਰ ਤੋਂ ਵਧ ਗਿਆ ਹੈ। ਇਸ ਨੂੰ ਲੈ ਕੇ ਮੂਡੀਜ਼ ਇਨਵੈਸਟਰਜ਼ ਸਰਵਿਸ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਤਣਾਅ ਪਾਕਿਸਤਾਨ ਦੀ ਕਮਜ਼ੋਰ ਅਰਥਵਿਵਸਥਾ ਨੂੰ ਹੋਰ ਮੁਸ਼ਕਿਲ 'ਚ ਪਾ ਸਕਦਾ ਹੈ। ਉੱਥੇ ਹੀ, ਭਾਰਤ 'ਤੇ ਇਸ ਦਾ ਅਸਰ ਘੱਟ ਰਹੇਗਾ ਪਰ ਲੰਬਾ ਖਿੱਚੇ ਜਾਣ 'ਤੇ ਕੁਝ ਦਿੱਕਤਾਂ ਹੋ ਸਕਦੀਆਂ ਹਨ।

ਮੂਡੀਜ਼ ਦੀ ਨਵੀਂ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਨਾਲ ਵਧਦਾ ਤਣਾਅ ਪਾਕਿਸਤਾਨ ਦੀ ਆਰਥਿਕ ਸਥਿਰਤਾ ਲਈ ਵੱਡਾ ਖ਼ਤਰਾ ਹੈ। ਪਾਕਿਸਤਾਨ ਦੀ ਅਰਥਵਿਵਸਥਾ ਹਾਲ ਦੇ ਦਿਨਾਂ 'ਚ ਥੋੜ੍ਹੀ ਸੁਧਰੀ ਸੀ, ਖਾਸ ਕਰ ਕੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਦੇ ਪ੍ਰੋਗਰਾਮ ਦੀ ਮਦਦ ਨਾਲ, ਪਰ ਜੇਕਰ ਇਹ ਤਣਾਅ ਲੰਬਾ ਚੱਲਿਆ, ਤਾਂ ਪਾਕਿਸਤਾਨ ਨੂੰ ਵਿਦੇਸ਼ੀ ਫੰਡਿੰਗ ਜੁਟਾਉਣ 'ਚ ਮੁਸ਼ਕਿਲ ਹੋਵੇਗੀ।

ਰਿਪੋਰਟ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਤਣਾਅ ਵਧਣ ਨਾਲ ਪਾਕਿਸਤਾਨ ਦੇ ਵਿਦੇਸ਼ੀ ਕਰੰਸੀ ਭੰਡਾਰ 'ਤੇ ਦਬਾਅ ਪਵੇਗਾ, ਜੋ ਪਹਿਲਾਂ ਹੀ ਜ਼ਰੂਰਤ ਨਾਲੋਂ ਕਾਫ਼ੀ ਘੱਟ ਹੈ।

ਅਗਲੇ ਕੁਝ ਸਾਲਾਂ 'ਚ ਪਾਕਿਸਤਾਨ ਨੂੰ ਭਾਰੀ ਵਿਦੇਸ਼ੀ ਕਰਜ਼ੇ ਦਾ ਭੁਗਤਾਨ ਕਰਨਾ ਹੈ ਅਤੇ ਜੇਕਰ ਫੰਡਿੰਗ ਰੁਕ ਗਈ, ਤਾਂ ਪਾਕਿਸਤਾਨ ਦੇ ਹਾਲਾਤ ਹੋਰ ਵਿਗੜ ਸਕਦੇ ਹਨ। ਮੂਡੀਜ਼ ਨੇ ਇਹ ਵੀ ਕਿਹਾ ਕਿ ਤਣਾਅ ਕਾਰਨ ਪਾਕਿਸਤਾਨ ਸਰਕਾਰ ਦਾ ਵਿੱਤੀ ਸੁਧਾਰਾਂ 'ਤੇ ਧਿਆਨ ਘੱਟ ਹੋ ਸਕਦਾ ਹੈ, ਜਿਸ ਨਾਲ ਆਰਥਿਕ ਸੁਧਾਰਾਂ ਨੂੰ ਝਟਕਾ ਲੱਗੇਗਾ।

ਭਾਰਤ ਦੀ ਗੱਲ ਕਰੀਏ ਤਾਂ ਮੂਡੀਜ਼ ਦਾ ਮੰਨਣਾ ਹੈ ਕਿ ਇਸ ਤਣਾਅ ਦਾ ਭਾਰਤ ਦੀ ਅਰਥਵਿਵਸਥਾ 'ਤੇ ਜ਼ਿਆਦਾ ਅਸਰ ਨਹੀਂ ਪਵੇਗਾ। ਇਸ ਦਾ ਵੱਡਾ ਕਾਰਨ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਪਾਰ ਬਹੁਤ ਘੱਟ ਹੈ। 2024 'ਚ ਪਾਕਿਸਤਾਨ ਨੂੰ ਭਾਰਤ ਦੀ ਕੁੱਲ ਬਰਾਮਦ ਦਾ 0.5 ਫੀਸਦੀ ਤੋਂ ਵੀ ਘੱਟ ਹਿੱਸਾ ਗਿਆ ਸੀ। ਭਾਵ, ਵਪਾਰਕ ਰਿਸ਼ਤੇ ਇੰਨੇ ਮਾਮੂਲੀ ਹਨ ਕਿ ਤਣਾਅ ਨਾਲ ਭਾਰਤ ਨੂੰ ਕੋਈ ਵੱਡਾ ਝਟਕਾ ਨਹੀਂ ਲੱਗੇਗਾ।

ਹਾਲਾਂਕਿ, ਮੂਡੀਜ਼ ਨੇ ਸਾਵਧਾਨ ਕੀਤਾ ਹੈ ਕਿ ਜੇਕਰ ਇਹ ਤਣਾਅ ਲੰਬੇ ਸਮੇਂ ਤੱਕ ਰਿਹਾ, ਤਾਂ ਭਾਰਤ ਨੂੰ ਵੀ ਕੁਝ ਦਿੱਕਤਾਂ ਹੋ ਸਕਦੀਆਂ ਹਨ। ਜਿਵੇਂ ਕਿ ਰੱਖਿਆ ਖਰਚਾ ਵਧ ਸਕਦਾ ਹੈ, ਜਿਸ ਨਾਲ ਸਰਕਾਰ ਦਾ ਬਜਟ ਪ੍ਰਭਾਵਿਤ ਹੋਵੇਗਾ ਅਤੇ ਵਿੱਤੀ ਸੁਧਾਰਾਂ ਦੀ ਰਫਤਾਰ ਮੱਠੀ ਪੈ ਸਕਦੀ ਹੈ। ਫਿਰ ਵੀ ਮੂਡੀਜ਼ ਨੂੰ ਲੱਗਦਾ ਹੈ ਕਿ ਭਾਰਤ ਦੀ ਅਰਥਵਿਵਸਥਾ ਇਸ ਤਣਾਅ ਨੂੰ ਝੱਲਣ 'ਚ ਸਮਰੱਥ ਹੈ।

ਮੂਡੀਜ਼ ਨੇ ਪਾਕਿਸਤਾਨ ਨੂੰ ਸੀ.ਏ.ਏ.-2 ਰੇਟਿੰਗ ਦਿੱਤੀ ਹੈ ਪਰ ਉਸ ਦਾ ਆਊਟਲੁਕ ਪਾਜ਼ੀਟਿਵ ਹੈ। ਉੱਥੇ ਹੀ, ਭਾਰਤ ਨੂੰ ਬੀ.ਏ.ਏ.-3 ਰੇਟਿੰਗ ਮਿਲੀ ਹੈ, ਜਿਸ ਦਾ ਆਊਟਲੁਕ ਸਥਿਰ ਹੈ। ਮੂਡੀਜ਼ ਦਾ ਕਹਿਣਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਦਾ ਲੰਬਾ ਇਤਿਹਾਸ ਰਿਹਾ ਹੈ ਅਤੇ ਸਮੇਂ-ਸਮੇਂ 'ਤੇ ਛੋਟੇ-ਮੋਟੇ ਟਕਰਾਅ ਹੁੰਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਅੰਦਾਜ਼ਾ ਹੈ ਕਿ ਇਹ ਤਣਾਅ ਪੂਰੀ ਤਰ੍ਹਾਂ ਲੜਾਈ 'ਚ ਨਹੀਂ ਬਦਲੇਗਾ।

ਪਾਕਿਸਤਾਨ ਲਈ ਚਿੰਤਾ ਦੀ ਗੱਲ ਇਹ ਹੈ ਕਿ ਉਹ ਪਹਿਲਾਂ ਤੋਂ ਹੀ ਭਾਰੀ ਕਰਜ਼ੇ ਦੇ ਬੋਝ ਹੇਠ ਦਬਿਆ ਹੈ। ਆਈ.ਐੱਮ.ਐੱਫ. ਦੀ ਮਦਦ ਅਤੇ ਕਰਜ਼ਾ ਰਾਹਤ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ ਪਰ ਤਣਾਅ ਵਧਣ ਨਾਲ ਇਹ ਸਾਰੀਆਂ ਕੋਸ਼ਿਸ਼ਾਂ ਲੀਹ ਤੋਂ ਲੱਥ ਸਕਦੀਆਂ ਹਨ। ਭਾਰਤ ਲਈ ਤਣਾਅ ਦਾ ਅਸਰ ਸੀਮਿਤ ਹੈ ਪਰ ਲੰਬੇ ਸਮੇਂ ਤੱਕ ਰੱਖਿਆ ਖਰਚਾ ਵਧਣ ਨਾਲ ਬਜਟ 'ਤੇ ਦਬਾਅ ਪੈ ਸਕਦਾ ਹੈ।

ਸਫਾ 1 ਦਾ ਬਾਕੀ

## ਸ੍ਰੀਨਗਰ ਸਮੇਤ ਉੱਤਰੀ ਭਾਰਤ ਦੇ...

ਅਸੀਂ ਇਸ ਪ੍ਰੇਸ਼ਾਨੀ ਲਈ ਮੁਆਫੀ ਮੰਗਦੇ ਹਾਂ।"

ਸਪਾਈਸ ਜੈੱਟ ਨੇ ਕਿਹਾ ਕਿ ਮੌਜੂਦਾ ਸਥਿਤੀ ਕਰਕੇ ਧਰਮਸ਼ਾਲਾ, ਲੇਹ, ਜੰਮੂ, ਸ੍ਰੀਨਗਰ ਅਤੇ ਅੰਮ੍ਰਿਤਸਰ ਸਮੇਤ ਉੱਤਰੀ ਭਾਰਤ ਦੇ ਕੁਝ ਹਿੱਸਿਆਂ ਵਿਚ ਹਵਾਈ ਅੱਡੇ ਅਗਲੇ ਨੋਟਿਸ ਤੱਕ ਬੰਦ ਹਨ। ਰਵਾਨਗੀ, ਆਗਮਨ ਅਤੇ ਨਤੀਜੇ ਵਜੋਂ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ।

ਇੰਡੀਗੋ ਨੇ ਵੀ ਕਿਹਾ ਕਿ ਹਵਾਈ ਖੇਤਰ ਦੀਆਂ ਪਾਬੰਦੀਆਂ ਦੇ ਕਾਰਨ, ਉਡਾਣ ਦੀ ਸਮਾਂ-ਸਾਰਣੀ ਪ੍ਰਭਾਵਿਤ ਹੋ ਸਕਦੀ ਹੈ। ਕਿਰਪਾ ਕਰਕੇ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਦੀ ਜਾਂਚ ਲਈ ਜਾਵੇ।

ਸਫਾ 1 ਦਾ ਬਾਕੀ

## ਪਾਕਿ ਦੀ ਸੰਭਾਵੀ ਜਵਾਬੀ ਕਾਰਵਾਈ...

24 ਘੰਟੇ ਕੁਝ ਏਅਰਬੇਸਾਂ 'ਤੇ ਓ.ਆਰ.ਪੀ.ਐੱਸ. ਦੀ ਇੱਕ ਨਿਰਧਾਰਿਤ ਗਿਣਤੀ ਰੱਖਦਾ ਹੈ, ਅਤੇ ਲੋੜ ਪੈਣ 'ਤੇ ਇਹ ਗਿਣਤੀ ਵਧਾਈ ਜਾ ਸਕਦੀ ਹੈ। ਓ.ਆਰ.ਪੀ.ਐੱਸ. ਨੂੰ ਦੁਸ਼ਮਣ ਫੌਜੀ ਜਹਾਜ਼ਾਂ ਜਾਂ ਇੱਥੋਂ ਤੱਕ ਕਿ ਨਾਗਰਿਕ ਜਹਾਜ਼ਾਂ, ਜੇਕਰ ਉਹ ਕੋਈ ਖ਼ਤਰਾ ਪੈਦਾ ਕਰਦੇ ਹਨ ਜਾਂ ਸ਼ੱਕ ਪੈਦਾ ਕਰਦੇ ਹਨ, ਨੂੰ ਰੋਕਣ ਲਈ ਤਿਆਰ ਕੀਤਾ ਜਾਂਦਾ ਹੈ।

'ਆਪਰੇਸ਼ਨ ਸਿੰਦੂਰ' ਤਹਿਤ, ਭਾਰਤ ਨੇ 22 ਅਪ੍ਰੈਲ ਨੂੰ ਪਹਿਲਗਾਮ ਵਿਚ ਹੋਏ ਦਹਿਸ਼ਤੀ ਹਮਲੇ ਦੇ ਬਦਲੇ ਵਜੋਂ ਪਾਕਿਸਤਾਨ ਵਿਚ ਅੱਤਵਾਦ ਨਾਲ ਜੁੜੇ ਨੌਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਹਾਲਾਂਕਿ ਇਸ ਹਮਲੇ ਵਿਚ ਕਿਸੇ ਵੀ ਪਾਕਿਸਤਾਨੀ ਫੌਜੀ ਸੰਸਥਾ ਨੂੰ ਨੁਕਸਾਨ ਨਹੀਂ ਪਹੁੰਚਿਆ।

ਪਾਕਿਸਤਾਨ ਨੇ ਕੁਝ ਥਾਵਾਂ 'ਤੇ ਭਾਰਤੀ ਹਮਲਿਆਂ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਉਹ ਹਵਾ ਅਤੇ ਜ਼ਮੀਨ ਤੋਂ ਢੁਕਵਾਂ ਜਵਾਬ ਦੇਵੇਗਾ। ਜਦੋਂ ਤੋਂ ਭਾਰਤ ਨੇ ਪਹਿਲਗਾਮ ਘਟਨਾ ਦਾ ਬਦਲਾ ਲੈਣ ਦਾ ਐਲਾਨ ਕੀਤਾ ਹੈ, ਪਾਕਿਸਤਾਨ ਨੇ ਵੀ ਜੰਗਬੰਦੀ ਸਮਝੌਤੇ ਦੀ ਉਲੰਘਣਾ ਕਰਦੇ ਹੋਏ ਕੰਟਰੋਲ ਰੇਖਾ 'ਤੇ ਬਿਨਾਂ ਭੜਕਾਹਟ ਦੇ ਗੋਲੀਬਾਰੀ ਕੀਤੀ ਹੈ। ਪਾਕਿਸਤਾਨ 'ਤੇ ਇਹ ਹਮਲੇ ਅਜਿਹੇ ਮੌਕੇ ਹੋਏ ਹਨ, ਜਦੋਂ ਭਾਰਤੀ ਹਵਾਈ ਸੈਨਾ ਨੇ ਐਲਾਨ ਕੀਤਾ ਸੀ ਕਿ ਉਹ 7 ਮਈ ਤੋਂ ਮੂਹਰਲੀ ਕਤਾਰ ਦੇ ਕਈ ਜੰਗੀ ਜਹਾਜ਼ਾਂ ਦੀ ਮਦਦ ਨਾਲ ਕੰਟਰੋਲ ਰੇਖਾ ਦੇ ਨਾਲ ਦੋ ਰੋਜ਼ਾ ਮਸ਼ਕ ਕਰੇਗੀ। ਪਾਕਿਸਤਾਨ ਨਾਲ ਲੱਗਦੀ ਸਰਹੱਦ ਨੇੜੇ ਦੱਖਣ-ਪੱਛਮੀ ਰਾਜਸਥਾਨ ਦੇ ਹਵਾਈ ਖੇਤਰ ਦੇ ਕੁਝ ਹਿੱਸਿਆਂ ਨੂੰ ਬੰਦ ਕਰਨ ਲਈ ਹਵਾਈ ਫੌਜੀਆਂ ਨੂੰ ਇੱਕ ਨੋਟਿਸ ਜਾਰੀ ਕੀਤਾ ਗਿਆ ਸੀ।

ਸਫਾ 1 ਦਾ ਬਾਕੀ

## ਪਾਕਿਸਤਾਨੀ ਫ਼ੌਜਾਂ ਵੱਲੋਂ ਕੀਤੀ...

ਹੈ, ਜਿਸਦਾ ਘਰ ਪੁਣਛ ਜ਼ਿਲ੍ਹੇ ਦੇ ਮਨਕੋਟ ਖੇਤਰ 'ਚ ਮੋਰਟਾਰ ਗੋਲੇ ਦੀ ਲਪੇਟ ਵਿਚ ਆ ਗਿਆ। ਉਸਦੀ 13 ਸਾਲ ਦੀ ਧੀ ਜ਼ਖਮੀ ਹੋ ਗਈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਕੀਤੀ ਗਈ ਭਾਰੀ ਗੋਲੀਬਾਰੀ ਕਾਰਨ ਪੁੰਛ ਦੇ ਵੱਖ-ਵੱਖ ਸੈਕਟਰਾਂ 'ਚ 9 ਹੋਰ ਨਾਗਰਿਕ ਜ਼ਖ਼ਮੀ ਹੋਏ ਹਨ ਅਤੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

ਅਧਿਕਾਰੀਆਂ ਨੇ ਹੁਕਮ ਦਿੱਤਾ ਹੈ ਕਿ ਜੰਮੂ ਖੇਤਰ ਦੇ ਪੰਜ ਸਰਹੱਦੀ ਜ਼ਿਲ੍ਹਿਆਂ ਵਿਚ ਸਾਰੇ ਵਿਦਿਅਕ ਅਦਾਰੇ ਬੁੱਧਵਾਰ ਨੂੰ ਬੰਦ ਰਹਿਣਗੇ। "ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਜੰਮੂ, ਸਾਂਬਾ, ਕਠੂਆ, ਰਾਜੌਰੀ ਅਤੇ ਪੁੰਛ ਦੇ ਸਾਰੇ ਸਕੂਲ, ਕਾਲਜ ਅਤੇ ਵਿਦਿਅਕ ਅਦਾਰੇ ਬੰਦ ਰਹਿਣਗੇ," ਡਿਵੀਜ਼ਨਲ ਕਮਿਸ਼ਨਰ ਰਮੇਸ਼ ਕੁਮਾਰ ਨੇ ਐਕਸ 'ਤੇ ਪੋਸਟ ਕੀਤਾ। ਮਾਨਕੋਟ ਤੋਂ ਇਲਾਵਾ, ਸਰਹੱਦ ਪਾਰ ਤੋਂ ਪੁੰਛ ਦੇ ਕ੍ਰਿਸ਼ਨਾ ਘਾਟੀ ਅਤੇ ਸ਼ਾਹਪੁਰ ਸੈਕਟਰਾਂ, ਜੰਮੂ ਖੇਤਰ ਦੇ ਰਾਜੌਰੀ ਜ਼ਿਲ੍ਹੇ ਦੇ ਲਾਮ, ਮੰਜਾਕੋਟ ਅਤੇ ਗੰਭੀਰ ਬ੍ਰਾਹਮਣ ਅਤੇ ਉੱਤਰੀ ਕਸ਼ਮੀਰ ਦੇ ਕੁਪਵਾੜਾ ਅਤੇ ਬਾਰਾਮੂਲਾ ਜ਼ਿਲ੍ਹਿਆਂ ਦੇ ਕਰਨਾਹ ਅਤੇ ਉੜੀ ਸੈਕਟਰਾਂ ਵਿਚ ਭਾਰੀ ਗੋਲਾਬਾਰੀ ਦੀ ਰਿਪੋਰਟ ਕੀਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਰਹੱਦ ਦੀ ਰਾਖੀ ਕਰ ਰਹੇ ਭਾਰਤੀ ਸੁਰੱਖਿਆ ਬਲਾਂ ਨੇ ਵੀ ਜਵਾਬੀ ਕਾਰਵਾਈ ਕੀਤੀ ਅਤੇ ਆਖਰੀ ਰਿਪੋਰਟਾਂ ਮਿਲਣ ਤੱਕ ਦੋਵਾਂ ਪਾਸਿਆਂ ਵਿਚਕਾਰ ਗੋਲੀਬਾਰੀ ਜਾਰੀ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨੀ ਗੋਲੀਬਾਰੀ ਕਾਰਨ ਲੋਕਾਂ ਨੂੰ ਭੂਮੀਗਤ ਬੰਕਰਾਂ 'ਚ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ। 22 ਅਪ੍ਰੈਲ ਨੂੰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ, ਜਿਸ ਵਿਚ 26 ਲੋਕਾਂ ਦੀ ਮੌਤ ਹੋ ਗਈ ਸੀ, ਤੋਂ ਬਾਅਦ ਵਧੇ ਤਣਾਅ ਦੇ ਵਿਚਕਾਰ, ਜੰਮੂ-ਕਸ਼ਮੀਰ ਵਿਚ ਸਰਹੱਦ 'ਤੇ ਪਾਕਿਸਤਾਨ ਵੱਲੋਂ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਦੀ ਇਹ ਲਗਾਤਾਰ 13ਵੀਂ ਰਾਤ ਸੀ। ਪਹਿਲਗਾਮ ਹਮਲੇ 'ਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ ਜ਼ਿਆਦਾਤਰ ਸੈਲਾਨੀ ਸਨ। ਭਾਰਤੀ ਹਥਿਆਰਬੰਦ ਬਲਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਦੋ ਹਫ਼ਤਿਆਂ ਬਾਅਦ ਸਖ਼ਤ ਜਵਾਬੀ ਕਾਰਵਾਈ ਕਰਦਿਆਂ ਮੰਗਲਵਾਰ ਦੇਰ ਰਾਤ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਵਿਚ 9 ਅੱਤਵਾਦੀ ਕੈਂਪਾਂ 'ਤੇ ਮਿਜ਼ਾਈਲ ਹਮਲੇ ਕੀਤੇ, ਜਿਨ੍ਹਾਂ ਵਿਚ ਅੱਤਵਾਦੀ ਸਮੂਹ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਦੇ ਗੜ੍ਹ ਸ਼ਾਮਲ ਸਨ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਸੰਯੁਕਤ ਰਾਸ਼ਟਰ 'ਚ ਭਾਰਤ ਵਿਰੁੱਧ ਝੂਠਾ ਬਿਆਨ ਦੇਣ ਦੀ ਪਾਕਿਸਤਾਨ ਦੀ ਕੋਸ਼ਿਸ਼ ਹੋਈ ਅਸਫਲ

## ਯੂ.ਐੱਨ.ਐੱਸ.ਸੀ. ਨੇ ਲਸ਼ਕਰ-ਏ-ਤੋਇਬਾ ਨੂੰ ਪਨਾਹ ਸਬੰਧੀ ਕੀਤੇ ਸਵਾਲ


**ਨਵੀਂ ਦਿੱਲੀ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ.ਐੱਨ.ਐੱਸ.ਸੀ.) 'ਚ ਭਾਰਤ ਵਿਰੁੱਧ ਝੂਠਾ ਬਿਆਨ ਦੇਣ ਦੀ ਪਾਕਿਸਤਾਨ ਦੀ ਇੱਕ ਹੋਰ ਕੋਸ਼ਿਸ਼ ਅਸਫਲ ਹੋ ਗਈ। ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਨੇ ਭਾਰਤ-ਪਾਕਿਸਤਾਨ ਤਣਾਅ ਦੇ ਨਾਮ 'ਤੇ ਸੁਰੱਖਿਆ ਪ੍ਰੀਸ਼ਦ ਦੀ ਬੰਦ ਕਮਰਾ ਮੀਟਿੰਗ ਬੁਲਾਉਣ ਦੀ ਬੇਨਤੀ ਕੀਤੀ ਪਰ ਇਸ ਵਿਚ ਉਸਨੂੰ ਕੋਈ ਠੋਸ ਸਮਰਥਨ ਨਹੀਂ ਮਿਲਿਆ। ਇਸ ਦੇ ਉਲਟ ਕਈ ਦੇਸ਼ਾਂ ਨੇ ਸੰਜਮ ਅਤੇ ਗੱਲਬਾਤ ਦਾ ਸੱਦਾ ਦੇ ਕੇ ਅਸਿੱਧੇ ਤੌਰ 'ਤੇ ਪਾਕਿਸਤਾਨ ਦੀ ਆਲੋਚਨਾ ਕੀਤੀ। ਮੀਟਿੰਗ ਵਿੱਚ ਪਾਕਿਸਤਾਨ ਤੋਂ ਸਖ਼ਤ ਸਵਾਲ ਪੁੱਛੇ ਗਏ। ਮੈਂਬਰਾਂ ਨੇ ਪਾਕਿਸਤਾਨ ਦੇ 'ਝੂਠੇ ਦੋਸ਼ਾਂ' ਨੂੰ ਰੱਦ ਕਰ ਦਿੱਤਾ ਅਤੇ ਪੁੱਛਿਆ ਕਿ ਕੀ ਲਸ਼ਕਰ-ਏ-ਤੋਇਬਾ (ਐੱਲ.ਈ.ਟੀ.) ਹਮਲੇ ਵਿਚ ਸ਼ਾਮਲ ਸੀ। ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਗਈ ਅਤੇ ਜਵਾਬਦੇਹੀ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ। ਕੁਝ ਮੈਂਬਰਾਂ ਨੇ ਸੈਲਾਨੀਆਂ ਨੂੰ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਦੇ ਆਧਾਰ 'ਤੇ ਨਿਸ਼ਾਨਾ ਬਣਾਉਣ ਦਾ ਮੁੱਦਾ ਉਠਾਇਆ।

ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਮੀਟਿੰਗ ਦੌਰਾਨ ਕਈ ਦੇਸ਼ਾਂ ਨੇ ਪਾਕਿਸਤਾਨ ਦੇ ਮਿਜ਼ਾਈਲ ਪ੍ਰੀਖਣਾਂ ਤੇ ਪ੍ਰਮਾਣੂ ਬਿਆਨਬਾਜ਼ੀ ਨੂੰ ਤਣਾਅ ਵਧਾਉਣ ਵਾਲਾ ਦੱਸਿਆ। ਅੰਤਰਰਾਸ਼ਟਰੀ ਮੰਚ 'ਤੇ ਪਾਕਿਸਤਾਨ ਦਾ ਪੱਖ ਉਠਾਉਣ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਸੂਤਰਾਂ ਅਨੁਸਾਰ ਕੌਂਸਲ ਨੇ ਪਾਕਿਸਤਾਨ ਨੂੰ ਭਾਰਤ ਨਾਲ ਦੁਵੱਲੀ ਗੱਲਬਾਤ ਰਾਹੀਂ ਇਸ ਮੁੱਦੇ ਨੂੰ ਹੱਲ ਕਰਨ ਦੀ ਸਲਾਹ ਦਿੱਤੀ। ਸੁਰੱਖਿਆ ਪ੍ਰੀਸ਼ਦ ਦੀ ਇਹ ਗੁਪਤ ਮੀਟਿੰਗ ਸੋਮਵਾਰ ਦੁਪਹਿਰ ਨੂੰ ਲਗਭਗ ਡੇਢ ਘੰਟੇ ਤੱਕ ਚੱਲੀ, ਜਿਸ ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ 'ਤੇ ਚਰਚਾ ਕੀਤੀ ਗਈ। ਇਹ ਮੀਟਿੰਗ 'ਯੂ.ਐੱਨ.ਐੱਸ.ਸੀ. ਚੈਂਬਰ' ਵਿਚ ਨਹੀਂ, ਸਗੋਂ ਇਸਦੇ ਸਲਾਹ-ਮਸ਼ਵਰੇ ਵਾਲੇ ਕਮਰੇ 'ਚ ਹੋਈ ਸੀ।

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



# ਜਾਤੀ ਮਰਦਮਸ਼ੁਮਾਰੀ ਦੇ ਆਸੇ-ਪਾਸੇ ਘੁੰਮਦੀ ਰਾਜਨੀਤੀ



**ਯਾਦ ਕਰੋ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦਿੱਤੇ ਪਿਛਲੇ ਸਾਲ ਦੇ ਬਿਆਨ, ਜਿਨ੍ਹਾਂ ਵਿਚ ਉਨ੍ਹਾਂ ਨੇ ਕਿਹਾ ਸੀ, "ਮੇਰੇ ਲਈ ਚਾਰ ਹੀ ਜਾਤਾਂ ਹਨ - ਔਰਤਾਂ, ਨੌਜਵਾਨ, ਗ਼ਰੀਬ ਅਤੇ ਕਿਸਾਨ।" ਫਿਰ ਇਹ ਜਾਤ ਆਧਾਰਿਤ ਗਿਣਤੀਆਂ-ਮਿਣਤੀਆਂ ਦੀ ਲੋੜ ਕਿਉਂ ਅਤੇ ਇਸ ਤਰ੍ਹਾਂ ਅਚਾਨਕ ਹੀ ਕਿਉਂ ? ਕਿਹਾ ਜਾਂਦਾ ਹੈ ਕਿ 2011 ਦੀ ਮਰਦਮਸ਼ੁਮਾਰੀ ਵਿਚ ਇਹ ਪਤਾ ਲੱਗਾ ਸੀ ਕਿ ਭਾਰਤ ਵਿਚ 46 ਲੱਖ ਜਾਤੀਆਂ ਹਨ। ਸਿਆਸੀ ਰੂਪ 'ਚ ਦੇਖਿਆ ਜਾਵੇ, ਤਾਂ 2025 ਦੀ ਜਾਤੀ ਗਣਨਾ ਦਾ ਮੰਤਵ ਪੱਛੜੀਆਂ ਸ਼੍ਰੇਣੀਆਂ ਦੀ ਸਥਿਤੀ ਪਤਾ ਕਰਨ ਅਤੇ ਉਨ੍ਹਾਂ ਦਾ ਸਮਰਥਨ ਲੈਣ ਲਈ ਅਗਾਊਂ ਸਿਆਸੀ ਪਹਿਲਕਦਮੀ ਕਰਨਾ ਹੈ।**

ਜਿੱਥੋਂ ਤੱਕ ਆਮ ਆਦਮੀ ਦਾ ਸਵਾਲ ਹੈ, ਉਹ ਤਾਂ ਪਤਾ ਨਹੀਂ ਕਦੋਂ ਤੋਂ ਮੂੰਹ 'ਤੇ ਜੰਦਰਾ ਲਾ ਕੇ ਬੈਠਾ ਹੈ। ਪਿਛਲੇ ਕਈ ਦਹਾਕਿਆਂ ਤੋਂ ਬੌਧਿਕ ਸੰਸਥਾਵਾਂ ਸਮਾਜਿਕ-ਸੱਭਿਆਚਾਰਕ ਸੰਗਠਨ, ਬੁੱਧੀਜੀਵੀ, ਰੰਗਕਰਮੀ, ਸਿਆਸੀ ਦਲਾਂ ਦੇ ਪਰਛਾਵੇਂ ਹੇਠ ਹਨ। ਸਿੱਟਾ ਇਹ ਕਿ ਲੋਕ-ਮੁੱਦੇ, ਲੋਕ-ਮਸਲੇ, ਲੋਕ-ਚੇਤਨਾ, ਲੋਕ-ਸਰੋਕਾਰ, ਲੋਕ-ਸੋਚ, ਲੋਕ ਰਾਏ ਦਾ ਕੰਮ 50ਵਿਆਂ, 60ਵਿਆਂ ਦੇ ਬਾਅਦ ਲਗਭਗ ਬੰਦ ਹੋ ਕੇ ਰਹਿ ਗਿਆ ਹੈ। ਇਹ ਸਭ ਕੁਝ ਲੋਕ ਮਸਲਿਆਂ ਤੋਂ ਲੈ ਕੇ ਲੋਕ ਰਾਏ ਤੱਕ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ। ਅਸਲ 'ਚ ਸਿਰੇ ਦੀ ਗੱਲ ਤਾਂ ਇਹ ਹੈ ਕਿ ਅਸੀਂ ਲੋਕਤੰਤਰ ਨੂੰ ਸਿਆਸੀ ਦਲਾਂ ਦਾ ਅਖਾੜਾ ਮੰਨ ਲਿਆ ਹੈ। ਫਿਰ ਇਹ ਕਲਪਨਾ ਵੀ ਕਿਵੇਂ ਕਰੀਏ ਕਿ ਜਨਤੰਤਰ, ਲੋਕਤੰਤਰ ਸਿਆਸੀ ਅਖਾੜੇ ਦੇ ਨਿਯਮਾਂ ਬਿਨਾਂ ਚੱਲ ਸਕੇਗਾ?

ਸਿਆਸਤ ਅਤੇ ਲੋਕ ਮੁੱਦੇ ਹਥਿਆਉਣ ਦਾ ਤਾਜ਼ਾ ਮਾਮਲਾ ਜਾਤੀ ਮਰਦਮਸ਼ੁਮਾਰੀ ਦਾ ਹੈ। ਜਾਤੀ ਮਰਦਮਸ਼ੁਮਾਰੀ ਦੇ ਕਾਂਗਰਸ ਦੇ ਮੁੱਦੇ ਉੱਤੇ ਭਾਜਪਾ ਨੇ ਜਿਵੇਂ ਬਿੱਲੀ ਝਪੱਟਾ ਮਾਰਿਆ, ਸਰਜੀਕਲ ਸਟਰਾਈਕ ਕੀਤੀ, ਉਸ ਨੇ ਦੇਸ਼ 'ਤੇ ਕਾਬਜ਼ ਸਿਆਸੀ ਧਿਰ ਦਾ ਚਿਹਰਾ-ਮੋਹਰਾ ਨੰਗਾ ਕਰ ਦਿੱਤਾ। ਕੱਲ੍ਹ ਤੱਕ ਜਾਤੀ ਮਰਦਮਸ਼ੁਮਾਰੀ ਦੇ ਕਾਂਗਰਸ ਦੇ ਮੁੱਦੇ ਨੂੰ ਦੇਸ਼ ਨੂੰ ਵੰਡਣ ਵਾਲਾ ਮੁੱਦਾ ਦੱਸਣ ਵਾਲੇ ਭਾਜਪਾ ਨੇਤਾ ਹੀ ਅੱਜ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੇ ਹੱਕ ਵਿਚ ਕਸੀਦੇ ਪੜ੍ਹ ਰਹੇ ਹਨ, ਜਿਸ ਵੱਲੋਂ ਇਸ ਵਾਰ ਦੇਸ਼ ਦੀ ਮਰਦਮਸ਼ੁਮਾਰੀ ਵਿਚ ਜਾਤੀ ਮਰਦਮਸ਼ੁਮਾਰੀ ਵੀ ਕਰਵਾਈ ਜਾਵੇਗੀ।

ਦੇਸ਼ ਵਿਚ ਪਿਛਲੀ ਮਰਦਮਸ਼ੁਮਾਰੀ 2011 ਵਿਚ ਹੋਈ ਸੀ। ਮੁੜ ਇਹ 2021 ਵਿਚ ਹੋਣੀ ਸੀ, ਪਰੰਤੂ ਕੋਵਿਡ ਕਾਰਨ ਇਸ ਨੂੰ ਅੱਗੇ ਪਾਉਣਾ ਪਿਆ। ਹੁਣ ਇਹ ਸਤੰਬਰ 2025 'ਚ ਕੀਤੀ ਜਾਵੇਗੀ ਤੇ ਇਸ ਤੋਂ ਅਗਲੀ ਮਰਦਮਸ਼ੁਮਾਰੀ 2035 ਵਿਚ। ਦੇਸ਼ ਵਿਚ ਮਰਦਮਸ਼ੁਮਾਰੀ ਹਰ 10 ਸਾਲਾਂ ਬਾਅਦ ਹੁੰਦੀ ਰਹੀ ਹੈ। ਹੁਣ ਦੇਸ਼ ਵਿਚ 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਹੀ ਭਵਿੱਖ ਲਈ ਯੋਜਨਾਵਾਂ ਬਣਦੀਆਂ ਹਨ ਅਤੇ ਇਸੇ ਆਧਾਰ 'ਤੇ ਅਨੁਮਾਨ ਲਗਾਏ ਜਾਂਦੇ ਹਨ।

ਜਨਗਣਨਾ ਅਰਥਾਤ ਮਰਦਮਸ਼ੁਮਾਰੀ ਦਾ ਅਸਲ ਮੰਤਵ ਸਮਾਜ ਦੀਆਂ ਨੈਤਿਕ ਅਤੇ ਭੌਤਿਕ ਦੋਵਾਂ ਸਥਿਤੀਆਂ ਦਾ ਮੁਲਾਂਕਣ ਹੈ। ਉੱਞ ਲੋਕਤੰਤਰ ਵਿਚ ਜਨਗਣਨਾ ਦਾ ਖ਼ਾਸ ਮਹੱਤਵ ਹੈ। ਇਹ ਜਾਣਕਾਰੀਆਂ ਨੂੰ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪ੍ਰਕਿਰਿਆਵਾਂ, ਅਸਲੀਅਤ ਅਤੇ ਬਦਲਦੇ ਹਲਾਤਾਂ ਨੂੰ ਪਾਰਦਰਸ਼ੀ ਢੰਗ ਨਾਲ ਸਾਹਮਣੇ ਲਿਆਉਂਦੀ ਹੈ। ਇਸ ਨਾਲ ਅਸੀਂ ਉਸ ਅਸਲੀਅਤ ਨੂੰ ਜਾਣ ਅਤੇ ਸਮਝ ਸਕਦੇ ਹਾਂ, ਜੋ ਅੱਖੋਂ-ਪਰੋਖੇ ਰਹਿੰਦੀ ਹੈ। ਇਹ ਸਾਡੀ ਸੋਚ ਦਾ ਦਾਇਰਾ ਵਧਾਉਣ, ਸੋਚ ਨੂੰ ਵਿਸ਼ਾਲ ਕਰਨ ਅਤੇ ਬਦਲਣ 'ਚ ਵੀ ਸਹਾਈ ਹੁੰਦੀ ਹੈ। 1921 ਵਿਚ ਮਰਦਮਸ਼ੁਮਾਰੀ ਨੇ ਜਦੋਂ ਇਹ ਵਿਖਾਇਆ ਕਿ ਇੱਕ ਸਾਲ ਤੋਂ ਹੇਠ ਦੀ ਉਮਰ ਦੀਆਂ 597, ਇੱਕ ਸਾਲ ਤੋਂ ਦੋ ਸਾਲ ਦੇ ਵਿਚਕਾਰਲੀ ਉਮਰ ਦੀਆਂ 494 ਬੱਚੀਆਂ ਵਿਧਵਾ ਸਨ, ਤਾਂ ਇਸ ਤਰ੍ਹਾਂ ਦੇ ਅੰਕੜਿਆਂ ਨੇ ਸਮਾਜ ਨੂੰ ਝੰਜੋੜਿਆ ਅਤੇ ਸਮਾਜ ਦੀ ਚੇਤਨਾ ਵਿਚ ਬਾਲ-ਵਿਆਹ ਅਤੇ ਵਿਧਵਾ-ਵਿਆਹ ਸੰਬੰਧੀ ਜਾਗਰੂਕਤਾ ਪੈਦਾ ਹੋਈ।

ਲੋਕਤੰਤਰ ਦੀ ਖ਼ੂਬਸੂਰਤੀ ਅਤੇ ਖ਼ਾਸੀਅਤ ਖੁੱਲ੍ਹਾਪਨ ਹੈ, ਜਿਸ ਨੂੰ ਸਾਡੀਆਂ ਸਿਆਸੀ ਪਾਰਟੀਆਂ ਨੇ ਤੰਗ-ਸੰਕੀਰਨ ਸੋਚ 'ਚ ਬਦਲ ਦਿੱਤਾ ਹੈ। ਜਾਤੀ ਮਰਦਮਸ਼ੁਮਾਰੀ ਵੀ ਇਸ ਸਿਆਸੀ ਤੰਗਦਿਲੀ ਦਾ ਸ਼ਿਕਾਰ ਹੋ ਰਹੀ ਹੈ। ਅਸਲੀਅਤ 'ਚ ਦੇਸ਼ ਵਿਚ ਧਾਰਮਿਕ ਧਰੁਵੀਕਰਨ ਦੀ ਸਮਾਜਿਕ ਸਿਉਂਕ, ਜਾਤੀ ਮਰਦਮਸ਼ੁਮਾਰੀ ਤੱਕ ਵੀ ਪੁੱਜ ਗਈ ਹੈ ਅਤੇ ਇਸ ਤੋਂ ਵੀ ਅੱਗੇ ਮੌਜੂਦਾ ਸਰਕਾਰ ਵੱਲੋਂ ਵੋਟਾਂ ਦੀ ਸਿਆਸਤ ਦਾ ਸਾਧਨ ਬਣਾ ਦਿੱਤੀ ਗਈ ਹੈ।

ਜਾਤੀ ਮਰਦਮਸ਼ੁਮਾਰੀ ਨੂੰ ਲੈ ਕੇ ਟਾਲ-ਮਟੋਲ, ਨਾਂਹ-ਨੁੱਕਰ ਅਤੇ ਅਣਗਹਿਲੀ ਕਰਨ ਵਾਲੀ ਭਾਜਪਾ ਨੂੰ ਜਾਤੀ ਮਰਦਮਸ਼ੁਮਾਰੀ ਨਾਲ ਹੁਣ ਅਚਾਨਕ ਹੀ ਇੰਨਾ ਤੇਹ-ਪਿਆਰ ਕਿਉਂ ਜਾਗ ਪਿਆ? ਕੀ ਇਹ ਪਹਿਲਗਾਮ ਅੱਤਵਾਦੀ ਹਮਲੇ ਵੱਲੋਂ ਲੋਕਾਂ ਦਾ ਧਿਆਨ ਪਾਸੇ ਕਰਨ ਦੀ ਰਾਜਨੀਤੀ ਹੈ ਜਾਂ ਜਾਤੀ ਮਰਦਮਸ਼ੁਮਾਰੀ ਦਾ ਵਿਰੋਧੀ ਪਾਰਟੀਆਂ ਦਾ ਮੁੱਦਾ ਹਥਿਆ ਕੇ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਰਾਜਨੀਤੀ ਹੈ? ਸਵਾਲ ਇਹ ਵੀ ਉੱਠ ਰਿਹਾ ਹੈ ਕਿ ਆਜ਼ਾਦੀ ਦੇ ਲਗਭਗ ਅੱਠ ਦਹਾਕਿਆਂ ਬਾਅਦ ਜਾਤੀ ਮਰਦਮਸ਼ੁਮਾਰੀ! ਆਖਰ ਕਿਉਂ?

ਯਾਦ ਕਰੋ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦਿੱਤੇ ਪਿਛਲੇ ਸਾਲ ਦੇ ਬਿਆਨ, ਜਿਨ੍ਹਾਂ ਵਿਚ ਉਨ੍ਹਾਂ ਨੇ ਕਿਹਾ ਸੀ, "ਮੇਰੇ ਲਈ ਚਾਰ ਹੀ ਜਾਤਾਂ ਹਨ - ਔਰਤਾਂ, ਨੌਜਵਾਨ, ਗ਼ਰੀਬ ਅਤੇ ਕਿਸਾਨ।" ਫਿਰ ਇਹ ਜਾਤ ਆਧਾਰਿਤ ਗਿਣਤੀਆਂ-ਮਿਣਤੀਆਂ ਦੀ ਲੋੜ ਕਿਉਂ ਅਤੇ ਇਸ ਤਰ੍ਹਾਂ ਅਚਾਨਕ ਹੀ ਕਿਉਂ ?

ਕਿਹਾ ਜਾਂਦਾ ਹੈ ਕਿ 2011 ਦੀ ਮਰਦਮਸ਼ੁਮਾਰੀ ਵਿਚ ਇਹ ਪਤਾ ਲੱਗਾ ਸੀ ਕਿ ਭਾਰਤ ਵਿਚ 46 ਲੱਖ ਜਾਤੀਆਂ ਹਨ। ਸਿਆਸੀ ਰੂਪ 'ਚ ਦੇਖਿਆ ਜਾਵੇ, ਤਾਂ 2025 ਦੀ ਜਾਤੀ ਗਣਨਾ ਦਾ ਮੰਤਵ ਪੱਛੜੀਆਂ ਸ਼੍ਰੇਣੀਆਂ ਦੀ ਸਥਿਤੀ ਪਤਾ ਕਰਨ ਅਤੇ ਉਨ੍ਹਾਂ ਦਾ ਸਮਰਥਨ ਲੈਣ ਲਈ ਅਗਾਊਂ ਸਿਆਸੀ ਪਹਿਲਕਦਮੀ ਕਰਨਾ ਹੈ। ਭਾਜਪਾ ਇਸ ਸਿਆਸੀ ਬ੍ਰਹਮਅਸਤਰ ਦੀ ਵਰਤੋਂ ਕਰਕੇ ਬਿਹਾਰ ਅਤੇ ਹੋਰ ਰਾਜਾਂ ਦੀਆਂ ਚੋਣਾਂ ਜਿੱਤਣਾ ਚਾਹੇਗੀ ਅਤੇ ਅਗਲੀਆਂ ਚੋਣਾਂ ਲਈ ਵੀ ਇਸ ਨੂੰ ਆਧਾਰ ਬਣਾਉਣ ਦਾ ਯਤਨ ਕਰੇਗੀ, ਕਿਉਂਕਿ ਕਾਂਗਰਸ ਅਤੇ ਵਿਰੋਧੀ ਧਿਰਾਂ ਜਾਤ ਆਧਾਰਿਤ ਮਰਦਮਸ਼ੁਮਾਰੀ ਦਾ ਹਥਿਆਰ ਵਰਤ ਕੇ, ਭਾਜਪਾ ਤੋਂ ਸੱਤਾ ਖੋਹਣ ਲਈ ਲਗਾਤਾਰ "ਜਾਤੀ ਆਧਾਰਿਤ ਮਰਦਮਸ਼ੁਮਾਰੀ" ਦੀ ਮੰਗ ਕਰ ਰਹੀਆਂ ਸਨ ਅਤੇ ਚੋਣਾਂ ਸਮੇਂ ਇਸ ਦਾ ਪੂਰਾ ਪ੍ਰਚਾਰ ਕਰ ਰਹੀਆਂ ਸਨ।

ਕੇਂਦਰ ਸਰਕਾਰ ਨੇ ਮਰਦਮਸ਼ੁਮਾਰੀ ਵਿਚ ਜਾਤੀ ਸੰਖਿਆ ਕਰਨ ਦਾ ਜੋ ਐਲਾਨ ਕੀਤਾ ਹੈ, ਉਸ ਨੂੰ ਮੁਕੰਮਲ ਕਰਨ ਲਈ ਲਗਭਗ ਦੋ ਸਾਲ ਲੱਗਣਗੇ। ਇਸ ਦੇ ਨਤੀਜੇ 2027 ਦੇ ਅੰਤ ਤੱਕ ਪ੍ਰਾਪਤ ਹੋਣਗੇ। 2028 ਦਾ ਅੱਧਾ ਸਾਲ ਸਿਆਸੀ ਦਲ ਇਸ ਦੇ ਆਧਾਰ 'ਤੇ ਵੋਟਾਂ ਦੀ ਗੁਣਾ-ਘਟਾਓ ਕਰਨਗੇ। ਤਦ 2029 'ਚ ਲੋਕ ਸਭਾ ਚੋਣਾਂ ਹੋਣਗੀਆਂ। ਸਾਲ 2029 ਦੀਆਂ ਚੋਣਾਂ ਪਾਰਟੀਆਂ ਇਸੇ ਆਧਾਰ 'ਤੇ ਲੜਨਗੀਆਂ ਅਤੇ ਜਿੱਤਣਗੀਆਂ। ਜਿਹੜੀ ਪਾਰਟੀ ਇਸ ਮੁੱਦੇ ਨੂੰ ਵਧੇਰੇ ਪ੍ਰਚਾਰੇਗੀ, ਪੱਛੜੀਆਂ ਸ਼੍ਰੇਣੀਆਂ ਲਈ ਵੱਧ ਵਾਇਦੇ ਕਰੇਗੀ, ਉਹ ਪਾਰਟੀ ਹੀ ਫ਼ਾਇਦੇ 'ਚ ਰਹੇਗੀ।

ਬਿਹਾਰ, ਤਿਲੰਗਾਨਾ ਅਤੇ ਕਰਨਾਟਕ ਜਿਹੇ ਰਾਜਾਂ ਵਿਚ ਜਾਤੀ ਮਰਦਮਸ਼ੁਮਾਰੀ ਉਥੋਂ ਦੀਆਂ ਸੂਬਾ ਸਰਕਾਰਾਂ ਨੇ ਕਰਵਾਈ, ਜਿਸ ਤੋਂ ਪਤਾ ਲੱਗਿਆ ਕਿ ਪੱਛੜੀਆਂ ਸ਼੍ਰੇਣੀਆਂ ਦੀ ਗਿਣਤੀ ਵਧੀ ਹੈ। 2023 'ਚ ਬਿਹਾਰ 'ਚ ਓ.ਬੀ.ਸੀ. ਆਬਾਦੀ 63 ਫੀਸਦੀ ਸੀ। ਸਾਲ 1931 ਵਿਚ ਓ.ਬੀ.ਸੀ. ਦੀ ਰਾਸ਼ਟਰੀ ਔਸਤ 52 ਫੀਸਦੀ ਸੀ। 63% ਤੱਕ ਓ.ਬੀ.ਸੀ. ਪਹੁੰਚਣ ਨਾਲ ਆਰਥਿਕ ਅਤੇ ਸਿਆਸੀ ਖੇਤਰ 'ਚ ਇਹ ਧਿਰਾਂ ਨੌਕਰੀਆਂ, ਸਿੱਖਿਆ ਸੰਸਥਾਵਾਂ 'ਚ ਵੱਧ ਰਾਖਵਾਂਕਰਨ ਮੰਗਣਗੀਆਂ, ਜਿਸ ਦੇ ਸਿੱਟੇ ਦੂਰਗਾਮੀ ਹੋਣਗੇ। 63% ਓ.ਬੀ.ਸੀ. ਅਬਾਦੀ ਬਿਹਾਰ 'ਚ ਹੋਣ ਨਾਲ, ਬਿਹਾਰ ਚੋਣਾਂ 'ਚ ਰਾਜਦ ਅਤੇ ਕਾਂਗਰਸ "ਜਿਸ ਦੀ ਜਿੰਨੀ ਅਬਾਦੀ, ਉਸ ਦੀ ਓਨੀ ਹਿੱਸੇਦਾਰੀ" ਦਾ ਨਾਅਰਾ ਬੁਲੰਦ ਕਰ ਰਹੀਆਂ ਹਨ। ਫ਼ਿਲਹਾਲ ਦੱਖਣ ਦੇ ਕੁਝ ਰਾਜਾਂ ਨੂੰ ਛੱਡ ਕੇ ਓ.ਬੀ.ਸੀ. ਦਾ ਕੋਟਾ 27.5 ਫ਼ੀਸਦੀ ਹੈ।

1891, 1901, 1911 ਅਤੇ 1931 ਵਿਚ ਭਾਰਤ 'ਚ ਮਰਦਮਸ਼ੁਮਾਰੀ ਹੋਈ। ਇਨ੍ਹਾਂ ਮਰਦਮਸ਼ੁਮਾਰੀਆਂ ਨੂੰ ਕਰਵਾਉਣ ਵਾਲੇ ਪ੍ਰਸ਼ਾਸਨਿਕ ਅਧਿਕਾਰੀ ਸੂਝਵਾਨ, ਚੰਗੇਰੀ ਸਿੱਖਿਆ ਵਾਲੇ ਅਤੇ ਵਿਸ਼ੇਸ਼ ਯੋਗਦਾਨ ਦੇਣ ਵਾਲੇ ਸਨ। ਜਿਨ੍ਹਾਂ ਵਿਚੋਂ ਐੱਚ.ਐੱਚ. ਰੋਸਲੀ, ਈ.ਏ. ਗੇਟ ਅਤੇ ਜੇ.ਐੱਚ. ਹਟਨ ਜਿਹੇ ਸਿਆਣੇ ਲੋਕ ਸਨ। ਇਹ ਅਧਿਕਾਰੀ ਭਾਰਤੀ ਵਿਸ਼ਿਆਂ 'ਚ ਰੁਚੀ ਲੈਣ ਵਾਲੇ ਸਨ। ਪਰ ਜਦੋਂ ਆਜ਼ਾਦ ਭਾਰਤ 'ਚ ਮਰਦਮਸ਼ੁਮਾਰੀ ਹੋਈ, ਤਾਂ ਸਵਾਲ ਉੱਠੇ ਕਿ ਮਰਦਮਸ਼ੁਮਾਰੀ ਸਿਰਫ਼ ਭੌਤਿਕ ਪ੍ਰਸਥਿਤੀਆਂ ਤੱਕ ਸਮੇਟ ਦਿੱਤੀ ਗਈ ਹੈ।

ਅੱਜ ਸਮਾਜਿਕ ਲੋਕਤੰਤਰ ਨੂੰ ਭਾਸ਼ਣਾਂ ਤੱਕ ਨਿਪਟਾ ਦਿੱਤਾ ਗਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਧਾਰਮਿਕ ਧਰੁਵੀਕਰਨ ਨੂੰ ਖੁੱਲ੍ਹਾ ਮੈਦਾਨ ਮਿਲ ਗਿਆ ਹੈ। ਜਾਤੀ ਅਤੇ ਜਾਤੀ ਸਿਆਸਤ ਭਾਰਤ 'ਚ ਵੱਡੇ ਸੱਚ ਵਜੋਂ ਉੱਭਰੀ ਹੈ। ਕੀ ਇਸ ਨਾਲ "ਅਸੀਂ ਭਾਰਤ ਦੇ ਲੋਕ" ਦਾ ਅਕਸ ਅਤੇ ਮੰਤਵ ਹਾਸਲ ਹੋ ਸਕਦਾ ਹੈ? ਜਾਤੀਹੀਣਤਾ ਤਾਂ ਭਾਰਤ ਵਿਚ ਅਪਰਾਧ ਬਣਦੀ ਜਾ ਰਹੀ ਹੈ। ਇਹ ਅਢੁੱਕਵੀਂ ਵੀ ਨਹੀਂ ਰਹੀ। ਲੋਕਤੰਤਰ ਦੀ ਸਫ਼ਲਤਾ ਤਾਂ ਸੰਪਰਦਾਵਾਂ, ਖੇਤਰੀ ਅਤੇ ਨਸਲੀ ਸੋਚ ਨੂੰ ਖ਼ਤਮ ਕਰਨ ਨਾਲ ਹਾਸਲ ਹੋਵੇਗੀ ਅਤੇ ਜਾਤੀਹੀਣ ਬਣਨਾ ਅਤੇ ਬਣਾਉਣਾ ਨੈਤਿਕ ਪ੍ਰਾਪਤੀ ਹੋਵੇਗੀ।

ਪਰ ਦੇਸ਼ ਵਿਚ ਜਿਸ ਕਿਸਮ ਦੀ ਸਿਆਸਤ ਹੋ ਰਹੀ ਹੈ, ਉਸ ਨਾਲ ਸੰਸਾਰ ਵਿਚ ਦੇਸ਼ ਦਾ ਅਕਸ ਧੁੰਦਲਾ ਬਣ ਰਿਹਾ ਹੈ। ਕਿਸਾਨ, ਮਜ਼ਦੂਰ ਹਾਸ਼ੀਏ 'ਤੇ ਹਨ। ਉਨ੍ਹਾਂ ਲਈ ਬਣਾਈਆਂ ਯੋਜਨਾਵਾਂ ਦੀਆਂ ਸੂਚੀਆਂ ਤਾਂ ਵੱਡੀਆਂ ਹਨ, ਪਰ ਇਹ ਉਨ੍ਹਾਂ ਦੀ ਪਹੁੰਚ ਤੋਂ ਬਹੁਤ ਦੂਰ ਹਨ। ਕਿੰਨੇ ਕੁ ਲੋਕ ਹਨ ਜਿਨ੍ਹਾਂ ਤੱਕ ਆਯੁਸ਼ਮਾਨ, ਸ਼ੌਚਾਲਿਆ, ਅਵਾਸ ਅਤੇ ਦਵਾਈ ਕੇਂਦਰਾਂ ਜਿਹੀਆਂ ਯੋਜਨਾਵਾਂ ਪਹੁੰਚਦੀਆਂ ਹਨ। ਕਿੰਨੇ ਕੁ ਗ਼ਰੀਬ ਲੋਕ ਹਨ, ਜਿਨ੍ਹਾਂ ਤੱਕ ਸਹੀ ਸਿੱਖਿਆ-ਸੋਚ ਪਹੁੰਚਦੀ ਹੈ।

ਲੋੜ ਹੈ ਕਿ ਮਰਦਮਸ਼ੁਮਾਰੀ ਦੇਸ਼ ਦੇ ਅਸਲ ਹਾਲਾਤ ਦੀ ਜਾਣਕਾਰੀ ਦਾ ਸਾਧਨ ਬਣੇ। ਮਰਦਮਸ਼ੁਮਾਰੀ ਆਧਾਰਿਤ ਯੋਜਨਾਵਾਂ ਆਮ ਲੋਕਾਂ ਦੇ ਪੱਲੇ ਪੈਣ। ਉਨ੍ਹਾਂ ਦਾ ਸਮਾਜਿਕ, ਆਰਥਿਕ ਕਲਿਆਣ ਕਰ ਸਕਣ। ਵਿਕਾਸ ਦੇ ਨਾਲ-ਨਾਲ ਸਮੂਹਿਕ ਚੇਤਨਾ ਵੀ ਪੈਦਾ ਕਰੇ। ਤਦੇ ਇਹ ਸਾਰਥਕ ਗਿਣੀ ਜਾਏਗੀ। ਪਰ ਸਭ ਤੋਂ ਬੁਨਿਆਦੀ ਸਵਾਲ ਇਹ ਹੈ ਕਿ ਸੱਤਾ ਧਿਰਾਂ ਜਾਤੀ ਮਰਦਮਸ਼ੁਮਾਰੀ ਤੋਂ ਬਾਅਦ ਉਨ੍ਹਾਂ ਦੇ ਸਮਾਜਿਕ ਅਤੇ ਆਰਥਿਕ ਕਲਿਆਣ ਲਈ ਕੰਮ ਕਰਨਗੀਆਂ ਜਾਂ ਇਸ ਮੁੱਦੇ ਦੇ ਆਸੇ-ਪਾਸੇ ਸਿਰਫ਼ ਰਾਜਨੀਤੀ ਹੀ

ਡਾ. ਅਮਨਪ੍ਰੀਤ ਸਿੰਘ ਬਰਾੜ
96537-90000



ਪੰਜਾਬ ਮੇਲ USA

# ਪੰਜਾਬ ਦੇ ਦਰਿਆਈ ਪਾਣੀ ਅਤੇ ਸਿਆਸਤ

*ਕਿਸਾਨੀ ਅੰਦੋਲਨ ਵੇਲੇ ਵੀ ਸਿਆਸਤਦਾਨਾਂ ਨੇ ਦੋਹਾਂ ਸੂਬਿਆਂ ਦੇ ਕਿਸਾਨਾਂ ਵਿਚਾਲੇ ਇਹ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ ਪਰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਨੇ ਇਸ ਚਾਲ ਨੂੰ ਨਕਾਰ ਦਿੱਤਾ। ਹੁਣ ਇਹ ਮੁੱਦਾ ਕਿਸਾਨਾਂ ਦੀ ਬਜਾਏ ਸਾਰੀ ਆਬਾਦੀ ਦਾ ਬਣਾ ਦਿੱਤਾ ਕਿ ਮਨੁੱਖਤਾ ਦੇ ਆਧਾਰ 'ਤੇ ਪੀਣ ਲਈ ਵੱਧ ਪਾਣੀ ਪੰਜਾਬ ਦੇ ਹਿੱਸੇ ਵਿਚੋਂ ਦਿੱਤਾ ਜਾਵੇ। ਭਲਾ ਸੋਚੋ, ਸੂਬੇ ਦੀ ਸਰਕਾਰ, ਅਧਿਕਾਰੀ ਅਤੇ ਇੰਜੀਨੀਅਰ ਏਨੇ ਅਣਜਾਣ ਹਨ ਕਿ ਉਹ ਆਪਣੇ ਹਿੱਸੇ ਵਿਚੋਂ ਪੀਣ ਲਈ ਪਾਣੀ ਨਹੀਂ ਰੱਖ ਸਕੇ। ਉੱਧਰ ਦੋਨਾਂ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਨੇ ਰਲ ਕੇ ਆਪਣੇ ਸੂਬੇ ਦੇ ਹੱਕ ਵਿਚ ਮਤੇ ਪਾਏ ਹਨ। ਤ੍ਰਾਸਦੀ ਵੇਖੋ, ਹਰਿਆਣੇ ਵਾਲੇ ਕਹਿੰਦੇ ਅਸੀਂ ਆਪਣੇ ਹਿੱਸੇ ਤੋਂ ਵੱਧ ਪਾਣੀ ਲੈਣ ਲਈ ਅਦਾਲਤ ਜਾਵਾਂਗੇ। ਗੱਲ ਕੀ ਸਰਕਾਰਾਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਹਟਾਉਣ ਲਈ ਜਦੋਂ ਲੋੜ ਪੈਂਦੀ ਹੈ, ਪਾਣੀ ਦਾ ਮੁੱਦਾ ਚੁੱਕ ਲੈਂਦੀਆਂ ਹਨ ਕਿਉਂਕਿ ਜੀਵਨ ਵਿਚ ਪਾਣੀ ਦੀ ਮਹੱਤਤਾ ਸਭ ਤੋਂ ਜ਼ਿਆਦਾ ਹੈ।*



ਪਾਣੀ ਦੀ ਸਾਡੇ ਜੀਵਨ ਵਿਚ ਕਿੰਨੀ ਮਹੱਤਤਾ ਹੈ, ਇਸ ਗੱਲ ਦਾ ਅੰਦਾਜ਼ਾ ਹੇਠ ਲਿਖੇ ਵਿਸ਼ਲੇਸ਼ਣ ਤੋਂ ਲਾਇਆ ਜਾ ਸਕਦਾ ਹੈ। ਪਹਿਲਗਾਮ ਦੀ ਮੰਦਭਾਗੀ ਘਟਨਾ ਤੋਂ ਤੁਰੰਤ ਬਾਅਦ ਭਾਰਤ ਸਰਕਾਰ ਨੇ ਸਿੰਧੂ ਜਲ ਸੰਧੀ ਮੁਅੱਤਲ ਕਰਨ ਦਾ ਫੈਸਲਾ ਕੀਤਾ, ਜੋ 1960 ਤੋਂ ਚਲੀ ਆ ਰਹੀ ਸੀ। ਉੱਧਰ ਨਾਲ ਹੀ ਗੁਆਂਢੀ ਦੇਸ਼ ਦੇ ਲੀਡਰਾਂ ਨੇ ਵੀ ਖ਼ੂਨ ਅਤੇ ਜੰਗ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਹਾਲਾਂਕਿ ਸਾਰੀ ਦੁਨੀਆਂ ਜਾਣਦੀ ਹੈ ਕਿ ਜੰਗ ਵਿਚ ਦੋਨਾਂ ਧਿਰਾਂ ਦਾ ਨੁਕਸਾਨ ਹੁੰਦਾ ਹੈ। ਜੰਗ ਸ਼ੁਰੂ ਕਰਨੀ ਇੱਕ ਧਿਰ ਦੇ ਵੱਸ ਹੁੰਦੀ ਹੈ ਪਰ ਬੰਦ ਕਰਨੀ ਉਸ ਦੇ ਵੱਸ ਨਹੀਂ ਰਹਿੰਦੀ। ਰੂਸ ਅਤੇ ਯੂਕਰੇਨ ਦੀ ਜੰਗ ਦਾ ਸਭ ਨੂੰ ਪਤਾ ਹੈ ਕਿ ਕੁੱਝ ਦਿਨਾਂ ਤੋਂ ਵੱਧਦੀ ਸਾਲਾਂ ਤੱਕ ਪਹੁੰਚ ਗਈ। ਉੱਧਰ ਪਾਣੀ ਪਿੱਛੇ ਪੰਜਾਬ ਤੇ ਹਰਿਆਣਾ ਆਪਸ ਵਿਚ 1966 ਤੋਂ ਹੀ ਉਲਝੇ ਫਿਰਦੇ ਹਨ। ਕਿਸਾਨੀ ਅੰਦੋਲਨ ਵੇਲੇ ਵੀ ਸਿਆਸਤਦਾਨਾਂ ਨੇ ਦੋਹਾਂ ਸੂਬਿਆਂ ਦੇ ਕਿਸਾਨਾਂ ਵਿਚਾਲੇ ਇਹ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ ਪਰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਨੇ ਇਸ ਚਾਲ ਨੂੰ ਨਕਾਰ ਦਿੱਤਾ। ਹੁਣ ਇਹ ਮੁੱਦਾ ਕਿਸਾਨਾਂ ਦੀ ਬਜਾਏ ਸਾਰੀ ਆਬਾਦੀ ਦਾ ਬਣਾ ਦਿੱਤਾ ਕਿ ਮਨੁੱਖਤਾ ਦੇ ਆਧਾਰ 'ਤੇ ਪੀਣ ਲਈ ਵੱਧ ਪਾਣੀ ਪੰਜਾਬ ਦੇ ਹਿੱਸੇ ਵਿਚੋਂ ਦਿੱਤਾ ਜਾਵੇ। ਭਲਾ ਸੋਚੋ, ਸੂਬੇ ਦੀ ਸਰਕਾਰ, ਅਧਿਕਾਰੀ ਅਤੇ ਇੰਜੀਨੀਅਰ ਏਨੇ ਅਣਜਾਣ ਹਨ ਕਿ ਉਹ ਆਪਣੇ ਹਿੱਸੇ ਵਿਚੋਂ ਪੀਣ ਲਈ ਪਾਣੀ ਨਹੀਂ ਰੱਖ ਸਕੇ। ਉੱਧਰ ਦੋਨਾਂ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਨੇ ਰਲ ਕੇ ਆਪਣੇ ਸੂਬੇ ਦੇ ਹੱਕ ਵਿਚ ਮਤੇ ਪਾਏ ਹਨ। ਤ੍ਰਾਸਦੀ ਵੇਖੋ, ਹਰਿਆਣੇ ਵਾਲੇ ਕਹਿੰਦੇ ਅਸੀਂ ਆਪਣੇ ਹਿੱਸੇ ਤੋਂ ਵੱਧ ਪਾਣੀ ਲੈਣ ਲਈ ਅਦਾਲਤ ਜਾਵਾਂਗੇ। ਗੱਲ ਕੀ ਸਰਕਾਰਾਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਹਟਾਉਣ ਲਈ ਜਦੋਂ ਲੋੜ ਪੈਂਦੀ ਹੈ, ਪਾਣੀ ਦਾ ਮੁੱਦਾ ਚੁੱਕ ਲੈਂਦੀਆਂ ਹਨ ਕਿਉਂਕਿ ਜੀਵਨ ਵਿਚ ਪਾਣੀ ਦੀ ਮਹੱਤਤਾ ਸਭ ਤੋਂ ਜ਼ਿਆਦਾ ਹੈ।

ਜਦੋਂ ਰੌਲਾ ਪੈਂਦਾ ਹੈ, ਹਰ ਪਾਰਟੀ ਦਾ ਇਕੋ ਰਾਗ ਹੀ ਹੁੰਦਾ ਹੈ, ਅਸੀਂ ਪਾਣੀ ਦੀ ਬੂੰਦ ਨਹੀਂ ਦੇਣੀ, ਪਰ ਸਵਾਲ ਇੱਥੇ ਇਹ ਹੈ ਕਿ ਪੰਜਾਬ ਦਾ 70 ਪ੍ਰਤੀਸ਼ਤ ਪਾਣੀ ਪਹਿਲਾਂ ਹੀ ਸੂਬੇ ਤੋਂ ਬਾਹਰ ਜਾ ਰਿਹਾ ਹੈ, ਫਿਰ ਬੂੰਦ ਦਾ ਸਵਾਲ ਕਿੱਥੇ ਰਹਿ ਗਿਆ। ਇਸ ਵੇਲੇ ਪੰਜਾਬ ਦੇ ਕੋਲ ਜੋ 30 ਪ੍ਰਤੀਸ਼ਤ ਪਾਣੀ ਬੱਚਿਆ ਹੈ, ਉਹ ਸਿਰਫ 27 ਪ੍ਰਤੀਸ਼ਤ ਰਕਬੇ ਵਿਚ ਹੀ ਸਿੰਚਾਈ ਕਰਦਾ ਹੈ, ਬਾਕੀ 73 ਪ੍ਰਤੀਸ਼ਤ ਰਕਬਾ ਟਿਊਬਵੈਲਾਂ ਦੇ ਪਾਣੀ ਨਾਲ ਪਲਦਾ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਉੱਪਰਲਾ ਪੱਤਣ ਸੁੱਕ ਚੁੱਕਾ ਹੈ ਅਤੇ ਹੇਠਲੇ ਪੱਤਣ ਵਿਚ ਪਾਣੀ ਸਿਰਫ ਪੰਜ ਸੱਤ ਸਾਲ ਦਾ ਹੀ ਰਹਿ ਗਿਆ ਹੈ। ਇਨਸਾਫ ਦਾ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਪੀਣ ਵਾਲਾ ਪਾਣੀ ਹਰ ਇਕ ਨੂੰ ਮਿਲਣਾ ਚਾਹੀਦਾ ਹੈ ਪਰ ਖੇਤੀ ਜਾਂ ਇੰਡਸਟਰੀ ਲਈ ਪਾਣੀ ਨੂੰ ਪਹਿਲ ਉਥੇ ਦੇਣੀ ਚਾਹੀਦੀ ਹੈ, ਜਿਥੇ ਇਹ ਦਰਿਆ ਵਗਦੇ ਹਨ ਅਤੇ ਇਸ ਤੋਂ ਵੀ ਅੱਗੇ ਪ੍ਰਤੀ ਯੂਨਿਟ ਪਾਣੀ ਨਾਲ ਪੈਦਾਵਾਰ ਕਿੱਥੇ ਵੱਧ ਹੁੰਦੀ ਹੈ। ਜਿਹੜਾ ਪਾਣੀ ਰਾਜਸਥਾਨ ਨਹਿਰ ਰਾਹੀਂ ਰਾਜਸਥਾਨ ਜਾ ਰਿਹਾ ਹੈ, ਉਸ ਦਾ ਬਹੁਤਾ ਹਿੱਸਾ ਫਾਇਦੇ ਦੀ ਜਗ੍ਹਾ ਨੁਕਸਾਨ ਕਰ ਰਿਹਾ ਹੈ, ਜਿਹੜਾ ਪਾਣੀ ਨਹਿਰ ਦੇ ਪਹਿਲੇ ਪੜਾ ਨੂੰ ਦਿੱਤਾ ਗਿਆ, ਉਸ ਨੇ ਪਹਿਲਾਂ ਸੇਮ ਲਿਆਂਦੀ, ਫਿਰ ਸੇਮ ਨੂੰ ਠੀਕ ਕਰਨ ਲਈ ਨਹਿਰ ਦੇ ਨਾਲ ਦਰੱਖਤ ਲਾ ਕੇ ਜੰਗਲ ਖੜ੍ਹੇ ਕੀਤੇ ਗਏ। ਹੁਣ ਸੀਪੇਜ ਰੋਕਣ ਲਈ ਨਹਿਰ ਵਿਚ ਪਲਾਸਟਿਕ ਅਤੇ ਕੰਕਰੀਟ ਵਿਛਾਉਣ ਲਈ ਅਰਬਾਂ ਰੁਪਏ ਖਰਚੇ ਗਏ। ਪਾਣੀ ਦਾ ਜੀਰਨਾ (ਸੀਪੇਜ) ਤਾਂ ਰੋਕ ਲਵੋਂਗੇ ਪਰ 45 ਤੋਂ 50 ਡਿਗਰੀ ਸੈਂਟੀਗਰੇਡ ਤੇ ਭਾਫ ਬਣ ਕੇ ਉੱਡਣ ਤੋਂ ਕਿਵੇਂ ਰੋਕੋਗੇ। ਕੀ ਇਹ ਪਾਣੀ ਬੰਦ ਪਾਈਪਾਂ ਰਾਹੀਂ ਨਹੀਂ ਸੀ ਲਿਜਾਇਆ ਜਾ ਸਕਦਾ, ਤਾਂ ਕਿ ਵਰਤੋਂ ਯੋਗ ਪਾਣੀ ਵਧੇ ਅਤੇ ਬੱਚਿਆ ਪਾਣੀ ਜਿਹੜੇ ਸੂਬੇ ਵਿਚੋਂ ਪਾਣੀ ਲੈ ਕੇ ਜਾ ਰਹੇ ਹੋ, ਉੱਥੇ ਹੀ ਵਰਤਿਆ ਜਾਵੇ। ਇਸ ਤਰ੍ਹਾਂ ਰਾਜਸਥਾਨ ਨਹਿਰ ਦੇ ਦੂਜੇ ਪੜਾ ਵਿਚ ਮੋਟਰਾਂ ਲਾ ਕੇ ਪਾਣੀ 30-30 ਫੁੱਟ ਉੱਚਾ ਚੁੱਕ ਕੇ ਟਿੱਬਿਆ 'ਤੇ ਛੱਡਿਆ ਜਾ ਰਿਹਾ। ਰੇਤੇ ਦੇ ਟਿੱਬੇ ਉੱਤੇ 45 ਤੋਂ 48 ਡਿਗਰੀ ਸੈਂਟੀਗਰੇਡ 'ਤੇ ਕਿਹੜੀ ਤਕਨੀਕ ਨਾਲ ਪੈਦਾਵਾਰ ਹੋ ਸਕਦੀ ਹੈ?

ਸਭ ਤੋਂ ਵੱਡੀ ਗੱਲ, ਹਰਿਆਣਾ ਸਭ ਤੋਂ ਜ਼ਿਆਦਾ ਰੌਲਾ ਪਾਉਂਦਾ ਹੈ ਪਰ ਉਸ ਦਾ ਨਹਿਰਾਂ ਨਾਲ ਸਿੰਚਾਈ ਹੇਠ ਰਕਬਾ 45 ਪ੍ਰਤੀਸ਼ਤ ਹੈ, ਜਦ ਕਿ ਪੰਜਾਬ ਵਿਚ ਸਿਰਫ 27 ਪ੍ਰਤੀਸ਼ਤ ਰਕਬੇ ਵਿਚ ਹੀ ਨਹਿਰਾਂ ਨਾਲ ਸਿੰਚਾਈ ਹੋ ਰਹੀ ਹੈ। ਇਸੇ ਤਰ੍ਹਾਂ ਰਾਜਸਥਾਨ ਜੋ ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਲਈ ਬੈਠਾ, ਉਥੇ ਵੀ 25.08 ਫੀਸਦੀ ਰਕਬਾ ਨਹਿਰਾਂ ਨਾਲ ਸਿੰਜਿਆ ਜਾਂਦਾ ਹੈ। ਤ੍ਰਾਸਦੀ ਇਹ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆਂ ਰਾਜਸਥਾਨ ਨੂੰ ਦਿੱਤੇ ਹਿੱਸੇ ਦਾ ਜ਼ਿਕਰ ਨਹੀਂ ਕਰਦੀਆਂ, ਭਾਵੇਂ ਕਿ ਉਹ ਕਾਨੂੰਨੀ ਤੌਰ 'ਤੇ ਬੂੰਦ ਵੀ ਪਾਣੀ ਨਹੀਂ ਲੈ ਸਕਦਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਇਸ ਗੱਲ 'ਤੇ ਨਹੀਂ ਆਉਂਦੀਆਂ ਕਿ ਬਾਰਿਸ਼ ਘੱਟ ਗਈ ਹੈ, ਇਸ ਕਰਕੇ ਦਰਿਆਈ ਪਾਣੀ ਘੱਟ ਗਿਆ ਹੈ ਅਤੇ ਪਾਣੀ ਦੀ ਲੋੜ ਵੱਧ ਗਈ ਹੈ। ਦਰਿਆਈ ਪਾਣੀ ਦਾ ਮੁੱਲਾਂਕਣ ਦੁਬਾਰਾ ਕਰਕੇ ਕਾਨੂੰਨ ਅਤੇ ਸੂਬੇ ਦੀ ਲੋੜ ਅਨੁਸਾਰ ਅਤੇ ਪਾਣੀ ਦਾ ਵਰਤੋਂ ਦੀ ਕੁਸ਼ਲਤਾ ਦੇ ਹਿਸਾਬ ਨਾਲ ਪਾਣੀ ਦੀ ਦੁਬਾਰਾ ਵੰਡ ਕੀਤੀ ਜਾਵੇ। ਸਾਰੇ 1955 ਅਤੇ 1981 ਵਾਲੇ ਫੈਸਲਿਆਂ ਅਨੁਸਾਰ ਹੀ ਪੰਜਾਬ ਦਾ ਗਲਾ ਘੁੱਟਣਾ ਚਾਹੁੰਦੇ ਹਨ ਕਿਉਂਕਿ ਵੋਟ ਰਾਜਨੀਤੀ ਇਹੋ ਹੀ ਸਿਖਾਉਂਦੀ ਹੈ ਕਿ ਕਿਸੇ ਵੀ ਝਗੜੇ ਦਾ ਨਿਬੇੜਾ ਨਾ ਕਰੋ, ਉਸ ਨੂੰ ਲਟਕਾਈ ਰੱਖੋ, ਤਾਂ ਕਿ ਸਾਰੀਆਂ ਧਿਰਾਂ ਹੀ ਮਗਰ ਲੱਗੀਆਂ ਰਹਿਣ। ਰਾਜਨੀਤੀ ਵਾਲੇ ਤਾਂ ਛੱਡੋ, ਸੰਵਿਧਾਨ ਦੇ ਰਾਖੇ ਵੀ ਕਾਨੂੰਨ ਤੋਂ ਹੱਟਕੇ ਦੱਬਕੇ ਮਾਰਦੇ ਹਨ।

**ਹੜ੍ਹਾ ਦੀ ਮਾਰ:-** ਪਾਣੀ ਹਰ ਸੂਬੇ ਨੂੰ ਚਾਹੀਦਾ ਹੈ ਪਰ ਜਦੋਂ ਬਾਰਿਸ਼ ਇਕਦਮ ਲੋੜ ਤੋਂ ਜ਼ਿਆਦਾ ਹੋ ਜਾਂਦੀ ਹੈ, ਤਾਂ ਇਹ ਲੋਕ ਦਰਿਆਵਾਂ ਵਰਗਿਆਂ ਨਹਿਰਾਂ ਨੂੰ ਬੰਦ ਕਰਵਾ ਦਿੰਦੇ ਹਨ। ਤਰਕ ਦਿੱਤਾ ਜਾਂਦਾ ਹੈ ਕਿ ਨਹਿਰਾਂ ਵਿਚ ਪੋਣ ਪੈ ਕੇ ਨਹਿਰਾਂ ਦਾ ਨੁਕਸਾਨ ਹੁੰਦਾ ਹੈ। ਜੇ ਪਾਣੀ ਨਹਿਰਾਂ ਵਿਚ ਛੱਡ ਕੇ ਵੰਡਿਆ ਜਾਵੇ, ਤਾਂ ਲੋਕਾਂ ਦਾ ਨੁਕਸਾਨ ਘੱਟ ਹੋਵੇਗਾ। ਪੰਜਾਬੀਆਂ ਦੇ ਘਰ ਢਹਿ ਜਾਣ, ਫਸਲਾਂ ਤਬਾਹ ਹੋ ਜਾਣ ਇਹ ਨੁਕਸਾਨ ਨਹੀਂ ਗਿਣਿਆਂ ਜਾਂਦਾ ਕਿਉਂਕਿ ਇਹ ਪੰਜਾਬ ਦਾ ਹੈ। ਕੀ ਕੇਂਦਰ ਸਰਕਾਰ ਦਾ ਇਹ ਫਰਜ਼ ਨਹੀਂ ਬਣਦਾ ਕਿ ਜਿੰਨੇ ਵੀ ਸੂਬੇ ਪਾਣੀ ਦਾ ਲਾਭ ਲੈਂਦੇ ਹਨ, ਉਹ ਸਾਰੇ ਰਲ ਕੇ ਪੰਜਾਬ ਦੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ। ਮੈਂ ਛੋਟੇ-ਮੋਟੇ ਹੜ੍ਹਾਂ ਦੀ ਮਾਰ ਦੀ ਗੱਲ ਨਹੀਂ ਕਰਦਾ, ਮੈਂ ਉਨ੍ਹਾਂ ਹੜ੍ਹਾਂ ਦੀ ਮਾਰ ਦੀ ਗੱਲ ਕਰਦਾ ਹਾਂ, ਜੋ ਭਾਖੜਾ ਡੈਮ ਵਿਚੋਂ ਪਾਣੀ ਛੱਡਣ ਨਾਲ ਆਏ। 1988 ਦੇ ਭਿਆਨਕ ਹੜ੍ਹ ਦਾ ਕਾਰਨ ਸੀ ਡੈਮ ਵਿਚ ਪਾਣੀ ਭਰਨ ਦਾ ਸਮਾਂ 30 ਸਤੰਬਰ ਤੱਕ ਦਾ ਹੈ ਪਰ ਡੈਮ ਨੂੰ ਸਿਰੇ ਤੱਕ ਉਸ ਤੋਂ ਪਹਿਲਾਂ ਹੀ ਭਰ ਲਿਆ ਗਿਆ ਪਰ ਜਦੋਂ 23-26 ਸਤੰਬਰ ਨੂੰ ਕੈਚਮੈਂਟ ਏਰੀਏ ਵਿਚ ਭਾਰੀ ਬਾਰਿਸ਼ (634 ਐੱਮ.ਐੱਮ.) ਆਈ, ਤਾਂ ਡੈਮ ਦੇ ਫਲੱਡ ਗੇਟ ਖੋਲ੍ਹ ਦਿੱਤੇ ਗਏ। ਜਿਸ ਕਾਰਨ ਭਾਰੀ ਮਾਤਰਾ ਵਿਚ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਪੰਜਾਬ ਦੇ 12989 ਪਿੰਡਾਂ ਵਿਚੋਂ 9000 ਪਿੰਡਾਂ ਵਿਚ ਪਾਣੀ ਭਰਿਆ ਜਿਨ੍ਹਾਂ ਵਿਚੋਂ 2500 ਪਿੰਡ ਤਾਂ ਬਿਲਕੁਲ ਹੀ ਢਹਿ-ਢੇਰੀ ਹੋ ਗਏ। 34 ਲੱਖ ਲੋਕ ਪ੍ਰਭਾਵਿਤ ਹੋਏ। ਇੰਨਾ ਹੀ ਨਹੀਂ, ਜ਼ਖਮਾਂ 'ਤੇ ਲੂਣ ਛਿੜਕਣ ਲਈ ਉਸ ਵੇਲੇ ਦੇ ਭਾਰਤ ਦੇ ਖੇਤੀ ਮੰਤਰੀ ਨੇ ਬਿਆਨ ਦਿੱਤਾ ਕਿ ਇਹ ਚੰਗਾ ਹੋਇਆ ਪੰਜਾਬ ਦੀ ਧਰਤੀ ਹੇਠਲਾ ਪਾਣੀ ਰੀਚਾਰਜ਼ ਹੋ ਜਾਵੇਗਾ।

ਸਾਲ 1993 'ਚ 25 ਲੱਖ ਲੋਕ 44 ਸ਼ਹਿਰਾਂ/ਕਸਬਿਆਂ ਅਤੇ 4741 ਪਿੰਡਾਂ ਵਿਚ ਪ੍ਰਭਾਵਿਤ ਹੋਏ। 15 ਲੱਖ ਏਕੜ ਰਕਬੇ ਵਿਚ ਫਸਲ ਦਾ ਨੁਕਸਾਨ ਹੋਇਆ। ਸਾਲ 2023 ਵਿਚ ਕੀ ਵਾਪਰਿਆ, ਇਹ ਸਾਰੇ ਪਾਠਕਾਂ ਨੇ ਪੜ੍ਹਿਆ, ਸੁਣਿਆ ਅਤੇ ਵੇਖਿਆ ਹੈ।

**ਪੰਜਾਬ ਮਾਰੂਥਲ ਬਣਨ ਦੀ ਕਾਗਾਰ 'ਤੇ:** ਇਸ ਵਕਤ ਪੰਜਾਬ ਦੇ 73 ਪ੍ਰਤੀਸ਼ਤ ਰਕਬੇ ਵਿਚ ਟਿਊਬਵੈਲਾਂ ਨਾਲ ਸਿੰਚਾਈ ਕੀਤੀ ਜਾਂਦੀ ਹੈ, ਜਿਸ ਕਾਰਨ ਪੰਜਾਬ ਦੇ 76 ਪ੍ਰਤੀਸ਼ਤ ਬਲਾਕਾਂ ਵਿਚੋਂ ਪਾਣੀ ਜ਼ਿਆਦਾ ਕੱਢਿਆ ਜਾਂਦਾ ਹੈ, ਜਿਸ ਕਾਰਨ ਪਾਣੀ ਹਰ ਸਾਲ ਇੱਕ ਮੀਟਰ ਤੱਕ ਹੇਠਾਂ ਜਾ ਰਿਹਾ ਹੈ, ਨੈਸ਼ਨਲ ਗਰੀਨ ਟ੍ਰਿਬਿਊਨਲ ਦੀ 2022 ਦੀ ਰਿਪੋਰਟ ਮੁਤਾਬਕ ਜੇ ਇਸੇ ਤਰ੍ਹਾਂ ਚੱਲਦਾ ਰਿਹਾ, ਤਾਂ 2039 ਤੱਕ ਪਾਣੀ 300 ਮੀਟਰ (984 ਫੁੱਟ) ਤੋਂ ਹੇਠਾ ਚਲਾ ਜਾਵੇਗਾ। ਇਸ ਵੇਲੇ ਭਾਵੇਂ ਕਿ ਪਾਣੀ ਦਾ ਲੇਵਲ 30-50 ਮੀਟਰ ਹੈ ਪਰ ਚੰਗਾ ਪਾਣੀ ਲੈਣ ਲਈ ਕਿਸਾਨਾਂ ਨੇ ਬੋਰ 200 ਮੀਟਰ ਦੀ ਡੂੰਘਾਈ ਤੱਕ ਕੀਤੇ ਹੋਏ ਹਨ। ਪਰ ਜੇ ਪਾਣੀ ਦੀ ਸਤਹ ਹੀ 300 ਮੀਟਰ ਤੋਂ ਹੇਠਾਂ ਜਾਂਦੀ ਹੈ, ਤਾਂ ਉੱਥੇ ਬੋਰ ਕਰਕੇ ਪਾਣੀ ਕੱਢਣਾ ਕਿਸਾਨ ਦੇ ਵੱਸ ਦੀ ਗੱਲ ਤਾਂ ਨਹੀਂ। ਬਿਨਾ ਪਾਣੀ ਤੋਂ ਜ਼ਮੀਨ ਬੰਜਰ ਹੋ ਜਾਵੇਗੀ। ਹਾਈਡਰਾਲੋਜਿਸਟ ਵਸ਼ਿਸ਼ਟ ਦੀ 2016 ਦੀ ਰਿਪੋਰਟ ਮੁਤਾਬਕ ਪੰਜਾਬ ਵਿਚ 1.27 ਮਿਲਿਅਨ ਹੈਕਟੇਅਰ ਮੀਟਰ ਦੀ ਘਾਟ ਸੀ।

ਪੰਜਾਬ ਦੀ ਮੌਜੂਦਾ ਸਰਕਾਰ ਨਹਿਰੀ ਪਾਣੀ ਹੇਠਾਂ ਰਕਬਾ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਜਦੋਂ ਸਾਡੇ ਕੋਲ ਪਾਣੀ ਹੀ ਸੀਮਤ ਹੈ, ਫਿਰ ਰਕਬਾ ਵਧਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਮੰਗ ਨਹੀਂ ਘੱਟ ਸਕਦੀ, ਭਾਵੇਂ ਨਹਿਰੀ ਪਾਣੀ 10 ਲੱਖ ਹੈਕੇਟੇਅਰ ਵਿਚ ਲਾ ਲਓ ਜਾਂ 15 ਲੱਖ ਹੈਕਟੇਅਰ ਵਿਚ ਵਰਤ ਲਵੋ। ਪੰਜਾਬ ਕੋਲ ਇਸ ਵਕਤ ਰੀਚਾਰਜੇਬਲ ਪਾਣੀ 21.44 ਬਿਲਿਅਨ ਕਿਊਬਿਕ ਮੀਟਰ ਹੈ, ਜਦੋਂਕਿ ਅਸੀਂ ਕੱਢਦੇ 31.16 ਬਿਲਿਅਨ ਕਿਊਬਿਕ ਮੀਟਰ, ਭਾਵ ਕਸ਼ਮਤਾ ਦਾ 145 ਪ੍ਰਤੀਸ਼ਤ ਜੋ ਪਾਣੀ ਡੂੰਘਾ ਜਾਣ ਅਤੇ ਮਾਰੂਥਲ ਬਣਨ ਦਾ ਕਾਰਨ ਬਣਦਾ ਹੈ। ਪਾਣੀ ਦੀ ਇਹ ਵਰਤੋਂ ਵੀ ਘਟਾਈ ਨਹੀਂ ਜਾ ਸਕਦੀ ਕਿਉਂਕਿ ਕਿਸਾਨ ਛੋਟੇ ਹਨ, ਉਹ ਫਸਲੀ ਘੱਣਤਾ ਘੱਟ ਨਹੀਂ ਕਰ ਸਕਦੇ ਕਿਉਂਕਿ ਮਹਿੰਗਾਈ ਕਾਰਨ ਪਰਿਵਾਰ ਦਾ ਪਹਿਲਾਂ ਹੀ ਗੁਜ਼ਾਰਾ ਮੁਸ਼ਕਿਲ ਨਾਲ ਚੱਲਦਾ ਹੈ।

**ਨਿਚੋੜ:-** ਅੱਜ ਲੋੜ ਹੈ ਕਿ ਨਹਿਰੀ ਪਾਣੀ ਦਾ ਦੁਬਾਰਾ ਮੁਲਾਂਕਣ ਕੀਤਾ ਜਾਵੇ ਹੈ। ਪਾਣੀ ਸਾਰੇ ਦੇਸ਼ ਲਈ ਇੱਕ ਦੁਰਲੱਭ ਵਸਤੂ ਜੋ ਪੀਣ ਲਈ ਹਰ ਇੱਕ ਨੂੰ ਮਿਲਣਾ ਚਾਹੀਦਾ ਹੈ। ਇਸ ਵੇਲੇ ਇਹ ਸੋਚਣਾ ਪਊਗਾ ਕਿ ਮਾਰੂਥਲ ਨੂੰ ਉਪਜਾਊ ਬਣਾਉਣ ਦੀ ਕੋਸ਼ਿਸ਼ ਦੇ ਮੁਕਾਬਲੇ ਇੱਕ ਵਧੀਆ ਅਬਾਦ ਇਲਾਕੇ ਨੂੰ ਮਾਰੂਥਲ ਬਣਾਉਣਾ ਕਿੰਨੀ ਕੁ ਸਿਆਣਪ ਹੈ। ਪੰਜਾਬ ਦੇ ਸਿਆਸਤਦਾਨ ਅੱਜ ਆਪਣੇ ਮਤਭੇਦ ਭੁਲਾਕੇ ਪੰਜਾਬ ਲਈ ਇੱਕ ਸੁਰ ਆਵਾਜ ਉਠਾਉਣ ਕਿ ਪੰਜਾਬ ਦੀ ਪਾਣੀ ਦੀ ਵੰਡ ਅੱਜ ਦੀ ਸਥਿਤੀ ਨੂੰ ਲੈ ਕੇ ਹੋਵੇ, ਖਾਸ ਕਰਕੇ ਰਿਪੇਰੀਅਨ ਐਕਟ ਮੁਤਾਬਕ। ਇਸ ਲਈ ਜੋ ਚਾਰਾਜੋਈ ਹੋ ਸਕਦੀ ਹੈ, ਰਲ ਕੇ ਕਰੋ ਕਿਉਂਕਿ ਜਿੰਨਾ ਪਾਣੀ ਉਸ ਵੇਲੇ ਮਿੱਥਿਆ ਗਿਆ ਸੀ, ਓਨਾਂ ਪਾਣੀ ਹੈ ਹੀ ਨਹੀਂ, ਜੇ ਬਾਰਿਸ਼ ਹੀ ਤੀਜਾ ਹਿੱਸਾ ਘੱਟ ਗਈ (65 ਦੇ ਬਜਾਏ 45 ਸੈਂਟੀਮੀਟਰ ਪ੍ਰਤੀ ਸਾਲ) ਰਹਿ ਗਈ) ਤਾਂ ਪਾਣੀ ਕਿੱਥੋਂ ਆਵੇਗਾ। ਸਿਆਸੀ ਲੋਕਾਂ ਨੇ ਰਾਜ ਪੰਜਾਬ 'ਤੇ ਕਰਨਾ ਹੈ ਅਤੇ ਜੇ ਪੰਜਾਬ ਬਚੂਗਾ, ਤਾਂ ਹੀ ਰਾਜ ਕਰੋਗੇ।

## ਅਵਤਾਰ ਪੁਰਬ 'ਤੇ ਵਿਸ਼ੇਸ਼

# ਭਲੇ ਅਮਰਦਾਸ ਗੁਣ ਤੇਰੇ, ਸ੍ਰੀ ਗੁਰੂ ਅਮਰਦਾਸ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060
gumtalacs@gmail.com
ਪੰਜਾਬ ਮੇਲ USA





ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿਚ ਵਸਾਖ ਸੁਦੀ 11, 1536 ਬਿਕਰਮੀ (5 ਮਈ, 1479 ਈ.) ਨੂੰ ਭੱਲਾ ਖੱਤਰੀ ਪਰਿਵਾਰ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਬਖ਼ਤ ਕੌਰ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ-ਵੱਖ ਨਾਂ ਦੇਂਦੇ ਹਨ, ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੰਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ:- ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਲਿਆਂਦਾ। ਸੰਪਰਕ ਵਿਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ। ਇਹ ਵਾਕਿਆ 1597 ਬਿਕਰਮੀ/1540 ਈ. ਦਾ ਹੈ।

ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ।

ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ 'ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਵਹੁਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ 'ਅਮਰੂ ਨਿਥਾਵਾ' ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ। ਇਹ ਗੱਲ ਸੰਨ 1552 ਦੀ ਹੈ, ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ 'ਨਿਥਾਵਿਆਂ ਦਾ ਥਾਂ', 'ਨਿਮਾਣਿਆਂ ਦਾ ਮਾਣ', 'ਨਿਤਾਣਿਆ ਦਾ ਤਾਣ', 'ਨਿਆਸਰਿਆਂ ਦਾ ਆਸਰਾ', 'ਨਿਉਟਿਆਂ ਦੀ ਓਟ', 'ਨਿਧਰਿਆ ਦੀ ਧਿਰ', 'ਨਿਗਤਿਆਂ ਦੀ ਗਤ' ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਿਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ, 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ੍ਹ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ, ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ, ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ। ਹੇਠ ਲਿਖੇ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ-ਗੱਦੀਆਂ) ਬਖ਼ਸ਼ੀਆਂ ਗਈਆਂ ਸਨ :-1. ਅੱਲਾਯਾਰ ਪਠਾਣ ਸੌਦਾਗਰ, 2. ਸੱਚਨ ਸੱਚ ਪਿੰਡ ਮੰਦਰ ਤਸੀਲ ਸ਼ਕਰਪੁਰ, 3. ਸਾਧਾਰਨ ਗੋਇੰਦਵਾਲ, 4. ਸਾਵਣ ਮਲ ਗੋਇੰਦਵਾਲ, 5. ਸੁੱਖਣ ਧਮਿਆਲ, 6. ਹੰਦਾਲ ਜੰਡਿਆਲਾ, 7. ਕੇਦਾਰੀ ਬਟਾਲਾ, 8. ਖੇਡਾ ਖੇਮਕਰਨ, 9. ਗੰਗੂਸ਼ਾਹ ਗੜ੍ਹਸ਼ੰਕਰ, 10. ਦਰਬਾਰੀ ਮਜੀਠਾ, 11. ਪਾਰੋ ਡੱਲਾ, 12. ਫੇਰਾ ਮੀਰਪੁਰ, 13. ਬੂਆ ਹਰਿ ਗੋਬਿੰਦਪੁਰ ਇਸਦੀ ਸੰਤਾਨ, 14. ਬੇਣੀ ਚੂਹਨੀਆਂ, 15. ਮਹੇਸ਼ਾ ਸੁਲਤਾਨਪੁਰ, 16. ਮਾਈਦਾਸ ਨਰੋਲੀ (ਮਾਝਾ), 17. ਮਾਣਕ ਚੰਦ ਵੈਰੋਵਾਲ, 18. ਮੁਰਾਰੀ ਖਾਈ (ਲਾਹੌਰ), 19. ਰਾਜਾ ਰਾਮ ਸੰਧਮਾ (ਜਲੰਧਰ) ਇਸ ਦੀ ਸੰਤਾਨ, 20. ਰੰਗ ਸ਼ਾਹ ਮੱਲੂ ਪੋਤਾ (ਜਲੰਧਰ), 21. ਰੰਗ ਦਾਸ ਘੜੂਆਂ (ਅੰਬਾਲਾ), 22. ਲਾਲੋ ਡੱਲਾ

ਆਪ ਜੀ ਨੇ ਵਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ, ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ। ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ-ਪਾਤ ਅਤੇ ਅਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ, ਤਾਂ ਉਸ ਨੇ ਵੀ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛੱਕਿਆ। ਆਪ ਰੁੱਖੀ-ਮਿੱਸੀ ਰੋਟੀ ਖਾਂਦੇ ਸਨ, ਜੋ ਕੁਝ ਦਿਨ ਵੇਲੇ ਲੰਗਰ ਵਿਚ ਆਉਂਦਾ ਸੀ, ਰਾਤ ਤੱਕ ਵਰਤ ਜਾਂਦਾ ਸੀ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿਚ ਪਤੀ ਦੇ ਮਰਨ 'ਤੇ ਵਿਧਵਾ ਨੂੰ ਪਤੀ ਦੀ ਚਿੱਖਾ 'ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ। ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿਚ ਪਰਦੇ ਦੀ ਰਸਮ ਤੋਂ ਵੀ ਵਰਜਿਆ।

ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ 'ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ-ਵੱਖ ਤੀਰਥ ਅਸਥਾਨਾਂ 'ਤੇ ਗਏ। ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁੱਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ-ਪਾਤ ਦਾ ਭਰਮ ਮਿਟਾਕੇ ਭਰੇ ਦਰਬਾਰ ਵਿਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ 'ਪ੍ਰੇਮੇ' ਨਾਲ ਵਿਆਹੀ। ਇੱਕ ਰਾਜਪੂਤ ਲੜਕੇ ਦੀ ਸ਼ਾਦੀ 'ਸੱਚਨ ਸੱਚ' ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ।

ਮਾਝੇ ਵਿਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿਚ ਬਾਣੀ ਰਚੀ। ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿਚ ਬਾਣੀ ਰਚੀ, ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ। ਕਾਵਿ ਰੂਪਾਂ ਵਿਚੋਂ ਆਪ ਜੀ ਨੇ ਪਦੇ, ਛੰਤ, ਅਸ਼ਟਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿਚ ਲਿਖੀ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ 'ਸੱਦ' ਸਿਰਲੇਖ ਹੇਠ ਦਰਜ ਕੀਤਾ ਹੈ।

ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀਪੂਰਵਕ ਸੰਕਲਨ ਵੱਲ ਚੁੱਕਿਆ ਇੱਕ ਮਹੱਤਵਪੂਰਨ ਕਦਮ ਸੀ।

ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ (1 ਸਤੰਬਰ 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।

### ਸਹਾਇਕ ਪੁਸਤਕਾਂ

1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018
2. ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ (ਗੁਰੂ ਕਾਲ :1469-1708), (ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012
3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008
4. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬ੍ਰਦਰਜ਼, ਅੰਮ੍ਰਿਤਸਰ 2014,
5. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ.ਐੱਸ. ਔਲਖ, ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014

# “ਸੋਸ਼ਲ ਮੀਡੀਆ ’ਤੇ ਦੇਸ਼ ਵਿਰੋਧੀ ਗਤੀਵਿਧੀਆਂ ਦਾ ਕਾਰੋਬਾਰ: ਪ੍ਰਗਟਾਵੇ ਦੀ ਆਜ਼ਾਦੀ ਜਾਂ ਏਜੰਡਾ ਮਾਰਕੀਟਿੰਗ?”

## (ਭੁਗਤਾਨ ਦੇ ਬਦਲੇ ਰਾਸ਼ਟਰ-ਵਿਰੋਧੀ? ਹੋਰ ਨਹੀਂ !)

ਪ੍ਰਿਅੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਵਟਸਐਪ)
ਪੰਜਾਬ ਮੇਲ USA



ਅੱਜ ਸੋਸ਼ਲ ਮੀਡੀਆ ਇੱਕ ਅਜਿਹਾ ਹਥਿਆਰ ਬਣ ਗਿਆ ਹੈ, ਜਿਸਦੀ ਧਾਰ ਤਲਵਾਰ ਤੋਂ ਘੱਟ ਨਹੀਂ ਹੈ। ਇਹ ਵਹਾਅ ਵਿਚਾਰਾਂ ਦਾ, ਭਾਵਨਾਵਾਂ ਦਾ ਅਤੇ ਸਭ ਤੋਂ ਖ਼ਤਰਨਾਕ ਤੌਰ ’ਤੇ ਅਫਵਾਹਾਂ ਦਾ ਹੈ। ਪ੍ਰਗਟਾਵੇ ਦੀ ਆਜ਼ਾਦੀ ਦੇ ਨਾਮ ’ਤੇ, ਪਿਛਲੇ ਕੁਝ ਸਾਲਾਂ ਵਿਚ ਇੱਕ ਅਣਐਲਾਨੀ ਬਾਜ਼ਾਰ ਉੱਭਰਿਆ ਹੈ, ਜਿੱਥੇ ‘ਭੁਗਤਾਨ’ ਦੇ ਬਦਲੇ ਪੋਸਟਾਂ ਤਿਆਰ ਕੀਤੀਆਂ ਜਾਂਦੀਆਂ ਹਨ, ਦੇਸ਼ ਦੀ ਛਵੀ ਨੂੰ ਖਰਾਬ ਕੀਤਾ ਜਾਂਦਾ ਹੈ ਅਤੇ ਇੱਕ ਯੋਜਨਾਬੱਧ ਰਣਨੀਤੀ ਦੇ ਤਹਿਤ, “ਖ਼ਬਰਾਂ”, “ਰਾਏ” ਅਤੇ “ਨਿਆਂ” ਦੇ ਨਾਮ ’ਤੇ ਦੇਸ਼ ਵਿਰੋਧੀ ਏਜੰਡਾ ਪਰੋਸਿਆ ਜਾਂਦਾ ਹੈ। ਪਰ ਹੁਣ ਚੇਤਾਵਨੀ ਜਾਰੀ ਕਰ ਦਿੱਤੀ ਗਈ ਹੈ।

“ਸੂਚਨਾ ਤਕਨਾਲੋਜੀ ’ਤੇ ਸਥਾਈ ਕਮੇਟੀ” ਦੇ ਹਾਲੀਆ ਦਫ਼ਤਰੀ ਮੀਮੋ ਨੇ ਇਸ ਦਿਸ਼ਾ ਵਿਚ ਗੰਭੀਰ ਕਦਮ ਚੁੱਕਣ ਦੇ ਇਰਾਦੇ ਨੂੰ ਸਪੱਸ਼ਟ ਕਰ ਦਿੱਤਾ ਹੈ। ਹੁਣ ਇਸਨੂੰ ਸਿਰਫ਼ ਦੇਖਿਆ ਨਹੀਂ ਜਾਵੇਗਾ, ਹੁਣ ਕਾਰਵਾਈ ਹੋਵੇਗੀ। ਆਈ.ਟੀ. ਐਕਟ 2000 ਅਤੇ ਡਿਜੀਟਲ ਮੀਡੀਆ ਐਥਿਕਸ ਕੋਡ 2021 ਦੇ ਤਹਿਤ, ਅਜਿਹੇ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ‘ਪ੍ਰਭਾਵਕਾਂ’ ਵਿਰੁੱਧ ਕਾਰਵਾਈ ਕੀਤੀ ਜਾਵੇਗੀ, ਜੋ ਦੇਸ਼ ਵਿਰੁੱਧ ਸਮੱਗਰੀ ਫੈਲਾ ਕੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

### ਪ੍ਰਗਟਾਵਾ ਬਨਾਮ ਵਿਨਾਸ਼

ਦੇਸ਼ ਵਿਚ ਪ੍ਰਗਟਾਵੇ ਦੀ ਆਜ਼ਾਦੀ ਸੰਵਿਧਾਨ ਦੁਆਰਾ ਸੁਰੱਖਿਅਤ ਹੈ। ਪਰ ਕੀ ਇਹ ਆਜ਼ਾਦੀ ਇੰਨੀ ਖੁੱਲ੍ਹੀ ਹੋਣੀ ਚਾਹੀਦੀ ਹੈ ਕਿ ਕੋਈ ਵੀ ਕੁਝ ਵੀ ਕਹਿ ਸਕੇ ਅਤੇ ਜਦੋਂ ਸਵਾਲ ਉਠਾਏ ਜਾਣ ਤਾਂ ‘ਲੋਕਤੰਤਰ’, ‘ਬੋਲਣ ਦੀ ਆਜ਼ਾਦੀ’ ਅਤੇ ‘ਅਸਹਿਮਤੀ’ ਦਾ ਆਸਰਾ ਲਵੇ? ਕੀ ਦੇਸ਼ ਵਿਰੋਧੀ ਸਮੱਗਰੀ ਨੂੰ ਵੀ ਪ੍ਰਗਟਾਵੇ ਦਾ ਹਿੱਸਾ ਮੰਨਿਆ ਜਾਣਾ ਚਾਹੀਦਾ ਹੈ?

ਜਦੋਂ ਕੋਈ ਨੌਜਵਾਨ ਕਹਿੰਦਾ ਹੈ ਕਿ “ਕੋਈ ਨੌਕਰੀ ਨਹੀਂ ਹੈ”, ਤਾਂ ਇਹ ਇੱਕ ਜਾਇਜ਼ ਦਰਦ ਹੈ। ਪਰ ਜਦੋਂ ਉਹੀ ਵਿਅਕਤੀ ਸੋਸ਼ਲ ਮੀਡੀਆ ’ਤੇ ਲਿਖਦਾ ਹੈ, - “ਭਾਰਤ ਨੂੰ ਸੜਨਾ ਚਾਹੀਦਾ ਹੈ”, “ਹਿੰਦੁਸਤਾਨ ਨਰਕ ਹੈ”, “ਦੇਸ਼ ਫਾਸ਼ੀਵਾਦੀ ਬਣ ਗਿਆ ਹੈ”, ਤਾਂ ਇਹ ਹੁਣ ਰਾਏ ਨਹੀਂ ਰਹੇ, ਇਹ ਇੱਕ ਯੋਜਨਾਬੱਧ ਅਫਵਾਹ ਬਣ ਜਾਂਦੇ ਹਨ, ਜਿਸਨੂੰ ਰਾਜਨੀਤਿਕ ਜਾਂ ਵਿਦੇਸ਼ੀ ਤਾਕਤਾਂ ਦੁਆਰਾ ਹੋਰ ਵੀ ਹਵਾ ਦਿੱਤੀ ਜਾਂਦੀ ਹੈ।

ਇਸ ਲਈ, ਹੁਣ ਇਹ ਫੈਸਲਾ ਨਹੀਂ ਕੀਤਾ ਜਾਵੇਗਾ ਕਿ ਪੋਸਟ ਪਾਉਣ ਵਾਲਾ ਵਿਅਕਤੀ ਕਿਸ ਪਾਰਟੀ ਦਾ ਸਮਰਥਨ ਕਰਦਾ ਹੈ, ਹੁਣ ਇਹ ਫੈਸਲਾ ਕੀਤਾ ਜਾਵੇਗਾ ਕਿ ਪੋਸਟ ਦਾ ਦੇਸ਼ ’ਤੇ ਕੀ ਪ੍ਰਭਾਵ ਪੈਂਦਾ ਹੈ।

**‘ਪੇਆਉਟ ਪੱਤਰਕਾਰੀ’ ਦਾ ਵਧਦਾ ਜਾਲ**

ਅੱਜਕੱਲ੍ਹ ਕੁਝ ‘ਫ੍ਰੀਲਾਂਸਰ’ ਅਤੇ ‘ਪ੍ਰਭਾਵਕ’ ਸੋਸ਼ਲ ਮੀਡੀਆ ’ਤੇ ਹਰ ਮੁੱਦੇ ’ਤੇ “ਗਿਆਨ” ਦੇ ਰਹੇ ਹਨ। ਪਰ ਇਨ੍ਹਾਂ ਸਿਆਣਿਆਂ ਦੇ ਪਿੱਛੇ ਅਕਸਰ ਇੱਕ ਅਦਾਇਗੀ ਰਣਨੀਤੀ ਛੁਪੀ ਹੁੰਦੀ ਹੈ। ਵੀਡੀਓ ਇੱਕ ਖਾਸ ਵਿਚਾਰਧਾਰਾ ਦੇ ਤਹਿਤ ਬਣਾਏ ਜਾਂਦੇ ਹਨ, ਕਿਸੇ ’ਤੇ ਦੋਸ਼ ਲਗਾਇਆ ਜਾਂਦਾ ਹੈ, ਕਿਸੇ ਦੀ ਛਵੀ ਖਰਾਬ ਕੀਤੀ ਜਾਂਦੀ ਹੈ ਅਤੇ ਅੰਤ ਇਹ ਹੁੰਦਾ ਹੈ ਕਿ “ਭਾਰਤ ਹੁਣ ਰਹਿਣ ਦੀ ਜਗ੍ਹਾ ਨਹੀਂ ਰਿਹਾ।”

ਇਹ ਸਭ ਏਜੰਡਾ ਮਾਰਕੀਟਿੰਗ ਦਾ ਹਿੱਸਾ ਹੈ, ਜਿੱਥੇ ਭਾਰਤ ਦੀ ਛਵੀ ਅੰਤਰਰਾਸ਼ਟਰੀ ਪੱਧਰ ’ਤੇ ਖਰਾਬ ਕੀਤੀ ਜਾਂਦੀ ਹੈ, ਖਾਸ ਕਰਕੇ ਮਨੁੱਖੀ ਅਧਿਕਾਰਾਂ, ਮੁਸਲਿਮ ਵਿਰੋਧੀ ਭਾਵਨਾਵਾਂ, ਦਲਿਤ ਅੱਤਿਆਚਾਰ ਆਦਿ ਵਰਗੇ ਸੰਵੇਦਨਸ਼ੀਲ ਮੁੱਦਿਆਂ ’ਤੇ। ਉਨ੍ਹਾਂ ਦੇ ਸਮੇਂ ’ਤੇ ਵੀ ਨਜ਼ਰ ਮਾਰੋ, ਜਦੋਂ ਸੰਯੁਕਤ ਰਾਸ਼ਟਰ ਵਿਚ ਭਾਰਤ ’ਤੇ ਚਰਚਾ ਹੁੰਦੀ ਹੈ, ਜਦੋਂ ਵਿਦੇਸ਼ੀ ਰਿਪੋਰਟਾਂ ਆਉਂਦੀਆਂ ਹਨ, ਉਨ੍ਹਾਂ ਦਿਨਾਂ ਵਿਚ ਸੋਸ਼ਲ ਮੀਡੀਆ ’ਤੇ ਇਹ ‘ਭਾਰਤ ਵਿਰੋਧੀ ਮੁਹਿੰਮਾਂ’ ਤੇਜ਼ ਹੋ ਜਾਂਦੀਆਂ ਹਨ।

**ਕੀ ਪਾਰਟੀ ਵੱਲੋਂ ਦੇਸ਼ਧ੍ਰੋਹ ਦੀ ਪਛਾਣ ਕੀਤੀ ਜਾਵੇਗੀ?**

ਬਹਿਸ ਦਾ ਇੱਕ ਹੋਰ ਹਾਸੋਹੀਣਾ




ਨੁਕਤਾ ਇਹ ਹੈ ਕਿ ਲੋਕ ਇਹ ਫੈਸਲਾ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਕੋਈ ਵਿਚਾਰ ਦੇਸ਼ ਵਿਰੋਧੀ ਹੈ ਜਾਂ ਨਹੀਂ, ਇਹ ਇਸ ਆਧਾਰ ’ਤੇ ਕੀਤਾ ਜਾਂਦਾ ਹੈ ਕਿ ਇਸਨੂੰ ਪੋਸਟ ਕਰਨ ਵਾਲਾ ਵਿਅਕਤੀ ਭਾਜਪਾ ਸਮਰਥਕ ਹੈ ਜਾਂ ਕਾਂਗਰਸ ਆਲੋਚਕ। ਪਰ ਕੀ ਭਾਰਤ ਦੀ ਅਖੰਡਤਾ ਨੂੰ ਪਾਰਟੀ ਨਾਲ ਜੋੜਿਆ ਜਾਣਾ ਚਾਹੀਦਾ ਹੈ? ਕੀ ਰਾਸ਼ਟਰੀ ਹਿੱਤ ਨੂੰ ਵੀ ਰਾਜਨੀਤਿਕ ਐਨਕਾਂ ਰਾਹੀਂ ਦੇਖਿਆ ਜਾਵੇਗਾ?

ਨਹੀਂ। ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਅਤੇ ਪਾਰਟੀ ਵਿਚਕਾਰ ਰੇਖਾ ਸਪੱਸ਼ਟ ਕੀਤੀ ਜਾਵੇ।

ਰਾਸ਼ਟਰ ਪਹਿਲਾਂ ਆਉਂਦਾ ਹੈ, ਵਿਚਾਰਧਾਰਾ, ਜਾਤ, ਧਰਮ ਜਾਂ ਪਾਰਟੀ ਨਹੀਂ।

ਕੋਈ ਵੀ ਪੋਸਟ ਜੋ ਭਾਰਤ ਦੀਆਂ ਸਰਹੱਦਾਂ, ਇਸਦੇ ਸੈਨਿਕਾਂ, ਇਸਦੀ ਨਿਆਂ ਪ੍ਰਣਾਲੀ ਜਾਂ ਲੋਕਤੰਤਰੀ ਸੰਸਥਾਵਾਂ ਵਿਰੁੱਧ ਬੇਬੁਨਿਆਦ ਦੋਸ਼ ਲਗਾ ਕੇ ਉਨ੍ਹਾਂ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰਦੀ ਹੈ, ਉਹ ਰਾਸ਼ਟਰ ਵਿਰੋਧੀ ਹੈ ਅਤੇ ਹੁਣ ਸਰਕਾਰ ਨੇ ਇਹ ਸਪੱਸ਼ਟ ਕਰ ਦਿੱਤਾ ਹੈ, ਅਜਿਹੀ ਸਮੱਗਰੀ ’ਤੇ ਤੁਰੰਤ ਪਾਬੰਦੀ ਲਗਾਈ ਜਾਵੇਗੀ।

**ਆਈ.ਟੀ. ਐਕਟ ਅਤੇ ਡਿਜੀਟਲ ਕੋਡ: ਕੋਈ ਹੋਰ ਛੋਟ ਨਹੀਂ**

ਆਈ.ਟੀ. ਐਕਟ 2000 ਅਤੇ ਡਿਜੀਟਲ ਮੀਡੀਆ ਐਥਿਕਸ ਕੋਡ 2021 ਹੁਣ ਸਿਰਫ਼ ਕਿਤਾਬਾਂ ਤੱਕ ਸੀਮਤ ਨਹੀਂ ਰਹਿਣਗੇ। ਜਿਹੜੇ ਲੋਕ ਇਹ ਮੰਨ ਰਹੇ ਸਨ ਕਿ ਔਨਲਾਈਨ ਦੁਨੀਆਂ ਦਾ ‘ਕੋਈ ਨਿਯਮ ਨਹੀਂ’ ਹੈ, ਉਨ੍ਹਾਂ ਨੂੰ ਹੁਣ ਜ਼ਮੀਨੀ ਹਕੀਕਤ ਦਾ ਸਾਹਮਣਾ ਕਰਨਾ ਪਵੇਗਾ।

### ਇਨ੍ਹਾਂ ਕਾਨੂੰਨਾਂ ਦੇ ਤਹਿਤ:

- ਦੇਸ਼ ਵਿਰੋਧੀ ਸਮੱਗਰੀ ਸਾਂਝੀ ਕਰਨ ਲਈ ਪਲੇਟਫਾਰਮ ਨੂੰ ਨੋਟਿਸ ਅਤੇ ਸਮੱਗਰੀ ਨੂੰ ਹਟਾਉਣ ਦੀ ਹਦਾਇਤ
- ਝੂਠੀਆਂ ਖ਼ਬਰਾਂ ਫੈਲਾਉਣ ਦੇ ਦੋਸ਼ ਹੇਠ ਮੁਕੱਦਮਾ ਦਰਜ
- ਭੁਗਤਾਨ ਕੀਤੇ ਪ੍ਰਚਾਰਾਂ ਨੂੰ ਖੁੱਲ੍ਹੇਆਮ ਦਿਖਾਉਣਾ ਲਾਜ਼ਮੀ ਹੈ
- ਵਿੱਤੀ ਜੁਰਮਾਨਾ ਅਤੇ ਭਾਰਤ ਵਿਰੋਧੀ ‘ਰੁਝਾਨਾਂ’ ਨੂੰ ਉਤਸ਼ਾਹਿਤ ਕਰਨ ’ਤੇ ਪਾਬੰਦੀ ਵਰਗੀ ਕਾਰਵਾਈ
- ਹੁਣ ਸਰਕਾਰ ਇਨ੍ਹਾਂ ਕਾਨੂੰਨੀ ਪ੍ਰਬੰਧਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਜਾ ਰਹੀ ਹੈ।

**ਇਹ ਇੱਕ ਦੇਸ਼ ਹੈ, ਕਹਾਣੀ ਦੀ ਪਿਚ ਨਹੀਂ!**

ਭਾਰਤ ਅਜਿਹਾ ਉਤਪਾਦ ਨਹੀਂ ਹੈ, ਜਿਸਨੂੰ ‘ਅੰਤਰਰਾਸ਼ਟਰੀ ਦ੍ਰਿਸ਼ਟੀਕੋਣ’ ਵਿਚ ਵੇਚਣ ਲਈ ਬਦਨਾਮ ਕਰਨ ਦੀ ਲੋੜ ਹੋਵੇ। ਇਹ ਦੇਸ਼ ਕਰੋੜਾਂ ਲੋਕਾਂ ਦੇ ਵਿਸ਼ਵਾਸ, ਭਾਵਨਾ ਅਤੇ ਸੰਘਰਸ਼ ਨਾਲ ਬਣਿਆ ਹੈ। ਕੋਈ ਵੀ ਵਿਅਕਤੀ ਜੋ ਸੋਚਦਾ ਹੈ ਕਿ ਉਹ ਇੱਕ ਟਵੀਟ ਜਾਂ ਰੀਲ ਨਾਲ ਦੇਸ਼ ਨੂੰ ਨਿਰਾਸ਼ ਕਰ ਸਕਦਾ ਹੈ, ਉਹ ਬਹੁਤ ਵੱਡੀ ਗਲਤੀ ਕਰ ਰਿਹਾ ਹੈ।

ਸੋਸ਼ਲ ਮੀਡੀਆ ’ਤੇ ਚੱਲ ਰਿਹਾ ਇਹ “ਦੇਸ਼ ਵਿਰੋਧੀ ਆਊਟਸੋਰਸਿੰਗ” ਹੁਣ ਜਾਰੀ ਨਹੀਂ ਰਹੇਗਾ।

### ਕਲਮ ਹੁਣ ਜ਼ਿੰਮੇਵਾਰ ਹੈ।

ਸਾਹਿਤ, ਪੱਤਰਕਾਰੀ, ਮੀਡੀਆ ਅਤੇ ਸਮਾਜਿਕ ਸਥਾਨ, ਇਹ ਸਾਰੇ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਹਨ। ਪਰ ਜਦੋਂ ਇਹੀ ਪਲੇਟਫਾਰਮ ਵਿਦੇਸ਼ੀ ਏਜੰਡਿਆਂ ਜਾਂ ਰਾਜਨੀਤਿਕ ਨਫ਼ਰਤ ਨਾਲ ਸੰਕਰਮਿਤ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਸ਼ੁੱਧ ਕਰਨਾ ਰਾਸ਼ਟਰੀ ਸੁਰੱਖਿਆ ਦਾ ਹਿੱਸਾ ਬਣ ਜਾਂਦਾ ਹੈ।

ਹੁਣ ਸਮਾਂ ਆ ਗਿਆ ਹੈ ਕਿ ਕਲਮ ਦੀ ਵਰਤੋਂ ਵੀ ਜ਼ਿੰਮੇਵਾਰੀ ਨਾਲ ਕੀਤੀ ਜਾਵੇ।

ਹਰ ਪੋਸਟ ਤੋਂ ਪਹਿਲਾਂ, ਹਰ ਟਵੀਟ ਤੋਂ ਪਹਿਲਾਂ, ਹਰ ਵੀਡੀਓ ਤੋਂ ਪਹਿਲਾਂ, ਆਪਣੇ ਆਪ ਤੋਂ ਪੁੱਛੋ, ਕੀ ਇਹ ਮੇਰੇ ਦੇਸ਼ ਦੇ ਹੱਕ ਵਿਚ ਹੈ ਜਾਂ ਇਸਦੇ ਵਿਰੁੱਧ?

ਜੇਕਰ ਜਵਾਬ ਸਪੱਸ਼ਟ ਨਹੀਂ ਹੈ, ਤਾਂ ਪੋਸਟ ਨਾ ਕਰੋ।

### ਸਮਾਪਤੀ ਵਿਚ ਇੱਕ ਹੋਰ ਗੱਲ:-

ਇਹ ਦੇਸ਼ ਬਹਿਸ ਤੋਂ ਨਹੀਂ ਡਰਦਾ। ਪਰ ਸਾਜ਼ਿਸ਼ ਚੁੱਪ ਨਹੀਂ ਰਹੇਗੀ।

ਹੁਣ ਉਹ ਯੁੱਗ ਖਤਮ ਹੋ ਗਿਆ ਹੈ, ਜਦੋਂ ਲੋਕ ਕੌਮ ਨੂੰ ਗਾਲ੍ਹਾਂ ਕੱਢ ਕੇ ‘ਪ੍ਰਸਿੱਧੀ’ ਹਾਸਲ ਕਰਦੇ ਸਨ।

ਹੁਣ ਜਵਾਬ ਦਿੱਤਾ ਜਾਵੇਗਾ, ਸਖ਼ਤ, ਕਾਨੂੰਨੀ ਅਤੇ ਤੁਰੰਤ।

# ਸੋਸ਼ਲ ਮੀਡੀਆ : ਕੀ ਫਾਇਦੇ, ਕੀ ਨੁਕਸਾਨ?

-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA



ਸਿੱਕੇ ਦੇ ਦੋਹਾਂ ਪਹਿਲੂਆਂ ਵਾਂਗ ਸੋਸ਼ਲ ਮੀਡੀਆ ਦੇ ਵੀ ਫਾਇਦੇ ਤੇ ਨੁਕਸਾਨ ਹਨ। ਸੋਸ਼ਲ ਮੀਡੀਆ ਨੇ ਲੋਕਾਂ ਦੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ ਹੈ ਤੇ ਉਨ੍ਹਾਂ ਦਾ ਦਾਇਰਾ ਵੀ ਬਹੁਤ ਵਧਿਆ ਹੈ। ਹੁਣ ਕੋਈ ਵੀ ਸੁਨੇਹਾ ਜਾਂ ਖਬਰ ਪਲਕ ਝਪਕਦਿਆਂ ਲੋਕਾਂ ਤੱਕ ਪਹੁੰਚ ਜਾਂਦੀ ਹੈ। ਸੋਸ਼ਲ ਮੀਡੀਆ ਦੇ ਜ਼ਰੀਏ ਦੇਸ਼-ਵਿਦੇਸ਼ ਬੈਠੇ ਲੋਕ ਆਪਣੇ ਰਿਸ਼ਤੇਦਾਰਾਂ ਨਾਲ ਵੀਡੀਓ ਕਾਲਿੰਗ ਕਰਨ ਲੱਗੇ ਹਨ। ਇਹ ਪੜ੍ਹਾਈ ਕਰਨ ਲਈ ਬਹੁਤ ਸਹਾਇਕ ਹੈ ਤੇ ਵਪਾਰੀ ਆਪਣੇ ਵਪਾਰ ਦਾ ਪ੍ਰਚਾਰ ਕਰ ਕੇ ਇਸ ਨੂੰ ਵਧਾ ਸਕਦੇ ਹਨ। ਫੇਸਬੁੱਕ, ਟਵਿੱਟਰ, ਸਨੈਪਚੈਟ ਤੇ ਇੰਸਟਾਗ੍ਰਾਮ ਜਿਹੀਆਂ ਸੋਸ਼ਲ ਸਾਈਟਾਂ ਨੌਜਵਾਨਾਂ ਦੀ ਰੋਜ਼ਮਰਾ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕੀਆਂ ਹਨ। ਸੋਸ਼ਲ ਮੀਡੀਆ ਕਾਰਨ ਲੋਕ ਜਾਗਰੂਕ ਹੋ ਰਹੇ ਹਨ ਤੇ ਅੱਜ ਲੱਗਭਗ ਹਰ ਖੇਤਰ ਵਿਚ ਇਸ ਦਾ ਉਪਯੋਗ ਹੋ ਰਿਹਾ ਹੈ। ਸੋਸ਼ਲ ਮੀਡੀਆ ਨੇ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹ ਲਿਆ ਹੈ, ਜੋ ਕਿ ਇਸ ਦਾ ਸਭ ਤੋਂ ਵੱਡਾ ਨੁਕਸਾਨ ਹੈ। ਇਸ ਦੀ ਜ਼ਰੂਰਤ ਤੋਂ ਵੱਧ ਵਰਤੋਂ ਸਮੇਂ, ਸਿਹਤ ਤੇ ਪੈਸੇ ਦੀ ਬਰਬਾਦੀ ਹੈ। ਸੋਸ਼ਲ ਮੀਡੀਆ ਰਾਹੀਂ ਕਿਤੇ ਦੂਰ ਬੈਠੇ ਹੈਕਰ ਕਿਸੇ ਦੇ ਬੈਂਕ ਖਾਤੇ ਨਾਲ ਛੇੜਛਾੜ ਕਰ ਕੇ ਠੱਗੀ ਵੀ ਮਾਰ ਸਕਦੇ ਹਨ। ਮੁੱਕਦੀ ਗੱਲ ਇਹ ਹੈ ਕਿ ਸੋਸ਼ਲ ਮੀਡੀਆ ਦੀ ਵਰਤੋਂ, ਸਮਾਂ ਹੱਦ ਨਿਸ਼ਚਿਤ ਕਰਦੇ ਹੋਏ ਸਾਵਧਾਨੀ ਨਾਲ ਕਰਨੀ ਚਾਹੀਦੀ ਹੈ, ਤਾਂ ਜੋ ਇਸ ਦੇ ਫਾਇਦਿਆਂ ਤੋਂ ਲਾਹਾ ਲਿਆ ਜਾ ਸਕੇ ਤੇ ਨੁਕਸਾਨਾਂ ਤੋਂ ਬਚਿਆ ਜਾ ਸਕੇ।



# “ਬੋਲਿਆਂ ਦਾ ਟੱਬਰ”

## ਹਾਸ ਵਿਅੰਗ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਬੰਤੂ ਹੋਰਾਂ ਨੂੰ ਸਾਰਾ ਪਿੰਡ ਬੋਲੇ ਕਹਿ ਕੇ ਲੋਕ ਗਲਤੀ ਨਹੀਂ ਸੀ ਕਰਦੇ ਕਿਉਂਕਿ ਉਹ ਹੈ ਈ ਬੋਲੇ ਸਨ। ਇੱਕ ਵਾਰ ਬੰਤੂ ਬੋਲਾ ਹਲ ਵਾਹ ਰਿਹਾ ਸੀ, ਕੋਲੋਂ ਦੀ ਪੁਲਿਸ ਵਾਲੇ ਲੰਘੇ। ਥਾਣੇਦਾਰ ਨੇ ਪੁੱਛਿਆ, ਉਹ ਹਾਲੀਆ ਫਲਾਣੇ ਪਿੰਡ ਨੂੰ ਰਾਹ ਇਹੋ ਜਾਂਦੈ? ਬੰਤੂ ਨੂੰ ਕੁਝ ਸਮਝ ਨਾ ਆਈ, ਕਹਿੰਦਾ, ਮੱਤੀਆਂ ਵਾਲਿਉ ਚੋਰੀ ਦੇ ਨਹੀਂ, ਇਹ ਢੱਗੇ ਮੇਰੇ ਆਪਣੇ ਹਨ, ਇਹ ਲਾਖਾ ਸਾਡਾ ਘਰ ਦਾ ਪਾਲਿਆ ਹੋਇਆ ਹੈ ਅਤੇ ਆਹ ਸਾਵਾ ਮੇਰੇ ਸਹੁਰਿਆਂ ਨੇ ਦਿੱਤਾ ਸੀ। ਬੋਲੇ ਦਾ ਜਵਾਬ ਸੁਣ ਥਾਣੇਦਾਰ ਸਾਹਿਬ ਦੀ ਥਾਣੇਦਾਰੀ ਜਾਗੀ ਤੇ ਦੋ ਬੈਂਤ ਉਹਦੇ ਲੱਕ ’ਤੇ ਟਿਕਾ ਦਿੱਤੇ। ਪੁਲਿਸ ਗਈ ਤੇ ਬੰਤੂ ਦੀ ਘਰਵਾਲੀ ਉਸ ਦਾ ਸ਼ਾਹ ਵੇਲਾ ਲੈ ਆ ਗਈ। ਸੜੇ-ਬਲੇ ਬੰਤੂ ਨੇ ਦੋ ਪ੍ਰੈਣੀਆਂ ਉਸ ਨੂੰ ਟਿਕਾ ਦਿੱਤੀਆਂ, ਕਹਿੰਦਾ, ਆਪਣੇ ਪਿਉ ਨੂੰ ਪੁੱਛੀਂ ਇਹ ਚੋਰੀ ਦਾ ਬਲਦ ਮੈਨੂੰ ਈ ਦੇਣਾ ਸੀ, ਮੈਂ ਕਿਹੜਾ ਮੰਗਿਆ ਸੀ। ਸੜੀ-ਬਲੀ ਬੰਤੂ ਦੀ ਘਰ ਵਾਲੀ ਨੇ ਜਾਕੇ ਆਪਣੀ ਸੱਸ ਦਾ ਰੋਟੀਆਂ ਵਾਲਾ ਚੰਗੇਰ ਖਿਲਾਰ ਦਿੱਤਾ, ਕਹਿੰਦੀ, ਰੋਟੀ ਟਾਈਮ ਨਾਲ ਪਕਾ ਦਿੰਦੀ ਤੇ ਮੈਨੂੰ ਲਿੱਤਰ ਨਾ ਪੈਂਦੇ। ਸੱਸ ਨੇ ਚੁੱਕਿਆ ਛੱਜ ਤੇ ਆਪਣੇ ਘਰਵਾਲੇ ਦੇ ਮੌਰਾਂ ’ਤੇ ਜਾ ਮਾਰਿਆ, ਚੌਰਿਆ ਜੇ ਚੱਜ ਨਾਲ ਦਾਣਿਆਂ ਦਾ ਪੀਹਣ ਕੀਤਾ ਹੁੰਦਾ, ਤਾਂ ਰੋਟੀ ਆਪੇ ਚੰਗੀ ਪੱਕਦੀ ਭਲੇ ਨੂੰ ਸੀ ਤਾਂ ਉਹ ਵੀ ਬੋਲਾ, ਜੋ ਕਿ ਮੰਜੀ ਬੁਣ ਰਿਹਾ ਸੀ, ਨੇ ਦਾਤਰੀ ਫੜ੍ਹੀ ਤੇ ਸਾਰਾ ਵਾਣ ਵੱਢ ਸੁੱਟਿਆ, ਕਹਿੰਦਾ, ਜੇ ਮੈਂ ਚੰਗੀ ਨਹੀਂ ਬੁਣਦਾ ਤੇ ਜਾ ਜਿਹੜਾ ਚੰਗੀ ਬੁਣਦਾ ਹੈ, ਉਸ ਕੋਲੋਂ ਬੁਣਵਾ ਲੈ। ਕੁਝ ਇਹੋ ਜਿਹੇ ਹਾਲਾਤ ਸਾਡੇ ਬਣੇ ਹੋਏ ਹਨ। ਕਿਸਾਨ ਕੁਝ ਕਹਿੰਦੇ ਹਨ, ਲੀਡਰ ਕੁਝ ਕਹਿ ਦੇਂਦੇ ਸਨ, ਸਰਕਾਰ ਕੁਝ ਕਹਿੰਦੀ ਹੈ ਤੇ ਪੁਲਿਸ ਕੁਝ ਹੋਰ ਕਰ ਦੇਂਦੀ ਹੈ, ਸਾਰੇ ਪਾਸੇ ਬੋਲਿਆਂ ਦੇ ਟੱਬਰ ਵਾਲੇ ਹਾਲਾਤ ਹਨ।

# ਪੁਰਾਤਨ ਅਤੇ ਅਜੋਕੀ ਕਥਾ ਪ੍ਰੰਪਰਾ ਦਾ ਅੰਤਰਾਤਮਿਕ ਭੇਦ

-ਦਿਲਜੀਤ ਸਿੰਘ ਬੇਦੀ

ਮੋ: 76579-68570

ਪੰਜਾਬ ਮੇਲ USA



ਕਥਾ ਸ਼ਬਦ ਦੇ ਸਨਮੁੱਖ ਹੁੰਦਿਆਂ ਹੀ ਗੁਰਦੁਆਰਾ ਜਾਂ ਹੋਰ ਧਰਮਾਂ ਦੇ ਧਾਰਮਿਕ ਅਸਥਾਨ ਦਾ ਸਰੂਪ ਜਾਂ ਧਾਰਮਿਕ ਸਮਾਗਮ ਦਾ ਚਿਹਰਾ ਮੁਹਰਾ ਪ੍ਰਗਟ ਹੋ ਜਾਂਦਾ ਹੈ। ਪੁਰਾਤਨ ਸਮੇਂ ਤੋਂ ਗੁਰੂ ਘਰਾਂ ਵਿਚ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਆਏ ਮੁਖਵਾਕ ਦੀ "ਕਥਾ" ਗਿਆਨੀਆਂ ਵੱਲੋਂ ਕੀਤੀ ਜਾਂਦੀ ਹੈ। ਵੈਸੇ ਵੀ ਕਹਾਣੀ ਨੂੰ ਕਥਾ ਸੰਗਿਆਂ 'ਚ ਬਿਆਨ ਕਰਨ ਦਾ ਰਿਵਾਜ਼ ਪੁਰਾਤਨ ਹੈ। ਸਿੱਖ ਧਰਮ ਅੰਦਰ ਧਰਮ ਸਾਲ ਅੰਦਰ ਇਹ ਪ੍ਰੰਪਰਾ ਰਹੀ ਹੈ। ਭਾਈ ਕਾਹਨ ਸਿੰਘ ਨਾਭਾ, ਡਾ. ਰਤਨ ਸਿੰਘ ਜੱਗੀ, ਡਾ. ਜੋਧ ਸਿੰਘ, ਡਾ. ਰਛਪਾਲ ਸਿੰਘ ਗਿੱਲ ਤੋਂ ਇਲਾਵਾ ਵੀ ਕੋਸ਼ਕਾਰੀ ਤੇ ਇਤਿਹਾਸ ਸਿਰਜਣ ਵਾਲੇ ਵਿਦਵਾਨਾਂ ਨੇ ਇਸ ਵਿਸ਼ਾ ਵਸਤੂ ਸਬੰਧੀ ਵੱਖ-ਵੱਖ ਵਿਚਾਰ ਅੰਕਿਤ ਕੀਤੇ ਹਨ ਪਰ ਮਿਲਦੇ ਹਵਾਲਿਆਂ ਤੋਂ ਜ਼ਾਹਿਰ ਹੈ ਕਿ ਪੰਜਾਬੀ ਕਥਾ ਪ੍ਰੰਪਰਾ ਦਾ ਇਤਿਹਾਸ ਆਮ ਤੌਰ 'ਤੇ ਭਾਵੇਂ ਰਿਗਵੇਦ ਵਿਚ ਮਿਲਦੀਆਂ ਕਥਾਵਾਂ ਨਾਲ ਆਰੰਭ ਹੋਇਆ ਮੰਨਿਆ ਜਾਂਦਾ ਹੈ ਪਰ ਇਸ ਗੱਲ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਵਿਚ ਆਰੀਆ ਜਾਤੀ ਤੋਂ ਪਹਿਲਾਂ ਵੀ ਇਕ ਉੱਨਤ ਤੇ ਗੌਰਵਮਈ ਸੰਸਕ੍ਰਿਤੀ ਪ੍ਰਫੁੱਲਤ ਸੀ, ਜਿਸ ਦੀ ਹੋਂਦ ਹੜੱਪਾ ਦੇ ਖੰਡਰਾਂ ਦੀ ਖੁਦਾਈ ਨਾਲ ਉਜਾਗਰ ਹੋਈ।

ਕਥਾ ਸੰਸਕ੍ਰਿਤ ਭਾਸ਼ਾ ਦੇ ਕਥ ਧਾਤੂ ਤੋਂ ਬਣੇ ਇਸ ਦਾ ਸ਼ਾਬਦਿਕ ਅਰਥ ਹੈ ਵਰਣਨ ਜਾਂ ਵਿਆਖਿਆ ਜਾਂ ਪ੍ਰਸੰਗ। ਧਾਰਮਿਕ ਰਮਜ਼ਾਂ ਜਾਂ ਵਿਸ਼ਿਆਂ ਨੂੰ, ਜੋ ਕਈ ਵਾਰ ਸੰਖਿਪਤ ਜਾਂ ਸੰਕੇਤਿਕ ਰੂਪ ਵਿਚ ਹੁੰਦੇ ਹਨ, ਸਪੱਸ਼ਟ ਕਰਨ ਲਈ ਜੋ ਬਿਰਤਾਂਤ ਦਿੱਤਾ ਜਾਂਦਾ ਹੈ, ਉਸ ਨੂੰ ਵੀ 'ਕਥਾ' ਕਿਹਾ ਜਾਂਦਾ ਹੈ। ਇਸ ਲਈ 'ਵਾਰਤਾ' ਸ਼ਬਦ ਵੀ ਵਰਤਿਆ ਜਾਂਦਾ ਹੈ। ਮਹਾਭਾਰਤ, ਪੁਰਾਣ ਸਾਹਿਤ ਆਦਿ ਨੂੰ ਕਥਾਵਾਂ ਦੇ ਸੰਗ੍ਰਹਿ ਹੀ ਮੰਨਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਪ੍ਰਮਾਣ ਮਿਲਦੇ ਹਨ ਕਿ ਗੁਰਬਾਣੀ ਦੀ ਵਿਆਖਿਆ ਨਾਲੋਂ-ਨਾਲ ਸਿੱਖ ਧਰਮਸ਼ਾਲਾਵਾਂ ਵਿਚ ਸ਼ੁਰੂ ਹੋ ਗਈ ਸੀ। ਮਾਝ ਰਾਗ ਵਿਚ ਆਪ ਜੀ ਨੇ ਉਚਾਰਿਆ ਹੈ ਕਿ ਪ੍ਰਮਾਤਮਾ ਦੇ ਗੁਣ ਗਾਉਣ ਨਾਲ ਮਨ ਪ੍ਰਸੰਨ ਹੁੰਦਾ ਹੈ ਅਤੇ ਕਥਾ ਸੁਣਨ ਨਾਲ ਮਨ ਦੀ ਮੈਲ ਉਤਰ ਜਾਂਦੀ ਹੈ। ਸਦਾ ਸਾਧ-ਸੰਗਤ ਵਿਚ ਜਾ ਕੇ ਪ੍ਰਮਾਤਮਾ ਦੇ ਨਾਮ ਦਾ ਜਾਪ ਕਰਨਾ ਚਾਹੀਦਾ ਹੈ:

ਗੁਣ ਗਾਵਤ ਮਨੁ ਹਰਿਆ ਹੋਵੈ। ਕਥਾ ਸੁਣਤ ਮਲੁ ਸਗਲੀ ਖੋਵੈ।

ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ। (ਗੁ.ਗ੍ਰੰ. : 104)

ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਦ ਤਾਂ ਬਾਣੀ ਦੀ ਕਥਾ ਕਰਨ ਦੀ ਇਕ ਪ੍ਰੰਪਰਾ ਹੀ ਚੱਲ ਪਈ। ਆਮ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਕੋਈ ਸ਼ਬਦ ਲੈ ਕੇ ਕੋਈ ਕਥਾਕਾਰ ਉਸ ਦੀ ਵਿਆਖਿਆ ਕਰਦਾ ਹੈ। ਅਜਿਹਾ ਕਰਨ ਵੇਲੇ ਉਹ ਉਸ ਸ਼ਬਦ ਵਿਚ ਆਏ ਮੁੱਖ ਸਰੋਕਾਰਾਂ ਨੂੰ ਸਪੱਸ਼ਟ ਕਰਨ ਲਈ ਅਨੇਕ ਪ੍ਰਕਾਰ ਦੇ ਉਦਾਹਰਣ, ਸਾਖੀਆਂ ਆਦਿ ਦਾ ਬਿਰਤਾਂਤ ਦਿੰਦਾ ਹੈ ਅਤੇ ਗੁਰਬਾਣੀ ਜਾਂ ਭਾਈ ਗੁਰਦਾਸ ਬਾਣੀ ਜਾਂ ਦਸਮ-ਗ੍ਰੰਥ ਤੋਂ ਟੂਕਾਂ ਜਾਂ ਹਵਾਲੇ ਦੇ ਕੇ ਸਿੱਧਾਂਤਾਂ ਨੂੰ ਸਪੱਸ਼ਟ ਅਤੇ ਸੰਪੁਸ਼ਟ ਕਰਦਾ ਹੈ। ਸਿੱਖ-ਇਤਿਹਾਸ ਤੋਂ ਵੀ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਕਥਾ ਆਮ ਕਰਕੇ ਜ਼ੁਬਾਨੀ ਹੁੰਦੀ ਹੈ ਅਤੇ ਹਵਾਲੇ ਵੀ ਕਥਾਕਾਰ ਜ਼ੁਬਾਨੀ ਹੀ ਦਿੰਦਾ ਹੈ। ਟੀਕੇ, ਸ਼ਬਦਾਰਥ, ਭਾਸ਼ਾ ਲੋੜ ਦੀਆਂ ਲਿਖਿਤ ਵਿਸਤ੍ਰਿਤੀਆਂ ਹਨ।

ਇਸ ਪ੍ਰਾਚੀਨ ਸੰਸਕ੍ਰਿਤੀ ਦੀ ਹੋਂਦ ਦੇ ਪਹਿਲੇ ਪ੍ਰਮਾਣ ਪੱਛਮੀ ਪੰਜਾਬ ਦੇ ਮਿੰਟਗੁਮਰੀ ਜ਼ਿਲ੍ਹੇ (ਪਾਕਿਸਤਾਨ) ਵਿਚ ਰਾਵੀ ਦਰਿਆ ਦੇ ਕੰਢੇ, ਅਜੋਕੇ ਹੜੱਪਾ ਦੇ ਖੰਡਰਾਂ ਵਿਚੋਂ ਮਿਲੇ ਹੋਣ ਕਰਕੇ ਇਸ ਸੰਸਕ੍ਰਿਤੀ ਨੂੰ ਹੜੱਪਾ ਸੰਸਕ੍ਰਿਤੀ ਕਿਹਾ ਜਾਣ ਲੱਗਾ। ਥੇਹ ਵਿਚੋ ਮਿਲੇ ਚਿੱਤਰ ਕਿਸੇ ਨਾ ਕਿਸੇ ਮਿਥਿਹਾਸਕ ਪਾਤਰ ਜਾ ਕਥਾ-ਖੰਡ ਨੂੰ ਰੂਪਮਾਨ ਕਰਦੇ ਹਨ। ਇਨ੍ਹਾਂ ਚਿੱਤਰਾਂ ਦੀ ਕਲਾ-ਅਨੁਭੂਤੀ ਤੋਂ ਸਪੱਸ਼ਟ ਹੈ ਕਿ ਹੜੱਪਾ ਵਾਸੀਆਂ ਵਿਚ ਇਕ ਪ੍ਰੌੜ ਕਿਸਮ ਦੀ ਕਥਾ ਪ੍ਰੰਪਰਾ ਪ੍ਰਚਲਿਤ ਸੀ।

ਇਸ ਯੁੱਗ ਦੀ ਕਥਾ ਬਿਰਤਾਂਤਕ ਰੂਪ ਵਿਚ ਉਪਲੱਭਧ ਨਾ ਹੋਣ ਕਰਕੇ ਵਸਤਾਂ 'ਤੇ ਉਕਰੇ ਚਿੱਤਰਾਂ ਦੀ ਕਥਾ ਬਾਰੇ ਕਿਸੇ ਸਿੱਟੇ 'ਤੇ ਪਹੁੰਚਣਾ ਔਖਾ ਹੈ, ਕਈ ਚਿੱਤਰਾਂ ਤੋਂ ਭਾਵੇਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦਾਨਵਾਂ ਤੋਂ ਦੇਵ ਵਸਤੂਆਂ ਦੀ ਰੱਖਿਆ ਹੀ ਇਨ੍ਹਾਂ ਦਾ ਮੂਲ ਉਦੇਸ਼ ਸੀ।

ਹੜੱਪਾ ਕਥਾ ਪ੍ਰੰਪਰਾ ਤੋ ਬਾਅਦ ਦੂਜੀ ਪ੍ਰਸਿੱਧ ਪ੍ਰੰਪਰਾ ਆਰਿਆ ਦੀ ਹੈ, ਜਿਸ ਨੇ ਹੜੱਪਾ ਸੰਸਕ੍ਰਿਤੀ ਦੀਆਂ ਕਈ ਰੂੜੀਆਂ ਅਤੇ ਤੱਤਾਂ ਨੂੰ ਇਨ-ਬਿਨ ਤੇ ਜਾਂ ਰਤਾ ਕੁ ਬਦਲਵੇਂ ਰੂਪ ਵਿਚ ਗ੍ਰਹਿਣ ਕੀਤਾ ਕਿਉਂਕਿ ਵਿਦਵਾਨਾਂ ਦੇ ਮਤ ਅਨੁਸਾਰ ਪੰਜਾਬ ਹੀ ਆਰੀਆ ਜਾਤੀ ਦੇ ਮੁੱਢਲੇ ਨਿਵਾਸ ਸਥਾਨਾਂ ਵਿਚੋਂ ਇਕ ਸੀ ਤੇ ਭਾਰਤ ਵਿਚ ਆਰੀਆ ਜਾਤੀ ਤੇ ਇਸ ਦੀ ਬੋਲੀ ਦਾ ਪਸਾਰ ਪੰਜਾਬ ਵਿਚੋਂ ਹੀ ਹੋਇਆ। ਆਰਿਆ ਦੀ ਕਥਾ-ਪ੍ਰੰਪਰਾ ਵਿਚ ਮੁਲਤਾਨ ਵਿਚ ਹੜੱਪਾ ਦੇ ਨੇੜੇ ਪ੍ਰਗਟ ਹੋਇਆ ਇਕ ਪਾਤਰ ਨਰਸਿੰਘ ਹੈ, ਜੋ ਉਸ ਯੁੱਗ ਦੀਆਂ ਮੋਹਰਾਂ 'ਤੇ ਅੰਕਿਤ ਮਿਲਦਾ ਹੈ। ਪੁਰਾਣਾਂ ਵਿਚੋਂ ਇਹੋ ਪਾਤਰ ਵਿਸ਼ਨੂੰ ਦੇ ਇਕ ਅਵਤਾਰ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਇਆ।

ਆਰਿਆਈ ਪ੍ਰੰਪਰਾ ਤੇ ਬਾਅਦ ਰਿਗਵੇਦ ਦੀਆਂ ਕਥਾਵਾਂ ਆਉਂਦੀਆਂ ਹਨ। ਰਿਗਵੇਦ ਦੀਆਂ ਮੁੱਢਲੀਆਂ ਰਚਨਾਵਾਂ ਸਿੰਧ ਸਾਗਰ ਦੁਆਬ ਵਿਚ, ਜਿਹਲਮ ਅਤੇ ਸੁਆ ਦੇ ਕੰਢਿਆਂ ਉਪਰ ਹੀ ਰਚੀਆਂ ਗਈਆਂ। ਰਿਗਵੇਦ ਦੁਆਰਾ ਪੰਜਾਬੀ ਕਹਾਣੀ ਨੇ ਆਦਿ ਰੂਪ ਵਿਚ ਲਿਖਤੀ ਜਾਮਾ ਪਹਿਨਿਆ। ਰਿਗਵੇਦ ਵਿਚ ਸੰਕੇਤ ਰੂਪ ਵਿਚ ਉਪਲੱਬਧ ਕਥਾਵਾਂ ਮੂਲ ਰੂਪ ਵਿਚ ਪੰਜਾਬ ਦੀ ਹੀ ਆਰਿਆਈ ਪ੍ਰੰਪਰਾ ਹੈ। ਰਿਗਵੇਦ ਵਿਚ ਰਿਸ਼ੀ ਸੋਭਰੀ ਦੀ ਕਥਾ ਸੰਕੇਤ ਰੂਪ ਵਿਚ ਮਿਲਦੀ ਹੈ, ਜਿਸ ਨੂੰ ਲਿਖਤੀ ਰੂਪ ਵਿਚ ਉਪਲੱਬਧ ਪੰਜਾਬ ਦੀ ਪ੍ਰਾਚੀਨਤਮ ਕਥਾ ਕਿਹਾ ਜਾ ਸਕਦਾ ਹੈ। ਇਸ ਕਥਾ ਵਿਚ ਕਈ ਜਿਸਮ ਧਾਰਣ ਕਰਨ ਦੀ ਤੇ ਰੂਪ ਬਦਲਣ ਦੀ ਕਥਾਨਿਕ ਰੂੜੀ ਦ੍ਰਿਸ਼ਟੀਮਾਨ ਹੈ। ਇਸੇ ਤਰ੍ਹਾਂ ਦੀ ਇਕ ਕਥਾ ਹੈ, ਨਾਸਕੇਤ ਦੀ ਕਥਾ, ਜਿਸ ਦਾ ਬੜਾ ਵੱਡਾ ਮਹਾਤਮ ਦੱਸਿਆ ਗਿਆ ਹੈ। ਲੋਕ ਪ੍ਰਚਲਿਤ ਵਿਸ਼ਵਾਸ ਅਨੁਸਾਰ ਇਹ ਕਥਾ ਸੁਣਨ ਉਪਰੰਤ ਰਾਜੇ ਜਨਮੇਜੇ ਦਾ ਕੋੜ੍ਹ ਦਾ ਰੋਗ ਦੂਰ ਹੋ ਗਿਆ ਸੀ।

ਰਿਗਵੇਦ ਪੰਜਾਬੀਆਂ ਦਾ ਸਾਂਸਕ੍ਰਿਤਕ ਵਿਰਸਾ ਹੋਣ ਕਰਕੇ ਇਸ ਦੀਆਂ ਕਥਾਵਾਂ ਪੰਜਾਬੀਆਂ ਦੇ ਜੀਵਨ ਦਾ ਅਨਿੱਖੜਵਾਂ ਅੰਗ ਰਹੀਆਂ ਹਨ। ਇਸੇ ਕਰਕੇ ਇਨ੍ਹਾਂ ਕਥਾਵਾਂ ਦੇ ਲਿਖਤੀ ਤੇ ਮੌਖਿਕ ਦੋਵੇਂ ਰੂਪ ਮੱਧ ਕਾਲੀਨ ਪੰਜਾਬੀ ਕਥਾ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ।

ਪੁਰਾਣਾਂ ਦੀ ਰਚਨਾ ਵੇਦਾਂ ਤੋਂ ਬਾਅਦ ਹੋਈ। ਇਨ੍ਹਾਂ ਦੀ ਸਾਰੀ ਸਮੱਗਰੀ ਲੋਕ ਮਨ ਦੀ ਅਭਿਵਿਅਕਤੀ ਹੋਣ ਕਰਕੇ ਇਹ ਇਨ੍ਹਾਂ ਦੀ ਰਚਨਾ ਤੋਂ ਬਾਅਦ ਵੀ ਪਹਿਲਾਂ ਵਾਂਗ ਹੀ ਲੋਕਾਂ ਦੇ ਮਨਾਂ ਵਿਚ ਘਰ ਕਰੀ ਬੈਠੀ ਹੈ। ਪੁਰਾਣ ਪੰਜਾਬੀਆ ਦਾ ਲੋਕ ਵਿਰਸਾ ਹੋਣ ਕਰਕੇ ਲੋਕਾਂ ਦੇ ਸਾਂਸਕ੍ਰਿਤਕ ਦੇ ਸਮਾਜਿਕ ਜੀਵਨ ਵਿਚ ਇਨ੍ਹਾਂ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਮੱਧਕਾਲ ਵਿਚ ਵਿਸ਼ਨੂੰ ਪੁਰਾਣ, ਮਾਰਕੰਡੇ ਪੁਰਾਣ, ਭਾਗਵਤ ਪੁਰਾਣ ਆਦਿ ਕਈ ਵਾਰ ਪੰਜਾਬੀ ਵਿਚ ਅਨੁਵਾਦ ਹੋ ਚੁੱਕੇ ਹਨ। ਇਨ੍ਹਾਂ ਵਿਚ ਦਰਜ਼ ਹਰੀਸ਼ ਚੰਦਰ, ਧਰੂ ਭਗਤ, ਗੌਤਮ-ਅਹੱਲਿਆ, ਨਾਰਦ, ਵਿਸਵਾਮਿਤ੍ਰ ਆਦਿ ਦੀਆਂ ਕਥਾ ਕਹਾਣੀਆ ਲੋਕ ਚੇਤਨਾ ਵਿਚ ਗਹਿਰੀਆ ਸਮਾਈਆਂ ਹੋਈਆ ਹਨ।

ਸੰਸਕ੍ਰਿਤ ਕਥਾ-ਕਹਾਣੀ ਦੇ ਕੁਝ ਹੋਰ ਗ੍ਰੰਥ ਜੋ ਪੰਜਾਬੀਆਂ ਨੂੰ ਸਾਂਸਕ੍ਰਿਤਕ ਵਿਰਸੇ ਵਿਚ ਮਿਲੇ, ਪੰਜਾਬੀ ਕਥਾ ਪ੍ਰੰਪਰਾ ਦੇ ਗੌਰਵਮਈ ਭਾਗ ਹਨ। ਇਨ੍ਹਾਂ ਵਿਚੋਂ ਪੰਚਤੰਤਰ, ਹਿਤੋਪਦੇਸ਼, ਬ੍ਰਿਹਤ ਕਥਾ, ਕਥਾ ਸਹਿਤ ਸਾਗਰ, ਬੇਤਾਲ ਪਚੀਸੀ, ਸਿੰਘਾਸਨ ਬਤੀਸੀ, ਸੁਕਾਂ ਸਪਤੀ ਵਰਣਨਯੋਗ ਹਨ। ਪੰਜਾਬ ਦੀ ਕਥਾ ਪ੍ਰੰਪਰਾ ਤੇ ਬੋਧੀ ਜਾਤਕ, ਅਵਦਾਨ ਪ੍ਰੰਪਰਾ ਅਤੇ ਜੈਨ ਕਥਾ ਪ੍ਰੰਪਰਾ ਦਾ ਵੀ ਕਾਫ਼ੀ ਪ੍ਰਭਾਵ ਪਿਆ। 'ਬੋਧ ਜਾਤਕ' ਮਹਾਤਮਾ ਬੁੱਧ ਦੇ ਪੂਰਬਲੇ ਜਨਮਾਂ ਨਾਲ ਸਬੰਧਤ ਕਹਾਣੀਆਂ ਹਨ। ਜਾਤਕ 547 ਕਥਾਵਾਂ ਦਾ ਸੰਗ੍ਰਹਿ ਹੈ। ਇਹ ਕਥਾਵਾਂ ਬੜੀਆਂ ਪ੍ਰਾਚੀਨ ਹਨ ਤੇ ਹੜੱਪਾ ਸੰਸਕ੍ਰਿਤੀ ਨਾਲ ਰਲਦੀਆਂ ਮਿਲਦੀਆਂ ਹਨ।

ਕਾਫ਼ੀ ਕਥਾਵਾਂ ਜੈਨ ਸਾਹਿਤ ਵਿਚੋਂ ਵੀ ਵੇਖਣ ਨੂੰ ਮਿਲਦੀਆਂ ਹਨ। ਜੈਨੀਆਂ ਲਈ ਕਥਾ ਬਾਣੀ ਦੇ ਦਰਜੇ ਬਰਾਬਰ ਮੰਨੀ ਜਾਂਦੀ ਹੈ। ਇਨ੍ਹਾਂ ਨੇ ਧਾਰਮਿਕ ਤੇ ਨੈਤਿਕ ਭਾਵਨਾਵਾਂ ਨੂੰ ਪ੍ਰਗਟਾਉਣ ਲਈ ਕਥਾ ਦੀ ਹੀ ਵਰਤੋਂ ਕੀਤੀ। ਜੈਨ ਕਥਾ ਕੋਸ਼, ਜੈਨ ਬਤ ਕਥਾ, ਦਾਨ ਕਥਾਏਂ, ਪ੍ਰਣਯਾਰਵ ਕਥਾ ਕੋਸ਼ ਆਦਿ ਮਹਾਨ ਕਥਾ ਸੰਕਲਨ ਜੈਨ ਸਾਹਿਤ ਵਿਚ ਕਥਾ ਪ੍ਰੰਪਰਾ ਦੇ ਵਾਧੇ ਲਈ ਵਿਸ਼ੇਸ਼ ਵਰਣਨਯੋਗ ਹਨ। ਸਮੇਂ-ਸਮੇਂ ਅਨੇਕਾਂ ਜਾਤੀਆਂ ਦੇ ਬਾਹਰੋਂ ਆ ਕੇ ਪੰਜਾਬ ਵਿਚ ਵਸਣ ਨਾਲ ਇਥੋਂ ਦੀ ਸੰਸਕ੍ਰਿਤੀ ਵਿਵਿਧ ਰੂਪ ਗ੍ਰਹਿਣ ਕਰ ਗਈ। ਕਥਾ ਪ੍ਰੰਪਰਾ ਉਤੇ ਯੂਨਾਨੀ ਤੇ ਸਾਮੀ ਕਥਾਵਾਂ ਦਾ ਪ੍ਰਭਾਵ ਵੀ ਮਹੱਤਵਪੂਰਨ ਹੈ, ਜਿਵੇਂ ਈਸਪ ਦੀਆਂ ਨੀਤੀ ਕਹਾਣੀਆਂ ਪੰਜਾਬੀ ਕਥਾ ਸਾਹਿਤ ਲਈ ਹਰਮਨ ਪਿਆਰੀਆਂ ਬਣ ਗਈਆ।

ਸਾਮੀ ਕਥਾਵਾਂ ਦੇ ਪ੍ਰਭਾਵ ਨਾਲ ਪੰਜਾਬੀ ਕਥਾ-ਕਹਾਣੀ ਦਾ ਇਕ ਨਵੀਂ ਦਿਸ਼ਾ ਵੱਲ ਝੁਕਾਅ ਹੋਇਆ। ਮੁਸਲਮਾਨਾਂ ਦੇ ਭਾਰਤ ਆਉਣ ਨਾਲ ਪੁਰਾਣ ਸ਼ਾਸਤਰ, ਸ਼ਾਹਨਾਮਾ ਅਲਫ਼ ਲੈਲਾ ਆਦਿ ਦੀਆਂ ਕਥਾਵਾਂ ਪੰਜਾਬੀ ਕਥਾ ਪ੍ਰਵਾਹ ਵਿਚ ਸ਼ਾਮਲ ਹੋਣ ਲੱਗ ਪਈਆਂ। ਇਸ ਸਮੇਂ ਵਿਚ ਫ਼ਾਰਸੀ ਦਰਬਾਰੀ ਬੋਲੀ ਬਣ ਜਾਣ ਕਰਕੇ ਅਰਬੀ ਫ਼ਾਰਸੀ ਦਾ ਅਧਿਐਨ ਲੋਕਧਾਰਾ ਲਈ ਜ਼ਰੂਰੀ ਬਣ ਗਿਆ। ਹੌਲੀ-ਹੌਲੀ ਅਰਬੀ, ਫ਼ਾਰਸੀ ਦੀਆਂ ਮੂਲ ਕਥਾ-ਕਹਾਣੀਆਂ ਲੋਕਾਂ ਵਿਚ ਫੈਲ ਗਈਆਂ। ਪੰਜਾਬੀ ਕਥਾ ਪ੍ਰੰਪਰਾ ਦੀ ਨੁਹਾਰ ਬਦਲਣ ਲੱਗ ਪਈ। ਹੁਣ ਇਸ ਵਿਚ ਇਸਲਾਮੀਨਾਵਾਂ ਵਾਲੇ ਪਾਤਰ, ਫ਼ਰਿਸ਼ਤੇ, ਪੈਗੰਬਰ, ਨਬੀ ਅਤੇ ਆਦਮ-ਹਵਾ ਆਦਿ ਵਿਚਰਨ ਲੱਗ ਪਏ। ਅਰਬ ਲੋਕ ਲੈਲਾ ਮਜਨੂੰ ਅਤੇ ਯੂਸਫ਼ ਜੁਲੇਖਾਂ ਦੇ ਕਿੱਸੇ ਆਪਣੇ ਨਾਲ ਹੀ ਲਿਆਏ ਸਨ। ਸ਼ੀਰੀ ਫਰਿਹਾਦ, ਸ਼ਾਹ ਬਹਿਰਾਮ, ਸੈਫਲ ਮਲੂਕ ਆਦਿ ਫ਼ਾਰਸੀ ਮੂਲ ਦੇ ਹੀ ਕਿੱਸੇ ਹਨ। ਹੌਲੀ-ਹੌਲੀ ਇਹ ਕਥਾਵਾਂ ਲੋਕਾਂ ਵਿਚ ਹਰਮਨ ਪਿਆਰੀਆਂ ਬਣ ਗਈਆਂ ਅਤੇ ਇਹ ਇਥੋਂ ਦੇ ਕਥਾ ਪ੍ਰਵਾਹ ਵਿਚ ਇਸ ਤਰ੍ਹਾਂ ਰਚ ਮਿਚ ਗਈਆਂ, ਜਿਵੇਂ ਇਹ ਪੰਜਾਬ ਵਿਚ ਹੀ ਜੰਮੀਆਂ ਤੇ ਪਲੀਆ ਹੋਣ।

ਸਾਮੀ ਕਥਾਵਾਂ ਦੇ ਪੰਜਾਬੀ ਕਥਾ ਪ੍ਰੰਪਰਾ ਵਿਚ ਮਿਲ ਜਾਣ ਨਾਲ ਪੰਜਾਬੀ ਕਥਾ-ਕਹਾਣੀ ਦੀ ਪ੍ਰੰਪਰਾਂ ਆਪਣੀ ਮੂਲ ਸੰਸਕ੍ਰਿਤੀ ਤੋਂ ਟੁੱਟਣ ਲੱਗ ਪਈ। ਬਿਕ੍ਰਮ ਬੈਤਾਲ ਦੀ ਥਾਂ ਹੁਣ ਪਰੀਆਂ ਤੇ ਜਿੰਨ ਆਦਿ ਲੈ ਚੁੱਕੇ ਸਨ। ਸਾਮੀ ਕਥਾਨਿਕ ਰੂੜੀਆਂ ਨੇ ਇਥੋਂ ਦੀਆਂ ਸਾਖੀਆਂ ਆਦਿ ਨੂੰ ਵੀ ਪ੍ਰਭਵਿਤ ਕੀਤਾ। ਇਸ ਉਪਰੰਤ ਗੁਰੂ ਨਾਨਕ ਕਾਲ ਵਿਚ ਕਥਾ ਦਾ ਬੜਾ ਵੱਡਾ ਮਹੱਤਵ ਰਿਹਾ ਹੈ, ਜਿਹੜਾ ਹੁਣ ਤੱਕ ਗੁਰਦੁਆਰਿਆਂ ਵਿਚ ਕੀਰਤਨ ਸਮੇਂ ਗੁਰਬਾਣੀ ਦੇ ਕਿਸੇ ਸ਼ਬਦ ਦੀ ਵਿਆਖਿਆ ਲਈ ਪ੍ਰਚਲਿਤ ਹੈ। ਗੁਰੂ-ਘਰ ਵਿਚ ਲੋਕ-ਕਹਾਣੀਆਂ ਦੀ ਮਹੱਤਤਾ ਇਸੇ ਸਮੇਂ ਤੋਂ ਚਲਦੀ ਆ ਰਹੀ ਹੈ, ਜਿਸ ਦਾ ਪ੍ਰਮਾਣ ਸਾਖੀ ਸਾਹਿਤ ਵਿਚ ਮਿਲਦੇ ਅਨੇਕਾਂ ਅਜਿਹੇ ਬਿਰਤਾਂਤ ਹਨ, ਜੋ ਅਸਲ ਵਿਚ ਕਥਾ-ਕਹਾਣੀ ਹੀ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਕਿੰਨੀਆਂ ਹੀ ਨੀਤੀ-ਕਥਾਵਾਂ ਦੇ ਸੰਕੇਤ ਮਿਲਦੇ ਹਨ। ਕਥਾ-ਪ੍ਰੰਪਰਾ ਦੇ ਵਾਧੇ ਲਈ ਦਸਮ ਗ੍ਰੰਥੱ ਦੇ 'ਚਰਿਤ੍ਰੋ ਪਾਖਯਾਨ' ਦਾ ਵੀ ਕਾਫ਼ੀ ਯੋਗਦਾਨ ਹੈ। ਇਸ ਵਿਚ ਕੁੱਲ 405 ਕਥਾਵਾਂ ਹਨ, ਜੋ 'ਦਸਮ ਗ੍ਰੰਥ ਦੇ 1428 ਪੰਨਿਆਂ ਵਿਚੋਂ 616 ਪੰਨਿਆ 'ਤੇ ਫੈਲੀਆਂ ਹੋਈਆਂ ਹਨ। ਇਸ ਦੀਆਂ ਕੁਝ ਕਥਾਵਾਂ ਸਾਮੀ ਤੇ ਯਹੂਦੀ ਮੂਲ ਦੀਆਂ ਵੀ ਹਨ ਪਰ ਬਹੁਤੇ ਭਾਗ ਦੀਆਂ ਕਥਾਵਾਂ ਭਾਰਤੀ ਸੋਮਿਆਂ ਵਿਚੋਂ ਆਈਆਂ ਹਨ।

ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਨਾਲ ਪੰਜਾਬ ਦੇ ਕਥਾ-ਪ੍ਰਵਾਹ ਉਤੇ ਯਹੂਦੀ ਤੇ ਈਸਾਈ ਕਥਾਵਾਂ ਦਾ ਪ੍ਰਭਾਵ ਪੈਣਾ ਵੀ ਸੁਭਾਵਕ ਹੀ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਇਹ ਪ੍ਰਭਾਵ ਪ੍ਰਤੱਖ ਵਿਖਾਈ ਦੇਣ ਲਗ ਪਏ ਸਨ। ਬੁੱਧੀਜੀਵੀਆਂ ਵਿਚ ਅੰਗਰੇਜ਼ੀ ਸਾਹਿਤ ਨੇ ਇਕ ਨਵੀਂ ਚੇਤਨਾ ਲਿਆਂਦੀ। ਉਹ ਵਰਡਜ਼ਵਰਥ, ਬਾਇਰਨ, ਥਾਮਸ ਮੂਰ, ਸਕਾਟ ਤੇ ਡਿਕਨਜ਼ ਆਦਿ ਦੇ ਸਾਹਿਤ ਨੂੰ ਪੜ੍ਹਨ ਲੱਗ ਪਏ। ਇਨ੍ਹਾਂ ਰਚਨਾਵਾਂ ਕਾਰਨ ਪੰਜਾਬੀਆਂ ਦਾ ਪੱਛਮੀ ਸਾਹਿਤ ਨਾਲ ਸਬੰਧ ਸਥਾਪਿਤ ਹੋਣਾ ਸੁਭਾਵਕ ਹੀ ਸੀ, ਪਰ ਕਥਾ ਸਾਹਿਤ ਨੇ ਅੰਗਰੇਜ਼ੀ ਸਾਹਿਤ ਦਾ ਪ੍ਰਭਾਵ ਪਹਿਲੀਆਂ ਸਾਮੀ ਕਥਾਵਾਂ ਦੇ ਸਾਹਿਤ ਨਾਲੋਂ ਕਾਫ਼ੀ ਘੱਟ ਕਬੂਲਿਆ।

ਪਿੱਛੇ ਕੀਤੀ ਗਈ ਸਾਰੀ ਵਿਚਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੀ ਕਥਾ ਪ੍ਰੰਪਰਾ ਬਹੁਤ ਪ੍ਰਾਚੀਨ ਹੈ, ਜੋ ਸਿੰਧੂ ਘਾਟੀ ਸੱਭਿਅਤਾ ਦੀਆਂ ਬੁਨਿਆਦਾਂ 'ਤੇ ਆਧਾਰਿਤ ਹੈ। ਇਹ ਪ੍ਰੰਪਰਾ ਬੜੀ ਵਿਸ਼ਾਲ ਤੇ ਪ੍ਰਭਾਵਸ਼ਾਲੀ ਹੈ। ਇਹ ਯੁੱਗਾਂ ਬੱਧੀ ਸਫ਼ਰ ਕਰਦੀ ਹੋਈ ਦੂਜੀਆਂ ਸੰਸਕ੍ਰਿਤੀਆਂ ਵਿਚ ਘੁਲਦੀ-ਮਿਲਦੀ ਰਹੀ। ਇਸ ਨੇ ਬਾਹਰਲੀਆਂ ਸੰਸਕ੍ਰਿਤੀਆਂ ਦੀਆਂ ਸਾਰੀਆਂ ਕਦਰਾਂ-ਕੀਮਤਾਂ ਨੂੰ ਆਪਣੇ ਵਿਚ ਸਮੋ ਲਿਆ, ਜਿਸ ਸਦਕਾ ਇਸ ਪ੍ਰੰਪਰਾ ਨੇ ਦੂਰ-ਦੂਰ ਤੱਕ ਆਪਣਾ ਪ੍ਰਭਾਵਸ਼ਾਲੀ ਗੌਰਵ ਬਣਾਈ ਰੱਖਿਆ।

ਹੱਥਲੇ ਨਿਬੰਧ ਦੇ ਮੂਲ ਸ੍ਰੋਤ ਕੋਸ਼ਕਾਰੀ ਤੇ ਗੁਰਮਤਿ ਵਿਖਿਆਨ ਦੇ ਗ੍ਰੰਥਾਂ ਨਾਲ ਹੈ, ਵਿਸਥਾਰ ਲਈ ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵ ਕੋਸ਼, ਡਾ. ਜੋਧ ਸਿੰਘ ਸਿੱਖ ਧਰਮ ਵਿਸ਼ਵਕੋਸ਼, ਡਾ. ਰਛਪਾਲ ਸਿੰਘ ਗਿੱਲ ਪੰਜਾਬੀ ਕੋਸ਼, ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਅਤੇ ਡਾ. ਦਿਲਗੀਰ ਦਾ ਨਵਾਂ ਮਹਾਨ ਕੋਸ਼ ਆਦਿ 'ਤੇ ਆਧਾਰਿਤ ਹਨ। ਕਥਾ ਸੰਸਕ੍ਰਿਤ ਸ਼ਬਦ 'ਕਥ' ਦਾ ਸੰਗਿਆ ਰੂਪ ਹੈ, ਜਿਸਦਾ ਅਰਥ ਹੈ ਬੋਲਣਾ, ਵਿਆਖਿਆ, ਵਰਣਨ ਜਾਂ ਬਿਆਨ ਕਰਨਾ। ਧਾਰਮਿਕ ਸ਼ਬਦਾਵਲੀ ਵਿਚ ਕਥਾ ਦਾ ਅਰਥ ਹੈ ਧਰਮ-ਗ੍ਰੰਥ ਵਿਚੋਂ ਕਿਸੇ ਸ਼ਬਦ ਉੱਪਰ ਚਰਚਾ, ਵਿਸ਼ਲੇਸ਼ਣ ਅਤੇ ਵਿਆਖਿਆਨ। ਇਸ ਵਿਚ ਦਿੱਤੇ ਗਏ ਮੂਲ ਪਾਠ 'ਤੇ ਵਿਸਥਾਰਪੂਰਵਕ ਪ੍ਰਵਚਨ ਅਤੇ ਇਸ ਦਾ ਸਹੀ ਉਚਾਰਨ ਸ਼ਾਮਲ ਹਨ। ਇਸ ਵਿਚ ਬੁਨਿਆਦੀ ਅਧਿਆਤਮਿਕ ਅਤੇ ਧਰਮ-ਸ਼ਾਸਤਰੀ ਸਿਧਾਂਤਾਂ ਨੂੰ ਵਿਸਥਾਰ ਵਿਚ ਸਮਝਾਉਣ ਹਿਤ ਕਥਾ, ਕਹਾਵਤ ਅਤੇ ਹਵਾਲਿਆਂ ਦਾ ਪੂਰਾ ਇਸਤੇਮਾਲ ਕੀਤਾ ਜਾਂਦਾ ਹੈ। ਗੁਰਬਾਣੀ ਰਚਨਾ ਆਮ ਤੌਰ 'ਤੇ ਗੂੜ੍ਹ ਅਤੇ ਅਰਥ-ਭਰਪੂਰ ਹੁੰਦੀ ਹੈ। ਇਸ ਕਰਕੇ ਅਜਿਹੀ ਰਚਨਾ ਦੀ ਜਿਗਿਆਸੂਆਂ ਦੇ ਲਾਭ ਹਿੱਤ ਵਿਆਖਿਆ ਕਰਨ ਦੀ ਲੋੜ ਪੈਂਦੀ ਹੈ। ਇਸ ਦੇ ਨਤੀਜੇ ਵਜੋਂ ਭਾਰਤੀ ਪ੍ਰੰਪਰਾ ਵਿਚ ਟੀਕਾ, ਸ਼ਬਦਾਰਥ, ਭਾਸ਼ਾ ਆਦਿ ਰੂਪ ਸਾਹਮਣੇ ਆਏ ਹਨ। ਵਿਆਖਿਆ ਜਾਂ ਵਿਚਾਰ ਅਧੀਨ ਵਿਚਾਰ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਧਾਰਮਿਕ ਅਤੇ ਸਿੱਖਿਆਦਾਇਕ ਗ੍ਰੰਥਾਂ ਵਿਚੋਂ ਪ੍ਰਮਾਣਾਂ ਜਾਂ ਯੋਗ ਪ੍ਰਮਾਣਿਕ ਕਥਨਾਂ ਦਾ ਸਹਾਰਾ ਲਿਆ ਜਾਂਦਾ ਹੈ। ਵਿਆਖਿਆ ਦੀਆਂ ਉਪਰੋਕਤ ਤਿੰਨੇ ਕਿਸਮਾਂ ਸਿੱਖ ਕਥਾ ਵਿਚ ਇਕ-ਮਿਕ ਹੋਈਆਂ ਮਿਲਦੀਆਂ ਹਨ: ਸਿੱਖ ਪ੍ਰੰਪਰਾ ਵਿਚ ਕਥਾ ਦੀ ਵਿਧੀ ਮੌਖਿਕ ਹੈ। ਉਪਨਿਸ਼ਦਾਂ, ਭਗਵਦ ਗੀਤਾ, ਪੁਰਾਣਾਂ, ਰਮਾਇਣ ਅਤੇ ਮਹਾਂਭਾਰਤ ਵਰਗੇ ਮਹਾਂਕਾਵਾਂ ਦੀ ਕਥਾ ਮੰਚ ਤੋਂ ਕੀਤੀ ਜਾਂਦੀ ਰਹੀ ਹੈ। ਪਰ ਸਿੱਖ ਧਰਮ ਵਿਚ ਇਹ ਵੱਡੀਆਂ ਧਾਰਮਿਕ ਸਭਾਵਾਂ ਵਿਖੇ ਸੇਵਾ ਦੇ ਤੌਰ 'ਤੇ ਸੰਸਥਾਗਤ ਰੂਪ ਵਿਚ ਹੁੰਦੀ ਹੈ। ਸਿੱਖ ਧਰਮ ਵਿਚ ਕਥਾ ਦੀ ਰਵਾਇਤ ਦੀ ਰਸਮੀ ਸ਼ੁਰੂਆਤ ਗੁਰੂ ਅਰਜਨ ਦੇਵ ਜੀ (1563- 1606), ਜਿਨ੍ਹਾਂ ਨੇ ਸਿੱਖ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਸੀ, ਦੇ ਸਮੇਂ ਹੋਈ। ਇਸ ਧਰਮ ਗ੍ਰੰਥ ਨੂੰ ਹੱਥੀਂ ਲਿਖਣ ਵਾਲੇ ਭਾਈ ਗੁਰਦਾਸ ਨੂੰ ਗੁਰੂ ਜੀ ਨੇ ਆਦੇਸ਼ ਦਿੱਤਾ ਕਿ (ਗੁਰੂ) ਗ੍ਰੰਥ ਸਾਹਿਬ ਵਿਚੋਂ ਲਏ ਗਏ ਵਾਕ ਦੀ ਰੋਜ਼ਾਨਾ ਸੰਖੇਪ ਅਤੇ ਨਿਰਧਾਰਿਤ ਵਿਆਖਿਆ ਕਰਿਆ ਕਰਨ। ਗੁਰੂ ਸਾਹਿਬਾਨ ਦੁਆਰਾ ਨਿਯੁਕਤ ਮਸੰਦਾਂ ਨੇ ਵੀ ਸਥਾਨਿਕ ਇਕੱਤਰਤਾਵਾਂ ਵਿਚ ਇਸੇ ਕਿਸਮ ਦੀ ਕਥਾ ਕਰਨੀ ਆਰੰਭ ਕਰ ਦਿੱਤੀ ਸੀ। ਸਿੱਖ ਅਧਿਆਤਮਿਕਤਾ ਅਤੇ ਧਰਮ ਦਾ ਕੇਂਦਰੀ ਬਿੰਦੂ ਸ਼ਬਦ ਹੈ। ਇਸ ਕਰਕੇ ਪਵਿੱਤਰ ਗ੍ਰੰਥ ਦੀ ਸਹੀ ਵਿਆਖਿਆ ਅਤਿ ਮਹੱਤਵਪੂਰਨ ਹੈ।

ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ (1666-1708) ਨੇ ਆਪ ਭਾਈ ਮਨੀ ਸਿੰਘ ਨੂੰ ਪਵਿੱਤਰ ਲਿਖਤਾਂ ਦੀ ਵਿਆਖਿਆ ਕਰਨ ਦੀ ਸਿੱਖਿਆ ਦਿੱਤੀ ਸੀ। ਭਾਈ ਮਨੀ ਸਿੰਘ ਤੋਂ ਉਤਪੰਨ ਹੋਈ ਗੁਰਬਾਣੀ ਵਿਆਖਿਆ ਦੀ ਸੰਪਰਦਾਇ ਨੂੰ ਅੱਜ-ਕੱਲ੍ਹ ਗਿਆਨੀ ਸੰਪਰਦਾਇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਥਾ ਕਰਨ ਦੀ ਰਿਵਾਇਤ ਸਿੱਖ ਪ੍ਰੰਪਰਾ ਵਿਚ ਗੁਰੂ-ਕਾਲ ਤੋਂ ਚੱਲਦੀ ਆ ਰਹੀ ਹੈ। ਬਹੁਤ ਸਾਰੀਆਂ ਸੰਸਥਾਵਾਂ, ਟਕਸਾਲੀ ਅਤੇ ਆਧੁਨਿਕ ਵਿਦਵਾਨਾਂ ਨੂੰ ਇਸ ਕਲਾ ਦੀ ਸਿੱਖਿਆ ਦੇ ਰਹੀਆਂ ਹਨ। ਕਥਾ ਆਮ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੀ ਜਾਂਦੀ ਹੈ। ਕਥਾਕਾਰ ਪਵਿੱਤਰ ਗ੍ਰੰਥ ਵਿਚੋਂ ਆਪ ਉਸ ਸ਼ਬਦ ਨੂੰ ਸ਼ਰਧਾਪੂਰਵਕ ਪੜ੍ਹਦਾ ਹੈ, ਜਿਸਦੀ ਕਥਾ ਕਰਨੀ ਹੋਵੇ। ਕਥਾ ਕੀਤੇ ਜਾਣ ਵਾਲੇ ਸ਼ਬਦ ਦੀ ਚੋਣ ਕਥਾਕਾਰ ਦੀ ਮਰਜੀ ਉੱਪਰ ਨਿਰਭਰ ਕਰਦੀ ਹੈ। ਇਹ ਸ਼ਬਦ ਉਸ ਦੁਆਰਾ ਪਹਿਲਾਂ ਸੋਚਿਆ ਹੋਇਆ ਜਾਂ ਉਸ ਸਮੇਂ ਸਾਮ੍ਹਣੇ ਆਇਆ ਕੋਈ ਵੀ ਸ਼ਬਦ ਹੋ ਸਕਦਾ ਹੈ। ਕਥਾ ਦੇ ਆਰੰਭ ਵਿਚ ਬਾਣੀ ਦੇ ਸੰਬੰਧਿਤ ਸ਼ਬਦ ਦਾ ਲੈਅ ਨਾਲ ਅਤੇ ਸਹੀ ਉਚਾਰਨ ਨਾਲ ਪਾਠ ਪਹਿਲੀ ਗੱਲ ਹੈ। ਉਪਰੋਕਤ ਕਥਾ ਦਾ ਰੂਪ ਕੋਈ ਵੀ ਹੋ ਸਕਦਾ ਹੈ। ਪਰੰਤੂ ਸਭ ਤੋਂ ਪਹਿਲਾਂ ਸੰਬੰਧਿਤ ਸ਼ਬਦ ਦਾ ਕੇਂਦਰੀ ਭਾਵ ਸਪੱਸ਼ਟ ਕੀਤਾ ਜਾਂਦਾ ਹੈ। ਉਸ ਤੋਂ ਬਾਅਦ ਔਖੇ ਸ਼ਬਦਾਂ ਦੇ ਅਰਥ ਦੱਸ ਕੇ ਦਿੱਤੇ ਗਏ ਸੰਪੂਰਨ ਸ਼ਬਦ ਦੀ ਇਕ ਪੰਕਤੀ ਦੀ ਵਿਆਖਿਆ ਕੀਤੀ ਜਾਂਦੀ ਹੈ। ਪ੍ਰਸੰਗ ਦਾ ਧਿਆਨ ਰੱਖਦੇ ਹੋਏ ਹਰ ਇਕ ਪੰਕਤੀ ਨੂੰ ਮੁੱਖ ਵਿਸ਼ੇ ਦੀ ਪ੍ਰਸੰਗਿਕਤਾ 'ਚ ਉਜਾਗਰ ਕੀਤਾ ਜਾਂਦਾ ਹੈ। ਉਪਰੰਤ ਉਸ ਸ਼ਬਦ ਦੇ ਵਿਸ਼ੇ ਦਾ ਵਿਸ਼ਲੇਸ਼ਨ ਕੀਤਾ ਜਾਂਦਾ ਹੈ, ਤਾਂ ਜੋ ਉਸ ਸ਼ਬਦ ਦਾ ਅਧਿਆਤਮਿਕ ਅਤੇ ਸਿਧਾਂਤਿਕ ਮਹੱਤਵ ਉਜਾਗਰ ਕੀਤਾ ਜਾ ਸਕੇ। ਅਜਿਹਾ ਕਰਦੇ ਸਮੇਂ ਇਸਦੇ ਸਾਹਿਤਿਕ ਗੁਣਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਕਥਾਕਾਰ ਆਪਣੀ ਕਥਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੀ ਯਾਦਦਾਸ਼ਤ ਤੋਂ ਵਿਭਿੰਨ ਧਾਰਮਿਕ ਗ੍ਰੰਥਾਂ ਅਤੇ ਗੁਰੂ ਸਾਹਿਬਾਨ ਦੀਆਂ ਜੀਵਨ-ਸਾਖੀਆਂ ਵਿਚੋਂ ਹਵਾਲੇ ਦਿੰਦਾ ਹੈ। ਕਥਾ ਖ਼ਤਮ ਹੋਣ ਤੋਂ ਪਹਿਲਾਂ ਸਮੁੱਚੀ ਵਿਚਾਰ-ਚਰਚਾ ਦਾ ਸਾਰੰਸ਼ ਦੱਸਿਆ ਜਾਂਦਾ ਹੈ ਅਤੇ ਅਖੀਰ ਵਿਚ ਸੰਬੰਧਿਤ ਸ਼ਬਦ ਦਾ ਮੁੜ ਪਾਠ ਕੀਤਾ ਜਾਂਦਾ ਹੈ। ਕਥਾ ਦੇ ਸਮੇਂ ਗੁਰਦੁਆਰਿਆਂ ਵਿਚ ਪ੍ਰਮੁੱਖ ਸਿੱਖ ਇਤਿਹਾਸਿਕ ਲਿਖਤਾਂ ਦੀ ਵਿਆਖਿਆ ਵੀ ਹੁੰਦੀ ਹੈ, ਜਿਵੇਂ ਕਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼ ਆਦਿ। ਪਰ ਇਹ ਆਮ ਤੌਰ 'ਤੇ ਸਵੇਰ ਅਤੇ ਸ਼ਾਮ ਦੀ ਸੇਵਾ ਤੋਂ ਵੱਖਰਿਆਂ ਬਾਅਦ-ਦੁਪਹਿਰ ਹੁੰਦੀ ਹੈ।

# ਵਿਸ਼ਵ ਪੁਸਤਕ ਦਿਵਸ ’ਤੇ ਵਿਸ਼ੇਸ਼

# ਨਾਵਲ, ਕਹਾਣੀ-ਸੰਗ੍ਰਹਿ, ਵਾਰਤਕ, ਸਵੈ-ਜੀਵਨੀ ਅਤੇ ਅਨੁਵਾਦ ਹੋਈਆਂ ਪੰਜਾਬੀ ਦੀਆਂ, ਪੜ੍ਹਨਯੋਗ 5-5 ਕਿਤਾਬਾਂ ’ਤੇ ਸੰਖੇਪ ਝਾਤ

■ ਪਿਛਲੇ ਅੰਕ ਦਾ ਬਾਕੀ



ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ ਸਾਹਿਬ।
ਮੋ. : 94787-67620
ਪੰਜਾਬ ਮੇਲ USA


## ਪੰਜਾਬੀ ਵਿਚ ਅਨੁਵਾਦਤ ਕਿਤਾਬਾਂ

### 1. ਪੁਸ਼ਕਿਨ ਦੀਆਂ ਕਹਾਣੀਆਂ

ਸਭ ਤੋਂ ਪਹਿਲਾਂ ਮੈਂ ਗੱਲ ਕਰਨ ਜਾ ਰਿਹਾ ਆਪਣੀ ਪਸੰਦੀਦਾ ਕਿਤਾਬ ਬਾਰੇ, ਜੋ ਕਿ ਐੱਮ.ਐੱਸ. ਸੇਠੀ ਵੱਲੋਂ ਅਨੁਵਾਦਤ ਕੀਤੀ ਕਿਤਾਬ ਹੈ, ਇਸ ਕਿਤਾਬ ਦਾ ਨਾਂ ਹੈ, ‘ਪੁਸ਼ਕਿਨ ਦੀਆਂ ਕਹਾਣੀਆਂ’। ਕਿਤਾਬ ਨੂੰ ਨਵਯੁੱਗ ਪਬਲਿਸ਼ਰਜ਼ ਦਿੱਲੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਉਸਦੇ ਨਾਲ ਦੱਸਦਾ ਜਾਵਾਂ ਇਹ ਕਿਤਾਬ ‘ਅਲੈਗਯੈਂਡਰ ਪੁਸ਼ਕਿਨ’ ਵੱਲੋਂ ਲਿਖੀਆਂ ਕਹਾਣੀਆਂ ’ਤੇ ਆਧਾਰਿਤ ਹੈ। ਅਲੈਗਯੈਂਡਰ ਦਾ ਜਨਮ 1799 ਵਿਚ ਹੋਇਆ ਸੀ ਅਤੇ ਮੌਤ 1937 ਵਿਚ, ਕਰੀਬ 37 ਕੁ ਸਾਲਾਂ ਦੀ ਉਮਰ ਵਿਚ ਉਸਨੇ ਬਾ-ਕਮਾਲ ਰਚਨਾਵਾਂ ਰਚੀਆਂ। ਪੁਸ਼ਕਿਨ ਨੂੰ ਆਧੁਨਿਕ ਰਸ਼ੀਅਨ ਸਾਹਿਤ ਦਾ ਸੰਸਥਾਪਕ ਵੀ ਮੰਨਿਆ ਜਾਂਦਾ ਹੈ ਅਤੇ ਬਤੌਰ ਕਵੀ, ਨਾਟਕਕਾਰ ਅਤੇ ਨਾਵਲਕਾਰ ਵਜੋਂ ਵੀ ਜਾਣਿਆ ਜਾਂਦਾ ਹੈ।

ਖ਼ੈਰ! ਆਪਾਂ ਗੱਲ ਕਰਦੇ ਹਾਂ ਸੰਨ 2016 ਵਿਚ ਪ੍ਰਕਾਸ਼ਿਤ ਇਸ ਕਿਤਾਬ ਦੀ, ਤਾਂ ਕੇਵਲ 103 ਕੁ ਪੰਨਿਆਂ ਦੀ ਕਿਤਾਬ ਵਿਚ 5 ਕਹਾਣੀਆਂ ਨਿਸ਼ਾਨਾ, ਬਰਫ਼ ਦਾ ਤੂਫ਼ਾਨ, ਮੁਰਦਿਆਂ ਦਾ ਠੇਕੇਦਾਰ, ਸਟੇਸ਼ਨ ਮਾਸਟਰ ਅਤੇ ਬਾਂਕੀ ਬੀਬੀ ਸ਼ਾਮਲ ਹਨ। ਇਸ ਕਿਤਾਬ ਵਿਚ ਮੈਂ ਇਹ ਨਹੀਂ ਦੱਸ ਸਕਦਾ ਕਿ ਕਿਹੜੀ ਕਹਾਣੀ ਜ਼ਿਆਦਾ ਵਧੀਆ ਹੈ, ਕਿਉਂਕਿ ਇਹ ਚੋਣ ਬੜੀ ਔਖੀ ਏ ਅਤੇ ਪਾਠਕ ਵੀ ਕਿਤਾਬ ਪੜ੍ਹਨ ਤੋਂ ਬਾਅਦ ਮੇਰੇ ਵਾਂਗ ਹੀ ਮਹਿਸੂਸ ਕਰਨਗੇ। ਦਿਲ ਤਾਂ ਬੜਾ ਕਰਦਾ ਕਿ ਇਹ ਕਹਾਣੀਆਂ ਸੁਣਾਵਾਂ, ਪਰ ਫਿਰ ਅਗਲੀਆਂ ਚਾਰ ਕਿਤਾਬਾਂ ਬਾਰੇ ਕੌਣ ਦੱਸੂ?

### 2. ਸ਼ੋਲ਼ੋਖ਼ੋਵ ਦੀਆਂ ਕਹਾਣੀਆਂ

ਦੂਜੇ ਨੰਬਰ ’ਤੇ ਮੈਂ ਗੱਲ ਕਰਨ ਲੱਗਿਆ ਹਾਂ ਕਿ ਸੁਖਬੀਰ ਵੱਲੋਂ ਅਨੁਵਾਦਤ ਅਤੇ ਨਵਯੁੱਗ ਪਬਲਿਸ਼ਰਜ਼ ਦਿੱਲੀ ਵੱਲੋਂ ਪ੍ਰਕਾਸ਼ਿਤ ਮਿਖ਼ਾਇਲ ਸ਼ੋਲੋਖ਼ੋਵ ਦੀ ਲਿਖੀ ਕਿਤਾਬ ਬਾਰੇ, ਜਿਸ ਦਾ ਨਾਂ ਹੈ ‘ਸ਼ੋਲੋਖ਼ੋਵ ਦੀਆਂ ਕਹਾਣੀਆਂ’। ਪ੍ਰਸਿੱਧ ਰਸ਼ੀਅਨ ਨਾਵਲਕਾਰ ਸ਼ੋਲੋਖ਼ੋਵ ਦਾ ਜਨਮ 1905 ਵਿਚ ਹੋਇਆ ਸੀ ਅਤੇ ਮੌਤ 1984 ਵਿਚ ਹੋਈ ਸੀ ਅਤੇ ਸੰਨ 1965 ਵਿਚ ਸਾਹਿਤ ਦੇ ਖੇਤਰ ਵਿਚ ਕੰਮ ਕਰਨ ਬਦਲੇ ਨੋਬਲ ਇਨਾਮ ਦਿੱਤਾ ਗਿਆ ਸੀ।

ਸਾਲ 2013 ਵਿਚ ਪ੍ਰਕਾਸ਼ਿਤ ਕਰੀਬ 139 ਪੰਨਿਆ ਦੀ ਇਸ ਕਿਤਾਬ ਵਿਚ ਸ਼ੋਲੋਖ਼ੋਵ ਦੀਆਂ 6 ਕਹਾਣੀਆਂ, ਜਿਸ ਵਿਚ ਨਿਸ਼ਾਨੀ, ਵਾਗੀ, ਹਰਾਮੀ, ਨੀਲਾ ਸਟੈੱਪੀ, ਵਛੇਰਾ ਅਤੇ ਪਰਾਇਆ ਲਹੂ ਆਦਿ ਸ਼ਾਮਲ ਹਨ। ਪਹਿਲੀ ਕਿਤਾਬ ਪੁਸ਼ਕਿਨ ਦੀਆਂ ਕਹਾਣੀਆਂ ਦੇ ਮੁਕਾਬਲੇ ਇਹ ਕਹਾਣੀਆਂ ਵੱਡੀਆਂ ਹਨ। ਪਹਿਲੀ ਕਹਾਣੀ ਨਿਸ਼ਾਨੀ ਨੂੰ 6 ਹਿੱਸਿਆਂ ਵਿਚ ਵੰਡ ਕੇ ਲਿਖਿਆ ਗਿਆ ਹੈ। ਹਰ ਕਹਾਣੀ ਹੀ ਖ਼ੂਬਸੂਰਤ ਹੈ। ਮੈਨੂੰ ਨੀਲਾ ਸਟੈੱਪੀ ਕਹਾਣੀ ਜ਼ਿਆਦਾ ਪਸੰਦ ਆਈ। ਜਦਕਿ ਪਰਾਇਆ ਲਹੂ ਅਤੇ ਵਾਗੀ ਕਹਾਣੀ ਵੀ ਇੱਕ ਵੱਖਰੀ ਤਰ੍ਹਾਂ ਦਾ ਅਹਿਸਾਸ ਕਰਵਾਉਂਦੀ ਹੈ।

### 3. ਸਮੇਂ ਦੇ ਖੰਭ

ਤੀਜੇ ਨੰਬਰ ’ਤੇ ਜਿਸ ਕਿਤਾਬ ਦੀ ਗੱਲ ਕਰਨ ਜਾ ਰਿਹਾ ਹਾਂ, ਇਸ ਦੇ ਪੰਜਾਬੀ ਅਨੁਵਾਦਕ ਦਾ ਨਾਂ ਕਿਤਾਬ ਵਿਚ ਲਿਖਿਆ ਨਹੀਂ ਗਿਆ, ਜਾਂ ਛੱਪਣੋਂ ਰਹਿ ਗਿਆ ਹੈ। ਇਹ ਕਿਤਾਬ ਵੀ ਨਵਯੁੱਗ ਪਬਲਿਸ਼ਰਜ਼ ਦਿੱਲੀ ਵੱਲੋਂ ਹੀ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਕਿਤਾਬ ਦਾ ਨਾਂ ਸਮੇਂ ਦੇ ਖੰਭ ਅਤੇ ਜਿਸ ਨੂੰ ਲਿਖਿਆ ਹੈ ਸੋਵੀਅਤ ਲੇਖਕ ਕੌਨਸਤਾਨਤਿਨ ਪਾਸਤੋਵਸਕੀ ਨੇ।

ਪਾਸਤੋਵਸਕੀ ਦੀਆਂ ਰਚਨਾਵਾਂ ਸੰਨ 1911 ਵਿਚ ਛਪਣੀਆਂ ਸ਼ੁਰੂ ਹੋ ਗਈਆਂ ਸਨ, ਜਦ ਉਹ ਕੇਵਲ 19 ਵਰ੍ਹਿਆਂ ਦਾ ਸੀ। ਪਾਸਤੋਵਸਕੀ ਦਾ ਜਨਮ ਸਾਲ 1892 ਵਿਚ ਹੋਇਆ ਸੀ ਅਤੇ ਦੇਹਾਂਤ ਸੰਨ 1968 ਵਿਚ ਹੋਇਆ, ਜਦ ਉਨ੍ਹਾਂ ਦੀ ਉਮਰ 76 ਵਰ੍ਹਿਆਂ ਦੀ ਸੀ।

ਸਾਲ 2013 ਵਿਚ ਪ੍ਰਕਾਸ਼ਿਤ ਹੋਈ ਇਸ 103 ਸਫ਼ਿਆਂ ਦੀ ਕਿਤਾਬ ਵਿਚ ਕੁੱਲ 8 ਕਹਾਣੀਆਂ ਹਨ। ਡੱਡੂ ਨਾਮ ਦੀ ਕਹਾਣੀ ਇੱਕ ਪਰੀ ਕਹਾਣੀ ਹੈ। ਇਸ ਤੋਂ ਇਲਾਵਾ ਜੰਗਲੀ ਗੁਲਾਬ ਅਤੇ ਜਾਦੂ ਦਾ ਫੁੱਲ ਕਹਾਣੀ ਮੈਨੂੰ ਪੰਸਦ ਆਈਆਂ। ਸਮੇਂ ਦੇ ਖੰਭ ਅਤੇ ਖ਼ਜ਼ਾਨਾ ਕਹਾਣੀਆਂ ਵੀ ਬਹੁਤ ਸੁਹਣੀਆਂ ਹਨ। ਖ਼ਜ਼ਾਨਾ ਕਹਾਣੀ ਬਹੁਤ ਹੀ ਮਾਸੂਮ ਜਿਹੀ ਕਹਾਣੀ ਹੈ। ਬਾਕੀ ਕਹਾਣੀਆਂ ਵੀ ਪੜ੍ਹਨਯੋਗ ਹਨ।

### 4. ਇਟਲੀ ਦੀਆਂ ਕਹਾਣੀਆਂ

ਚੌਥੇ ਨੰਬਰ ’ਤੇ ਜਿਸ ਕਿਤਾਬ ਬਾਰੇ ਗੱਲ ਕਰਨ ਜਾ ਰਹੇ ਹਾਂ, ਉਸ ਦਾ ਪੰਜਾਬੀ ਅਨੁਵਾਦ ਵੀ ਸੁਖਬੀਰ ਵੱਲੋਂ ਕੀਤਾ ਗਿਆ ਹੈ ਅਤੇ ਕਿਤਾਬ ਦਾ ਨਾਂ ਹੈ ‘ਇਟਲੀ ਦੀਆਂ ਕਹਾਣੀਆਂ’ ਅਤੇ ਇਨ੍ਹਾਂ ਕਹਾਣੀਆਂ ਦਾ ਲੇਖਕ ਹੈ ‘ਮੈਕਸਿਮ ਗੋਰਕੀ’ ਜਿਸ ਦੀ ਸੰਸਾਰ ਪ੍ਰਸਿੱਧ ਕਿਤਾਬ ਦਾ ਨਾਂ ਹੈ ‘ਮਾਂ’। ਇਸ ਕਿਤਾਬ ਨੂੰ ਵੀ ਨਵਯੁੱਗ ਪਬਲਿਸ਼ਰਜ਼ ਦਿੱਲੀ ਵੱਲੋਂ ਸਾਲ 2011 ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਮੈਕਸਿਮ ਗੋਰਕੀ ਦਾ ਜਨਮ ਸੰਨ 1868 ਵਿਚ ਹੋਇਆ ਸੀ ਅਤੇ ਦੇਹਾਂਤ 1936 ਵਿਚ ਹੋਇਆ ਸੀ। ਸਾਹਿਤ ਵਾਸੇਤ ਮਿਲ ਵਾਲੇ ਨੋਬਲ ਇਨਾਮ ਲਈ ਗੋਰਕੀ ਨੂੰ 5 ਵਾਰ ਨਾਮਜ਼ਦ ਕੀਤਾ ਗਿਆ ਸੀ।

ਇਹ ਕਿਤਾਬ ਵੱਡ ਆਕਾਰੀ ਹੈ, ਕਰੀਬ 294 ਪੰਨਿਆਂ ਦੀ ਇਸ ਕਿਤਾਬ ਵਿਚ 27 ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਵਿਚੋਂ ਮੈਨੂੰ ਮਾਂ, ਦੁਪਹਿਰ, ਬੁੱਢਾ ਚੇਕੋ, ਜਵਾਨ ਇਟਲੀ, ਈਸਟਰ ਆਦਿ ਕਹਾਣੀਆਂ ਬਹੁਤ ਪਸੰਦ ਆਈਆਂ ਅਤੇ ਬਿਨ੍ਹਾਂ ਸ਼ੱਕ ਬਾਕੀ ਕਹਾਣੀਆਂ ਵੀ ਬਹੁਤ ਵਧੀਆ ਅਤੇ ਪੜ੍ਹਨਯੋਗ ਹਨ।

### 4. ਪੂਰਬ ਦੀਆਂ ਧੀਆਂ - ਅਹਿਮਦ ਅਬੂ ਬਕਸ

ਦੂਜੇ ਨੰਬਰ ’ਤੇ ਗੱਲ ਕਰਦੇ ਹਾਂ ਅਹਿਮਦ ਅਬੂ ਬਕਸ ਦੇ ‘ਪੂਰਬ ਦੀਆਂ ਧੀਆਂ’ ਨਾਮੀਂ ਬਾ-ਕਾਮਲ ਨਾਵਲ ਬਾਰੇ। ਇਸ ਦਾ ਪੰਜਾਬੀ ਅਨੁਵਾਦ ਸੁਖਬੀਰ ਵੱਲੋਂ ਕੀਤਾ ਗਿਆ ਹੈ ਅਤੇ ਇਹ ਪਹਿਲੀ ਵਾਰ ਸਾਲ 2012 ਵਿਚ ਨਵਯੁੱਗ ਪਬਲਿਸ਼ਰਜ਼ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਸੰਨ 1962 ਵਿਚ ਲਿਖੇ ਗਏ ਲਗਭਗ 191 ਪੰਨਿਆਂ ਦੇ ਇਸ ਨਾਵਲ ਨੂੰ ਵਿੱਚੇ ਹੀ ਛੱਡ ਪਾਉਣਾ ਬੜਾ ਔਖਾ ਕੰਮ ਹੈ। ਇਸਦੇ ਅਰੰਭਿਕ 8 ਪੰਨਿਆਂ ’ਤੇ ਲੇਖਕ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਹੈ ਅਤੇ ਫਿਰ ਨਾਵਲ ਸ਼ੁਰੂ ਹੁੰਦਾ ਹੈ।

ਇਸ ਦੀ ਨਾਵਲ ਦੀ ਕਹਾਣੀ ਪੰਜ ਕੁੜੀਆਂ ਫਾਤਮਾ, ਜ਼ੈਨਬ, ਨਸੀਬਾ, ਕਿਸ-ਤਮਾਨ ਅਤੇ ਸਕੀਨਤ ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਇਕੋ ਪਿੰਡ ਵਿਚ ਇੱਕੋ ਰਾਤ ਜਨਮ ਲੈਂਦੀਆਂ ਹਨ ਅਤੇ ਫਿਰ ਇੱਕੇ ਸਕੂਲ ਵਿਚ ਪੜ੍ਹਦਿਆਂ ਕਸਮ ਖਾਂਧੀਆਂ ਹਨ ਕਿ ਉਹ ਪੜ੍ਹਨਗੀਆਂ ਅਤੇ ਵਿਆਹ ਵੱਲ ਧਿਆਨ ਨਹੀਂ ਦੇਣਗੀਆਂ, ਪਰ ਸਕੂਲ ਪੂਰਾ ਹੋਣਾ ਤੋਂ ਪਹਿਲਾਂ ਹੀ ਚਾਰ ਕੁੜੀਆਂ ਵਿਆਹੀਆਂ ਜਾਂਦੀਆਂ ਹਨ।

ਕਈ ਥਾਈਂ ਵੰਨ-ਸੁਵੰਨੇ ਮੋੜ ਕੱਟਦੀ ਨਾਵਲ ਦੀ ਕਹਾਣੀ ਸਾਨੂੰ ਦਾਗ਼ਿਸਤਾਨ ਦੇ ਸੱਭਿਆਚਾਰ, ਰੀਤੀ-ਰਿਵਾਜ਼ਾਂ ਅਤੇ ਪ੍ਰੰਪਰਾਂਵਾ ਬਾਰੇ ਦੱਸੀ ਹੋਈ ਰੁਮਾਂਚਿਤ ਕਰਦੀ ਹੋਈ ਅੱਗੇ ਵੱਧਦੀ ਹੈ ਕਿ ਵਿੱਚ-ਵਿੱਚ ਇੰਦਾਂ ਵੀ ਮਹਿਸੂਸ ਹੁੰਦਾ ਹੈ ਕਿ ਇਹ ਨਾਵਲ ਜਿਵੇਂ ਪੰਜਾਬ ਦੀ ਧਰਤੀ ਨਾਲ ਸਬੰਧ ਰੱਖਦਾ ਹੈ, ਪਰ ਕਿਉਂ? ਇਹ ਤਾਂ ਹੁਣ ਪਾਠਕ ਪੜ੍ਹ ਕੇ ਹੀ ਸਮਝ ਸਕਦੇ ਹਨ...

### 5. ਜਮੀਲਾ - ਚੰਗੀਜ਼ ਆਇਤਮਾਤੋਵ

ਅੱਗੇ ਗੱਲ ਕਰਦਾ ਹਾਂ ‘ਲੈਨਿਨ ਪੁਰਸਕਾਰ ਨਾਲ ਸਨਮਾਨਤ’ ‘ਰੂਸੀ ਨਾਵਲ ਜਮੀਲਾ ਦੀ।’ ਜੋ ਚੰਗੀਜ਼ ਆਇਤਮਾਤੋਵ ਵੱਲੋਂ ਲਿਖਿਆ ਗਿਆ ਅਤੇ ਪਹਿਲੀ ਵਾਰ 1958 ਵਿਚ ਛਪਿਆ ਸੀ।

ਕੇਵਲ 78 ਕੁ ਪੰਨਿਆਂ ਦਾ ਇਹ ਛੋਟਾ ਜਿਹਾ ਨਾਵਲ ਸੱਚੀ ਘਟਨਾ ’ਤੇ ਆਧਾਰਿਤ ਹੈ। ਇਹ ਕਹਾਣੀ ਲੇਖਕ ਦੀ ਆਪਣੀ ਭਰਜਾਈ ਜਮੀਲਾ (ਜਿਸਦਾ ਪਤੀ, ਸਾਦਿਕ, ਦੂਸਰੀ ਸੰਸਾਰ ਜੰਗ ਦੇ ਦੌਰਾਨ ਸੋਵੀਅਤ ਸੈਨਿਕ ਵਜੋਂ ਜੰਗ ਦੇ ਮੋਰਚੇ ਉੱਤੇ ਦੂਰ ਹੁੰਦਾ ਹੈ) ਅਤੇ ਇੱਕ ਮੁਕਾਮੀ ਅਪੰਗ ਨੌਜਵਾਨ, ਦੁਨੀਆਰ ਦੇ ਪਿਆਰ ਦਾ ਬਿਰਤਾਂਤ ਹੈ।

ਹੋਰ ਕਈ ਭਾਸ਼ਾਵਾਂ ਤੋਂ ਇਲਾਵਾ ਪੰਜਾਬੀ ਵਿਚ ਹੀ ਇਸ ਨਾਵਲ ਦੇ ਹੁਣ ਤੱਕ ਤਿੰਨ ਅਨੁਵਾਦ ਛੱਪ ਚੁੱਕੇ ਹਨ। ਜੋ ਮੈਂ ਪੜ੍ਹਿਆ ਹੈ ਇਹ ਦਰਸ਼ਨ ਗਿੱਲ (ਡਾਕਟਰ) ਵੱਲੋਂ ਕੀਤਾ ਗਿਆ ਅਤੇ ਮੇਰੇ ਕੋਲ ਇਹ 2020 ਵਿਚ ਛੱਪਿਆ ਚੌਥਾ ਐਡੀਸ਼ਨ ਸੀ, ਜਿਸ ਨੂੰ ਚੇਤਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ।

ਲੇਖਕ ਨੇ ਇਹ ਨਾਵਲ ‘ਵੱਡੇ ਭਰਾ ਸ਼ਾਹ ਚਮਨ ਨੂੰ ਅਤੇ ਭਾਬੀ ਜਮੀਲਾ’ ਨੂੰ ਸਮਰਪਣ ਕੀਤਾ ਹੈ। ਇਸ ਨਾਵਲ ਦੀ ਕਹਾਣੀ ਉੱਤੇ 1968 ਵਿਚ ਇੱਕ ਫ਼ਿਲਮ ਵੀ ਬਣ ਚੁੱਕੀ ਹੈ।

# ਸਿੱਖੀ ਸਿੱਖਿਆ ਗੁਰ ਵੀਚਾਰਿ



-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA


ਉਪਰੋਕਤ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ। ਇਸ ਮਹਾਂਵਾਕ ਦੇ ਸ਼ਬਦੀ ਅਰਥ ਹਨ ਕਿ ਸਿੱਖਣਾ, ਭਾਵ ਸਿੱਖ ਉਹ ਹੈ, ਜਿਹੜਾ ਸਿੱਖਿਆਰਥੀ ਹੈ। ਸਿੱਖਦੇ ਰਹਿਣਾ ਹੀ ਸਿੱਖੀ ਜੀਵਨ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੀ ਸਥਾਪਤੀ ਨੂੰ ਸਦੀਆਂ ਹੀ ਬੀਤ ਗਈਆਂ, ਅਜੇ ਇਸ ਵਿਸ਼ੇ ਬਾਰੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਸਮਾਜ ਤੇ ਵਰਤਮਾਨ ਸਮਾਜ ਵਿਚ ਕੋਈ ਅੰਤਰ ਨਹੀਂ ਆਇਆ। ਕਿਉਂਕਿ ਅਸੀਂ ਧਰਮ ਨੂੰ ਅੱਜ ਤੱਕ ਸਮਝ ਹੀ ਨਹੀਂ ਸਕੇ। ਅਸੀਂ ਗੁਰਬਾਣੀ ਪੜ੍ਹਦੇ ਹਾਂ, ਗੁਰੂ ਘਰ ਵੀ ਜਾਂਦੇ ਹਾਂ, ਕੀਰਤਨ ਤੇ ਕਥਾ ਵੀ ਸੁਣਦੇ ਹਾਂ, ਪਰ ਸਿੱਖਦੇ ਕੁਝ ਵੀ ਨਹੀਂ। ਭਾਵ ਗੁਰਬਾਣੀ ਮਨੁੱਖ ਨੂੰ ਸਿੱਖਿਆ ਕੀ ਦਿੰਦੀ ਹੈ। ਮਨੁੱਖ ਨੇ ਕਰਨਾ ਕੀ ਹੈ ਅਤੇ ਮਨੁੱਖ ਕਰ ਕੀ ਰਿਹਾ ਹੈ। ਇਹ ਦਸ਼ਾ ਇਕ ਸਾਧਾਰਨ ਸਿੱਖ ਦੀ ਹੀ ਨਹੀਂ, ਸਗੋਂ ਸਾਡੇ ਪ੍ਰਚਾਰਕਾਂ, ਧਾਰਮਿਕ ਆਗੂਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਵੀ ਇਹੋ ਦਸ਼ਾ ਹੈ।

ਕੇਸ ਦਾੜ੍ਹੀ ਰੱਖਣ ਅਤੇ ਅੰਮ੍ਰਿਤ ਛਕਣ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ, ਪਰ ਅਸੀਂ ਇਸ ਨੂੰ ਹੀ ਧਰਮ ਸਮਝਿਆ। ਇਹ ਤਾਂ ਸਿੱਖੀ ਸਰੂਪ ਹੈ ਅਤੇ ਜਿੰਨੀ ਦੇਰ ਸਿੱਖੀ ਕਿਰਦਾਰ ਦਾ ਮਨੁੱਖ ਨਹੀਂ ਬਣ ਸਕਦਾ ਹੈ। ਤੁਸੀਂ ਕੀ ਹੋ? ਤੁਹਾਡੇ ਪਾਸ ਕੀ ਹੈ? ਇਹ ਜੀਵਨ ਦੇ ਦੋ ਪਹਿਲੂ ਹਨ। ਅਸੀਂ ਜਾਇਦਾਦ ਬਣਾਉਣ, ਡਾਕਟਰ ਬਣਨ, ਅਧਿਆਪਕ ਬਣਨ ਦਾ ਯਤਨ ਕਰਦੇ ਹਾਂ ਅਤੇ ਬੱਚਿਆਂ ਨੂੰ ਇਸ ਦੀ ਸਿੱਖਿਆ ਦਿੰਦੇ ਹਾਂ, ਪਰ ਅਸੀਂ ਇਹ ਕਦੀਂ ਨਹੀਂ ਸੋਚਿਆ ਕਿ ਅਸੀਂ ਚੰਗੇ ਮਨੁੱਖ ਵੀ ਬਣਨਾ ਹੈ। ਇਕ ਚੰਗਾ ਡਾਕਟਰ ਬਣਨਾ, ਇਕ ਚੰਗਾ ਲੇਖਕ ਬਣਨਾ, ਇਕ ਚੰਗਾ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਇਕ ਚੰਗਾ ਮਨੁੱਖ ਬਣਨਾ ਦੂਜੀ ਗੱਲ ਹੈ। ਅੱਜ ਸਮਾਜ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸੱਭਿਆਚਾਰ, ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਭੁੱਲਦੇ ਜਾ ਰਹੇ ਹਾਂ। ਅੱਜ ਦਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਬਿਨਾਂ ਕੁਝ ਵੀ ਹੋਰ ਨਜ਼ਰ ਨਹੀਂ ਆਉਂਦਾ। ਅੱਜ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਗਏ ਹਾਂ। ਕਦੀ ਸਮਾਂ ਹੁੰਦਾ ਸੀ ਕਿ ਪਰਿਵਾਰਕ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ, ਭਾਵ ਚਾਚਾ, ਤਾਇਆ, ਮਾਮਾ, ਫੁੱਫੜ ਆਦਿ ਸ਼ਬਦ ਮਨੁੱਖੀ ਮਨ ਨੂੰ ਕਿੰਨਾ ਸਕੂਨ ਦਿੰਦੇ ਸੀ। ਪਰ ਅੱਜਕੱਲ੍ਹ ਆਂਟੀ ਤੇ ਅੰਕਲ ਹੀ ਰਹਿ ਗਿਆ ਹੈ। ਅਸੀਂ ਲੇਖ ਦਾ ਆਰੰਭ ਸਿੱਖਣ ਤੋਂ ਕੀਤਾ ਸੀ। ਸਿੱਖ ਧਰਮ ਦਾ ਆਰੰਭ ਵੀ ਸਿੱਖਣ ਤੋਂ ਹੀ ਹੋਇਆ ਸੀ। ਉਸ ਵੇਲੇ ਸਮਾਜ ਵਿਚ ਬਹੁਤ ਊਣਤਾਈਆਂ ਸਨ, ਭਾਵ ਮਨੁੱਖ, ਮਨੁੱਖ ਨੂੰ ਮਨੁੱਖ ਨਹੀਂ ਸਮਝਦਾ ਸੀ। ਊਚ-ਨੀਚ, ਜਾਤਾਂ-ਪਾਤਾਂ, ਅਮੀਰੀ-ਗਰੀਬੀ ਦਾ ਬੋਲਬਾਲਾ ਸੀ। ਰਾਜੇ ਹੀ ਆਪਣੀ ਪਰਜਾ ਉੱਤੇ ਅਕਹਿ ਅਤੇ ਅਸਹਿ ਜ਼ੁਲਮ ਕਰਦੇ ਸਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

“ਰਾਜੇ ਸ਼ੀਂਹ ਮੁਕੱਦਮ ਕੁੱਤੇ॥”

ਧਰਮ ਦਾ ਵੀ ਇਹੋ ਹਾਲ ਸੀ। ਇਸਤਰੀ ਜਾਤੀ ਦੀ ਦਸ਼ਾ ਵੀ ਬਿਆਨ ਤੋਂ ਬਾਹਰ ਸੀ, ਜਿਸ ਕਰਕੇ ਗੁਰੂ ਜੀ ਨੇ ਫੁਰਮਾਇਆ ਸੀ:

“ਸੋ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਜਾਨ॥”

ਗੁਰਬਾਣੀ ਪੜ੍ਹਨਾ, ਸਿਮਰਨ ਕਰਨਾ ਅਤੇ ਅੰਮ੍ਰਿਤ ਛਕਣਾ, ਇਹ ਚੰਗੇ ਮਨੁੱਖ ਬਣਨ ਦੇ ਸਾਧਨ ਹਨ, ਨਾ ਕਿ ਮਨੋਰਥ। ਸਿੱਖ ਧਰਮ ਅਤੇ ਗੁਰਬਾਣੀ ਮਨੁੱਖ ਨੂੰ ਪੂਰਨ ਮਨੁੱਖ ਬਣਨ ਦੀ ਸਿੱਖਿਆ ਦਿੰਦੀ ਹੈ। ਸਿੱਖ ਧਰਮ ਤੋਂ ਪਹਿਲੇ ਵੀ ਧਰਮ ਤਾਂ ਸਨ ਪਰ ਉਹ ਮਨੁੱਖਤਾ ’ਤੇ ਪੂਰੇ ਨਹੀਂ ਉਤਰਦੇ ਸਨ, ਜਿਵੇਂ ਨਿਰਧਨਾਂ ਨੂੰ ਤਾਂ ਮੰਦਰਾਂ ਵਿਚ ਜਾਣ ਦੀ ਵੀ ਆਗਿਆ ਨਹੀਂ ਸੀ ਅਤੇ ਅਮੀਰ ਗਰੀਬਾਂ ’ਤੇ ਜ਼ੁਲਮ ਕਰਦੇ ਸਨ। ਗੁਰੂ ਜੀ ਨੇ ਸਿੱਖ ਧਰਮ ਦੀ ਸਥਾਪਨਾ ਹੀ ਇਸ ਲਈ ਕੀਤੀ ਸੀ ਕਿ ਮਨੁੱਖ ਪੂਰਨ ਮਨੁੱਖ ਬਣੇ ਅਤੇ ਸੇਵਾ ਸਿਮਰਨ ਦਾ ਧਾਰਨੀ ਬਣੇ। ਗੁਰੂ ਜੀ ਨੇ ਮਨੁੱਖ ਨੂੰ ਚੰਗਾ ਮਨੁੱਖ ਬਣਕੇ ਸ਼ੁੱਭ ਕੰਮ ਕਰਨ ’ਤੇ ਜ਼ੋਰ ਦਿਤਾ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, “ਅਮਲਾਂ ’ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।” ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, “ਸ਼ੁੱਭ ਅਮਲਾਂ ਬਾਝੋਂ ਦੋਨੋ ਰੋਇ॥”

ਸੋ ਅੰਤ ਵਿਚ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਬੇਨੇਮੀ ਤੇ ਵਹਿਸ਼ੀਪੁਣੇ ਦੀ ਲਕੀਰ ਮਿੱਟ ਨਹੀਂ ਜਾਂਦੀ, ਭਾਵ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਤਾਂ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਦੂਸਰੀ ਗੱਲ, ਜਦੋਂ ਤੱਕ ਅਸੀਂ ਗੁਰਬਾਣੀ ਦੇ ਅਨੁਸਰ ਭਾਵ ਗੁਰੂ ਜੀ ਦੀ ਸਿੱਖਿਆ, ਉਪਦੇਸ਼ਾਂ ਤੇ ਸਿਧਾਂਤਾਂ ਦੇ ਅਨੁਸਾਰ, ਆਪਣਾ ਜੀਵਨ ਨਹੀਂ ਗੁਜ਼ਾਰਦੇ, ਮਨੁੱਖ ਜੀਵਨ ਸੁੱਖਮਈ, ਸ਼ਾਂਤ, ਸੰਤੁਸ਼ਟ ਤੇ ਖੁਸ਼ਹਾਲ ਨਹੀਂ ਹੋ ਸਕਦਾ। ਤੀਜੀ ਗੱਲ, ਚੰਗੇ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ, ਜਦੋਂ ਤੱਕ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਭਾਵ ਧਾਰਮਿਕ ਆਗੂ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਅਤੇ ਅਧਿਆਪਕ ਚੰਗੇ, ਸੱਚੇ ਤੇ ਸੁੱਚੇ ਕਿਰਦਾਰ ਵਾਲੇ ਨਹੀਂ ਹੁੰਦੇ।

ਮਨੁੱਖ ਨੇ ਸਿੱਖਣਾ ਕੀ ਹੈ? ਸਾਰੀ ਉਮਰ ਮਨੁੱਖ ਸਿੱਖਦਾ ਹੈ, ਜਿਹੜਾ ਸਿੱਖਣਾ ਚਾਹੁੰਦਾ ਹੈ, ਕਿਉਂਕਿ ਗਿਆਨ ਕਦੀ ਵੀ ਸਮਾਪਤ ਨਹੀਂ ਹੁੰਦੀ।

ਮਨੁੱਖ ਘੱਟੋ-ਘੱਟ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੇ ਅਤੇ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਧਾਰਨੀ ਬਣੇ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ “ਹੱਕ ਪਰਾਇਆ, ਨਾਨਕਾ ਉਸ ਸੂਅਰ ਉਸ ਗਾਇ॥” ਗਲਤ ਕੰਮ ਨਾ ਕਰੋ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, “ਐਸਾ ਕੰਮੁ ਮੂਲੇ ਨਾ ਕੀਚੇ ਜਿਤ ਅੰਤ ਪਛੋਤਾਈਐ॥” ਗੁਰੂ ਜੀ ਨੇ ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹਾਨਤਾ ਦਿੱਤੀ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, “ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥” ਜੇ ਤੁਸੀਂ ਬੰਦੇ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੋ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਬੁਰਾ ਵੀ ਨਾ ਕਰੋ। ਪਰਉਪਕਾਰੀ, ਕਲਿਆਣਕਾਰੀ ਅਤੇ ਮਾਨਵਵਾਦੀ ਬਣੋ। ਭੈੜੀ ਸੰਗਤ ਤੋਂ ਬਚੋ, ਕਿਉਂਕਿ ਜੈਸੀ ਸੰਗਤ ਵੈਸੀ ਰੰਗਤ।

ਸਿੱਖ ਕੌਮ ਜਾਂ ਸਿੱਖ ਭਾਈਚਾਰੇ ਲਈ ਸਭ ਤੋਂ ਜ਼ਰੂਰੀ ਗੱਲ ਸਿੱਖਣ ਵਾਲੀ ਇਹ ਹੈ ਕਿ ਕੌਮ ਨੂੰ ਏਕਤਾ ਦੀ ਲੋੜ ਹੈ। ਕੌਮ ਦੀ ਵਰਤਮਾਨ ਦਸ਼ਾ ਬਹੁਤ ਚਿੰਤਾ ਦਾ ਵਿਸ਼ਾ ਹੈ। ਪ੍ਰਾਪਤੀ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਵਾਸਤੇ ਅਨੁਸ਼ਾਸਨ ਤੇ ਏਕਤਾ ਦੀ ਲੋੜ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

“ਹੋਏ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰ ਨਾਮੈ ਕੇ ਹੋਵਉ ਜੋੜੀ, ਗੁਰ ਮੁਖਿ ਬੈਸਹੁ ਸਫਾ ਵਿਛਾਇ॥੧॥
ਜਬ ਲਗ ਦੁਨੀਆਂ ਰਹੀਏ, ਨਾਨਕ
ਕਿਛ ਸੁਣੀਐ, ਕਿਛੁ ਕਹੀਐ”॥

# ਮਹਾਤਮਾ ਬੁੱਧ ਦਾ ਜੀਵਨ ਅਤੇ ਸਿੱਖਿਆਵਾਂ



-ਜਸਵਿੰਦਰ ਸਿੰਘ ਰੁਪਾਲ
ਲੁਧਿਆਣਾ
98147-15796



ਪੰਜਾਬ ਮੇਲ USA

ਕਦੇ ਕਦਾਈਂ ਅਜਿਹੇ ਯੁੱਗਪੁਰਸ਼ ਇਸ ਧਰਤ 'ਤੇ ਆਉਂਦੇ ਹਨ, ਜਿਨ੍ਹਾਂ ਦਾ ਸੋਚਣ ਅਤੇ ਜੀਵਨ ਨੂੰ, ਸੰਸਾਰ ਨੂੰ ਅਤੇ ਇਸ ਦੇ ਵਰਤਾਰਿਆਂ ਨੂੰ ਦੇਖਣ ਦਾ ਨਜ਼ਰੀਆ ਆਮ ਲੋਕਾਈ ਨਾਲੋਂ ਵੱਖਰਾ ਹੁੰਦਾ ਹੈ। ਇਹ ਅੰਦਰੂਨੀ ਜਗਿਆਸਾ ਨਾਲ ਭਰੇ ਹੁੰਦੇ ਹਨ ਅਤੇ ਜੀਵਨ ਦੇ ਗੁੱਝੇ ਅਤੇ ਰਹੱਸਮਈ ਵਰਤਾਰਿਆਂ ਬਾਰੇ ਆਮ ਜਿਹੀ ਜਾਂ ਪ੍ਰਚੱਲਿਤ ਵਿਆਖਿਆ ਇਨ੍ਹਾਂ ਨੂੰ ਸੰਤੁਸ਼ਟ ਨਹੀਂ ਕਰਦੀ। ਫੇਰ ਇਹ ਅੰਦਰੂਨੀ ਖੋਜ ਵੱਲ ਹੋ ਤੁਰਦੇ ਹਨ ਅਤੇ ਜਦੋਂ ਇਸ ਖੋਜ ਤੋਂ ਬਾਅਦ ਦੁਨੀਆਂ ਨੂੰ ਸੰਬੋਧਿਤ ਹੁੰਦੇ ਹਨ, ਸਭ ਨੂੰ ਹੈਰਾਨ ਕਰ ਦਿੰਦੇ ਹਨ ਅਤੇ ਹਜ਼ਾਰਾਂ ਲੱਖਾਂ ਲੋਕ ਉਨ੍ਹਾਂ ਦੇ ਦੱਸੇ ਰਾਹ 'ਤੇ ਤੁਰਕੇ ਆਪਣੀ ਜ਼ਿੰਦਗੀ ਵਿਚ ਵੱਡੇ ਪਰਿਵਰਤਨ ਲੈ ਆਉਂਦੇ ਹਨ।

ਗੌਤਮ ਬੁੱਧ ਇੱਕ ਅਜਿਹੀ ਹੀ ਸ਼ਖਸੀਅਤ ਹੋਈ ਹੈ। ਉਨ੍ਹਾਂ ਦਾ ਜਨਮ 563 ਈਸਵੀ ਪੂਰਵ ਕਪਿਲਵਸਤੂ ਨੇੜੇ ਲੁਬਿਨੀ ਵਿਖੇ ਪਿਤਾ ਸੁਸ਼ੋਧਨ ਅਤੇ ਮਾਤਾ ਮਹਾਮਾਇਆ ਦੇ ਘਰ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਮ ਸਿਧਾਰਥ ਸੀ। ਜਨਮ ਦੇ ਇੱਕ ਹਫਤੇ ਬਾਅਦ ਹੀ ਆਪ ਦੀ ਮਾਤਾ ਦਾ ਦਿਹਾਂਤ ਹੋ ਗਿਆ ਅਤੇ ਆਪਦੀ ਮਾਸੀ ਪ੍ਰਜਾਪਤੀ ਨੇ ਆਪ ਨੂੰ ਪਾਲਣ ਦੀ ਜ਼ਿੰਮੇਵਾਰੀ ਨਿਭਾਈ। ਪਿਤਾ ਰਾਜਾ ਹੋਣ ਕਰਕੇ ਆਪ ਜੀ ਦਾ ਪਾਲਣ-ਪੋਸ਼ਣ ਬਹੁਤ ਹੀ ਲਾਡਾਂ ਨਾਲ ਅਤੇ ਹਰ ਸੁੱਖ-ਸਹੂਲਤਾਂ ਹੁੰਦਿਆਂ ਹੋਇਆ। ਪਰ ਆਪ ਜੀ ਦਾ ਮਨ ਸ਼ੁਰੂ ਤੋਂ ਹੀ ਅਧਿਆਤਮਕ ਬਿਰਤੀ ਵਾਲਾ ਸੀ। 16 ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਯਸ਼ੋਧਰਾ ਨਾਲ ਹੋ ਗਿਆ, ਜਿਸ ਦੇ ਉਦਰ ਤੋਂ ਰਾਹੁਲ ਨਾਂ ਦੇ ਬੇਟੇ ਨੇ ਜਨਮ ਲਿਆ। ਰਾਹੁਲ ਸ਼ਬਦ ਦਾ ਸ਼ਬਦਿਕ ਅਰਥ ਹੈ ਬੰਧਨ ਕਿਉਂਕਿ ਉਹ ਪਰਿਵਾਰ ਨੂੰ ਇੱਕ ਬੰਧਨ ਮਹਿਸੂਸ ਕਰਦੇ ਸਨ।

ਉਨ੍ਹਾਂ ਦੇ ਜੀਵਨ ਵਿਚ, ਉਨ੍ਹਾਂ ਦੀ ਬਿਰਤੀ ਵਿਚ ਇੱਕ ਵੱਡਾ ਮੋੜ ਉਦੋਂ ਆਇਆ, ਜਦੋਂ ਉਹ ਸ਼ਹਿਰ ਦੀ ਯਾਤਰਾ 'ਤੇ ਨਿਕਲੇ। ਪਿਤਾ ਦੀ ਇੱਛਾ ਅਨੁਸਾਰ ਸ਼ਹਿਰ ਨੂੰ ਪੂਰਾ ਸਜਾਇਆ ਗਿਆ ਸੀ ਅਤੇ ਹਰ ਪਾਸੇ ਖੁਸ਼ੀਆਂ ਦੇ ਨਜ਼ਾਰੇ ਪੇਸ਼ ਕੀਤੇ ਗਏ ਸਨ। ਪਰ ਤਿੰਨ ਦ੍ਰਿਸ਼ ਅਜਿਹੇ ਨਜ਼ਰ ਆਏ, ਜਿਨ੍ਹਾਂ ਨੇ ਸਿਧਾਰਥ ਦੀ ਸੋਚ ਨੂੰ ਹਿਲਾ ਕੇ ਰੱਖ ਦਿੱਤਾ। ਇੱਕ ਮ੍ਰਿਤਕ ਸਰੀਰ ਨੂੰ ਸ਼ਮਸ਼ਾਨ ਘਾਟ ਵੱਲ ਲਿਜਾਇਆ ਜਾ ਰਿਹਾ ਸੀ, ਦੂਜੇ ਬਿਮਾਰ ਵਿਅਕਤੀ ਅਤੇ ਤੀਸਰੇ ਬੁੱਢਾ ਵਿਅਕਤੀ ਉਨ੍ਹਾਂ ਲਈ ਹੈਰਾਨ ਕਰਨ ਵਾਲੇ ਨਜ਼ਾਰੇ ਸਨ। ਪੁੱਛੇ ਜਾਣ 'ਤੇ ਰਥਵਾਨ ਨੇ ਦੱਸਿਆ ਕਿ ਇਹ ਸਭ ਆਮ ਵਰਤਾਰਾ ਹੈ ਅਤੇ ਹਰ ਇੱਕ ਨੇ ਬੁੱਢੇ ਵੀ ਹੋਣਾ ਹੈ, ਬੀਮਾਰੀ ਵੀ ਕੁਦਰਤੀ ਹੈ ਅਤੇ ਅਖੀਰ ਵਿਚ ਹਰ ਇੱਕ ਦੀ ਮੌਤ ਵੀ ਹੋ ਜਾਣੀ ਹੈ। ਸਿਧਾਰਥ ਦੇ ਮਨ ਵਿਚ ਸੋਚਾਂ ਦੇ ਬੜੇ ਉਬਾਲ ਉੱਠੇ। ਕਿਉਂ, ਕਿਉਂ ਅਤੇ ਕਿਉਂ। ਇਹ ਸਭ ਕਿਉਂ ਹੈ ? ਕੀ ਇਸ ਤੋਂ ਬਚਣ ਦਾ ਵੀ ਕੋਈ ਰਸਤਾ ਹੈ ? ਇਹ ਵੀ ਜ਼ਿਕਰ ਹੈ ਕਿ ਇਸੇ ਯਾਤਰਾ ਵਿਚ ਉਨ੍ਹਾਂ ਨੂੰ ਇੱਕ ਸੰਨਿਆਸੀ ਵੀ ਨਜ਼ਰ ਆਇਆ, ਜਿਸ ਦੇ ਚਿਹਰੇ 'ਤੇ ਬੇਫਿਕਰੀ ਅਤੇ ਮਸਤੀ ਦਾ ਨੂਰ ਸੀ। ਸਿਧਾਰਥ ਨੂੰ ਉਸ ਆਨੰਦ ਦੀ ਖਿੱਚ ਪਈ। ਉਹ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਪਾਉਣ ਅਤੇ ਇੱਕ ਸਦੀਵੀ ਆਨੰਦ ਦੀ ਪ੍ਰਾਪਤੀ ਲਈ ਬਿਹਬਲ ਹੋਣ ਲੱਗੇ। ਇੱਕ ਸ਼ਾਮ ਨੂੰ ਉਹ ਆਪਣੀ ਪਤਨੀ ਅਤੇ ਪੁੱਤਰ ਨੂੰ ਸੁੱਤਿਆਂ ਛੱਡ ਕੇ ਆਪ ਜੰਗਲ ਵੱਲ ਨਿਕਲ ਗਏ।

ਉਦੋਂ ਉਨ੍ਹਾਂ ਦੀ ਉਮਰ ਮਹਿਜ਼ 29 ਸਾਲ ਦੱਸੀ ਜਾਂਦੀ ਹੈ। ਉਨ੍ਹਾਂ ਜੰਗਲ ਵਿਚ ਜਾ ਕੇ ਕਾਫੀ ਤਪੱਸਿਆ ਕੀਤੀ। ਇਸ ਦੌਰਾਨ ਆਪਣੇ ਸਰੀਰ ਨੂੰ ਕਸ਼ਟ ਵੀ ਦਿੱਤੇ। ਭੁੱਖਾਂ ਵੀ ਕੱਟੀਆਂ। ਪੂਰੇ 7 ਦਿਨ ਅਤੇ 7 ਰਾਤਾਂ ਉਨ੍ਹਾਂ ਦੀ ਅਖੰਡ ਸਮਾਧੀ ਲੱਗੀ ਰਹੀ ਹੋਣ ਦਾ ਵੀ ਜ਼ਿਕਰ ਹੈ। 6 ਸਾਲਾਂ ਬਾਅਦ ਉਨ੍ਹਾਂ ਨੂੰ ਗਯਾ ਵਿਖੇ ਨਿਰੰਜਨਾ ਨਦੀ ਦੇ ਕੰਢੇ ਇੱਕ ਦਰਖਤ ਹੇਠਾਂ ਬੈਠਿਆਂ ਉਹ ਗਿਆਨ ਪ੍ਰਾਪਤ ਹੋਇਆ, ਜਿਸ ਨੂੰ ਬੁੱਧਤਵ ਕਹਿ ਦਿੱਤਾ ਜਾਂਦਾ ਹੈ ਅਤੇ ਇਸ ਗਿਆਨ ਤੋਂ ਬਾਅਦ ਉਨ੍ਹਾਂ ਦੇ ਨਾਮ ਨਾਲ ਬੁੱਧ ਜੁੜ ਗਿਆ। ਗੌਤਮ ਬੁੱਧ ਤੋਂ ਮਹਾਤਮਾ ਬੁੱਧ ਬਣੇ ਸਿਧਾਰਥ ਨੇ ਫੈਸਲਾ ਕੀਤਾ ਕਿ "ਅਤਿ ਦਾ ਭੋਗੀ" ਹੋਣਾ ਅਤੇ "ਅਤਿ ਦਾ ਤਿਆਗੀ" ਹੋਣਾ ਦੋਵੇਂ ਠੀਕ ਨਹੀਂ ਹਨ। ਉਦੋਂ ਹੀ ਉਨ੍ਹਾਂ ਇੱਕ ਅਮੀਰ ਦੀ ਧੀ ਸੁਜਾਤਾ ਤੋਂ ਖੀਰ ਲੈ ਕੇ ਖਾਧੀ। ਉਹ ਬਨਾਰਸ ਵੱਲ ਚਲੇ ਗਏ। ਉਨ੍ਹਾਂ ਸਭ ਤੋਂ ਪਹਿਲਾਂ ਆਪਣਾ ਉਪਦੇਸ਼ ਪੰਜ ਵਿਅਕਤੀਆਂ ਨੂੰ ਦਿੱਤਾ, ਜਿਹੜੇ ਉਨ੍ਹਾਂ ਦੇ ਮੁਰੀਦ ਬਣ ਗਏ ਅਤੇ ਹੌਲੀ-ਹੌਲੀ ਹੋਰ ਲੋਕ ਮੁਰੀਦ ਬਣਦੇ ਗਏ ਅਤੇ ਬੋਧੀ ਸੰਘ ਦੀ ਸਥਾਪਨਾ ਹੋ ਗਈ। 80 ਸਾਲ ਦੀ ਉਮਰ ਵਿਚ ਆਪ ਨੂੰ ਮਹਾ ਨਿਰਵਾਣ ਦੀ ਪ੍ਰਾਪਤੀ ਹੋਈ ਅਤੇ 483 ਈਸਵੀ ਪੂਰਵ ਵਿਚ ਆਪ ਜੀ ਦਾ ਦਿਹਾਂਤ ਹੋ ਗਿਆ।

**ਬੁੱਧ ਦੀਆਂ ਸਿੱਖਿਆਵਾਂ:-** ਸਭ ਤੋਂ ਪਹਿਲਾਂ ਮਹਾਤਮਾ ਬੁੱਧ ਨੇ 4 ਸੱਚਾਈਆਂ ਦੱਸੀਆਂ, ਜੋ ਇਨ੍ਹਾਂ ਦੀਆਂ ਸਿੱਖਿਆਵਾਂ ਦਾ ਸਾਰ ਕਿਹਾ ਜਾ ਸਕਦਾ ਹੈ। ਇਹ ਸੱਚਾਈਆਂ ਹਨ:-

1. ਦੁਨੀਆਂ ਦੁੱਖਾਂ ਦਾ ਘਰ ਹੈ।
2. ਹਰ ਦੁੱਖ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੈ।
3. ਉਸ ਕਾਰਨ ਦੇ ਨਿਰਵਾਣ ਨਾਲ ਦੁੱਖਾਂ ਨੂੰ ਖਤਮ ਕੀਤਾ ਜਾ ਸਕਦਾ ਹੈ।
4. ਦੁੱਖਾਂ ਤੋਂ ਛੁਟਕਾਰੇ ਦਾ ਉਪਾਅ ਅਸ਼ਟ ਮਾਰਗ (ਅਸਟਾਂਗ) ਹੈ।

ਇਹ ਅਸ਼ਟ ਮਾਰਗ ਕੀ ਹੈ, ਉਹ ਵੀ ਜਾਣ ਲਈਏ। ਇਸ ਵਿਚ ਕੁਝ ਗੁਣਾਂ ਦਾ ਜ਼ਿਕਰ ਹੈ, ਜੋ ਧਾਰਨ ਕਰਨੇ ਜ਼ਰੂਰੀ ਹਨ।

## ਇਹ ਅੱਠ ਮਾਰਗ ਹਨ:-

1. ਠੀਕ ਗਿਆਨ, 2. ਠੀਕ ਸੰਕਲਪ, 3. ਠੀਕ ਬਚਨ, 4. ਠੀਕ ਕਰਮ (ਇਸ ਲਈ ਪੰਚਸ਼ੀਲ ਸਿਧਾਂਤ ਵੀ ਦਿੱਤਾ ਗਿਆ),
5. ਠੀਕ ਜੀਵਿਕਾ, 6. ਠੀਕ ਯਤਨ, 7. ਠੀਕ ਸਮ੍ਰਿਤੀ, 8. ਠੀਕ ਸਮਾਧੀ।

ਇਨ੍ਹਾਂ ਅੱਠਾਂ 'ਤੇ ਪਹਿਰਾ ਦੇ ਕੇ ਇੱਕ ਜਗਿਆਸੂ ਨਿਰਵਾਣ ਪਦ ਦੀ ਪ੍ਰਾਪਤੀ ਕਰ ਸਕਦਾ ਹੈ।

ਪੰਚ ਸ਼ੀਲ ਸਿਧਾਂਤ ਇਹ ਹੈ:-

1. ਅਹਿੰਸਾ, 2. ਅਸਤਿਯ ਦੂਜੇ ਦਾ ਮਾਲ ਨਾ ਲੈਣਾ, 3. ਸਤਿ ਭਾਸ਼ਣ, 4. ਬ੍ਰਹਮਚਰਯ, 5. ਨਸ਼ਾ ਨਾ ਕਰਨਾ।

**ਪ੍ਰਮਾਤਮਾ ਬਾਰੇ ਵਿਚਾਰ:-** ਪ੍ਰਮਾਤਮਾ ਬਾਰੇ ਮਹਾਤਮਾ ਬੁੱਧ ਬਿਲਕੁਲ ਚੁੱਪ ਹਨ। ਉਹ ਨਾ ਤਾਂ ਉਸਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਹਨ, ਅਤੇ ਨਾ ਹੀ ਉਸਦੇ ਨਾ ਹੋਣ ਦਾ ਪ੍ਰਚਾਰ ਕਰਦੇ ਹਨ। ਇੱਕ ਵਾਕਿਆ ਆਉਂਦਾ ਹੈ ਉਨ੍ਹਾਂ ਦੇ ਜੀਵਨ ਵਿਚ, ਜੋ ਉਨ੍ਹਾਂ ਦੇ ਪਰਮ ਸ਼ਾਗਿਰਦ ਆਨੰਦ ਨੇ ਬਿਆਨ ਕੀਤਾ ਹੈ। ਇੱਕ ਵਾਰੀ ਇੱਕ ਨਾਸਤਕ ਵਿਅਕਤੀ ਬੁੱਧ ਕੋਲ ਆਇਆ ਅਤੇ ਰੱਬ ਦੇ ਨਾ ਹੋਣ ਬਾਰੇ ਕਿਹਾ। ਬੁੱਧ ਉਸ ਨੂੰ ਕਹਿੰਦੇ ਕਿ ਐਡਾ ਵੱਡਾ ਪਸਾਰਾ ਹੈ, ਕੋਈ ਨਾ ਕੋਈ ਤਾਂ ਇਸਦਾ ਕਰਤਾ ਹੋਏਗਾ ਹੀ। ਸਭ ਕੁਝ ਆਪਣੇ ਆਪ ਕਿਵੇਂ ਹੋ ਸਕਦਾ ਹੈ। ਕੁਝ ਦੇਰ ਬਾਅਦ ਇੱਕ ਆਸਤਿਕ ਵਿਅਕਤੀ ਆਇਆ ਅਤੇ ਬੋਲਿਆ ਕਿ ਸਭ ਕੁਝ ਪ੍ਰਮਾਤਮਾ ਹੀ ਕਰ ਰਿਹਾ ਹੈ। ਉਸਦੀ ਮਰਜ਼ੀ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ। ਬੁੱਧ ਉਸ ਨੂੰ ਬੋਲੇ ਕਿ ਕਿਹੜਾ ਰੱਬ ? ਕਿੱਥੇ ਹੈ ਉਹ ? ਜਗਤ ਤਾਂ ਸਵੈ ਚਾਲਿਤ ਹੈ। ਕਿਸੇ ਰੱਬ ਨੇ ਉਸਨੂੰ ਨਹੀਂ ਬਣਾਇਆ। ਹੁਣ ਇੱਕ ਤੀਸਰਾ ਬੰਦਾ ਆਇਆ ਅਤੇ ਬੋਲਿਆ ਕਿ ਮਹਾਤਮਾ ਜੀ ਕੁਝ ਲੋਕ ਕਹਿੰਦੇ ਹਨ ਕਿ ਸਾਰਾ ਕੁਝ ਰੱਬ ਦੇ ਹੁਕਮ ਵਿਚ ਹੈ ਅਤੇ ਕੁਝ ਰੱਬ ਨੂੰ ਬਿਲਕੁਲ ਵੀ ਨਹੀਂ ਮੰਨਦੇ। ਮੈਂ ਬੜਾ ਸ਼ਸ਼ੋਪੰਜ ਵਿਚ ਹਾਂ। ਮੈਨੂੰ ਰਸਤਾ ਦੱਸੋ। ਮਹਾਤਮਾ ਬੁੱਧ ਉਸਨੂੰ ਕਹਿਣ ਲੱਗੇ ਕਿ ਮੈਂ ਵੀ ਤੇਰੇ ਵਰਗਾ ਹੀ ਹਾਂ। ਆ ਆਪਾਂ ਮਿਲ ਕੇ ਇਹ ਖੋਜ ਕਰੀਏ।

ਆਨੰਦ ਬੜਾ ਹੈਰਾਨ ਹੋਇਆ ਅਤੇ ਉਸ ਨੇ ਪੁੱਛਿਆ ਕਿ ਇੱਕੋ ਪ੍ਰਸ਼ਨ ਦੇ ਤੁਸੀਂ ਤਿੰਨ ਵੱਖਰੇ-ਵੱਖਰੇ ਜਵਾਬ ਕਿਉਂ ਦਿੱਤੇ। ਅਸਲ ਜਵਾਬ ਕਿਹੜਾ ਹੈ। ਬੁੱਧ ਨੇ ਮੁਸਕਰਾਉਂਦਿਆ ਜਵਾਬ ਦਿੱਤਾ ਕਿ ਪਹਿਲਾ ਵਿਅਕਤੀ ਭਟਕਿਆ ਹੋਇਆ ਹੈ। ਖੋਜ ਕਰਨ ਦੀ ਹਿੰਮਤ ਨਹੀਂ ਤੇ ਸੁਣ ਸੁਣਾ ਕੇ ਰੱਬ ਨੂੰ ਨਿੰਦਣ ਤੁਰ ਪਿਆ। ਦੂਸਰਾ ਵਿਅਕਤੀ ਜ਼ਿਆਦਾ ਸ਼ਰਧਾਲੂ ਸੀ, ਉਸ ਨੂੰ ਆਪਣਾ ਅਨੁਭਵ ਬਿਲਕੁਲ ਨਹੀਂ ਸੀ। ਪੜ੍ਹ ਸੁਣ ਕੇ ਹੀ ਕਹਿ ਰਿਹਾ ਸੀ ਕਿ ਸਭ ਕੁਝ ਪ੍ਰਮਾਤਮਾ ਹੀ ਕਰ ਰਿਹਾ ਹੈ। ਅਸਲ ਵਿਚ ਤੀਸਰਾ ਵਿਅਕਤੀ ਅਸਲ ਜਗਿਆਸੂ ਸੀ। ਉਸ ਨੂੰ ਅੰਦਰਲੇ ਮਾਰਗ ਲਈ ਮੈਂ ਇਸੇ ਲਈ ਪ੍ਰੇਰਿਆ ਸੀ। ਇਸ ਤਰ੍ਹਾਂ ਉਹ ਆਤਮਾ ਪ੍ਰਮਾਤਮਾ ਦੀ ਬੇਲੋੜੀ ਬਹਿਸ ਤੋਂ ਬਚੇ ਰਹਿੰਦੇ ਸਨ ਅਤੇ ਮਨੁੱਖ ਦੀ ਅੰਦਰੂਨੀ ਤਰੱਕੀ ਲਈ ਯਤਨ ਕਰਨ 'ਤੇ ਜ਼ੋਰ ਦਿੰਦੇ ਸਨ। ਮਹਾਤਮਾ ਬੁੱਧ ਆਪਣੇ ਸ਼ਗਿਰਦਾਂ ਨੂੰ ਅਕਸਰ ਕਹਿੰਦੇ ਸਨ, ਕਿ ਮੇਰੀ ਹਰ ਗੱਲ ਨੂੰ ਅੰਤਿਮ ਨਹੀਂ ਮੰਨ ਲੈਣਾ। ਖੁਦ ਖੋਜ ਕਰਨੀ ਹੈ। ਆਪ ਅਸ਼ਟ ਮਾਰਗ 'ਤੇ ਚੱਲ ਕੇ ਸਮਾਧੀ ਲਗਾਓ ਅਤੇ ਨਿਰਵਾਣ ਪਦ ਨੂੰ ਪ੍ਰਾਪਤ ਕਰੋ। ਇਸੇ ਲਈ ਕੁਝ ਵਿਦਵਾਨਾਂ ਅਨੁਸਾਰ ਬੁੱਧ ਧਰਮ ਨਹੀਂ, ਸਗੋਂ ਇੱਕ ਅਧਿਆਤਮਕ ਫਲਸਫਾ ਕਹਿਣਾ ਵਧੇਰੇ ਠੀਕ ਹੈ।

**ਬੋਧੀ ਗ੍ਰੰਥ:-** ਮੁੱਖ ਰੂਪ ਵਿਚ ਤਿੰਨ ਗ੍ਰੰਥ ਹਨ, ਜਿਨ੍ਹਾਂ ਨੂੰ ਤ੍ਰਿਪਿਟਕ ਕਿਹਾ ਜਾਂਦਾ ਹੈ। ਪਿਟਕ ਦਾ ਅਰਥ ਹੈ ਟੋਕਰੀ। ਇਹ ਗ੍ਰੰਥ ਗਿਆਨ ਦੀਆਂ ਟੋਕਰੀਆਂ ਹੀ ਤਾਂ ਹਨ।

1. **ਸੁਤ ਪਿਟਕ** :- ਇਹ ਪਾਲੀ ਭਾਸ਼ਾ ਵਿਚ ਲਿਖਿਆ ਹੋਇਆ ਗ੍ਰੰਥ ਹੈ, ਜਿਸ ਦੇ ਅੱਗੇ ਪੰਜ ਭਾਗ ਹਨ, ਜਿਨ੍ਹਾਂ ਨੂੰ ਨਿਕਾਯ ਕਿਹਾ ਜਾਂਦਾ ਹੈ।

ਇਸ ਵਿਚ ਦਿਆ ਨਿਕਾਯ, ਮਝਿਆ ਨਿਕਾਯ, ਸੰਯੁਤ ਨਿਕਾਯ, ਅੰਗਤਰ ਨਿਕਾਯ, ਖ਼ੁਦਕ ਨਿਕਾਯ ਹਨ।

ਇਸ ਤੋਂ ਬਿਨਾਂ ਇਸ ਵਿਚ ਬੋਧੀ ਗੀਤਾ, ਥੇਰ ਗਾਥਾ ਅਤੇ ਜਾਤਕ ਵੀ ਹਨ।

2. **ਵਿਨੈ ਪਿਟਕ** :- ਇਸ ਦੇ ਅੱਗੇ ਭਾਗ ਹਨ ਪਾਤੀ ਮੋਖ, ਮਹਾਵਗ ਅਤੇ ਚੁਲਵਗ।
3. **ਅਭਿਧਮ ਪਿਟਕ** :- ਇਸ ਦਾ ਅਰਥ ਹੈ ਉੱਚ ਪਾਏ ਦੀਆਂ ਸਿੱਖਿਆਵਾਂ।

ਇਸ ਵਿਚ ਧਮ ਸੰਗਨੀ, ਵਿਭੰਗ, ਧਾਤੂ ਕਥਾ, ਪੁਗਲਧਣਿਤ, ਕਥਾਵਯੁਗ, ਯਮਕ ਪਠਾਨ।

ਇਸ ਸਮੇਂ ਬੋਧੀ ਸੰਘ ਦੇ ਮੁੱਖ ਰੂਪ ਵਿਚ ਦੋ ਹਿੱਸੇ ਹੋ ਚੁੱਕੇ ਹਨ। ਮਹਾਯਾਨ ਅਤੇ ਹੀਨਯਾਨ।

ਮਹਾਯਾਨ ਨਵੇਂ ਵਿਚਾਰਾਂ ਦਾ ਸਵਾਗਤ ਕਰਨ ਵਾਲਾ ਹੈ, ਜਦਕਿ ਹੀਨਯਾਨ ਪੁਰਾਣੀ ਪ੍ਰੰਪਰਾ ਨੂੰ ਪਕੜਨ ਵਾਲੇ ਹਨ। ਅੱਗੋਂ ਇਨ੍ਹਾਂ ਦੇ ਵੀ ਦੋ ਦੋ ਹਿੱਸੇ ਹੋ ਚੁੱਕੇ ਹਨ- ਯੋਗਾਚਾਰ ਅਤੇ ਮਾਧਮਿਕ ਪਹਿਲੇ ਯਾਨੀ ਮਹਾਯਾਨ ਵਿਚੋਂ ਨਿਕਲੇ ਹਨ, ਜਦਕਿ ਵੈਭਾਸ਼ਿਕ ਅਤੇ ਸੌਤ੍ਰਾਤਿਮ, ਹੀਨ ਯਾਨ ਵਿਚੋਂ ਨਿਕਲੇ ਹਨ। ਪਹਿਲੇ ਨੇ ਸੰਸਕ੍ਰਿਤ ਭਾਸ਼ਾ ਨੂੰ ਅਪਣਾ ਲਿਆ ਹੈ, ਜਦਕਿ ਦੂਜੇ ਪਾਲੀ ਭਾਸ਼ਾ ਵਿਚ ਹੀ ਹਨ।

ਇਹ ਕੋਈ ਨਵੀਂ ਗੱਲ ਨਹੀਂ ਹੈ। ਹਰ ਧਰਮ ਦੇ ਬੀਤਣ ਤੋਂ ਬਾਅਦ ਉਸ ਦੇ ਸ਼ਗਿਰਦਾਂ ਦੇ ਵਿਚਾਰਾਂ ਵਿਚ ਭਿੰਨਤਾ ਕਾਰਨ ਨਵਾਂ ਪੰਥ ਪੈਦਾ ਹੋ ਜਾਣਾ ਆਮ ਹੀ ਹੈ। ਕੁਝ ਵੀ ਹੋਵੇ, ਅੱਜ ਵੀ ਕੁਝ ਦੇਸ਼ਾਂ ਵਿਚ ਬੁੱਧ ਧਰਮ ਨੇ ਆਪਣਾ ਵਧੀਆ ਪ੍ਰਭਾਵ ਬਣਾਇਆ ਹੋਇਆ ਹੈ।

# ਗੁੰਮ ਸੀਮਾਵਾਂ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ
ਕਾਲਮਨਵੀਸ, ਮਲੋਟ (ਪੰਜਾਬ)




ਪੰਜਾਬ ਮੇਲ USA

ਜਦੋਂ ਬੱਚੇ ਚੀਜ਼ਾਂ ਸਮਝਣ ਲੱਗ ਪੈਂਦੇ ਹਨ, ਤਾਂ ਉਹ ਆਮ ਤੌਰ 'ਤੇ ਹਾਊਸ-ਹਾਊਸ ਖੇਡਦੇ ਹਨ। ਬਚਪਨ ਵਿਚ, ਉਹ ਆਪਣੇ ਬਣਾਏ ਘਰਾਂ, ਜਿਵੇਂ ਕਿ ਮਿੱਟੀ ਅਤੇ ਰੇਤ ਦੇ ਘਰਾਂ, ਲਈ ਵੀ ਆਪਸ ਵਿਚ ਲੜਦੇ ਹਨ। ਉਹ ਇੱਕ ਦੂਜੇ ਦੇ ਘਰ ਤਬਾਹ ਕਰਦੇ ਹਨ। ਇਹ ਸਭ ਬਚਪਨ ਦੌਰਾਨ, ਕਈ ਵਾਰ ਬਚਪਨ ਵਿਚ ਵੀ। ਪਰ ਜਿਵੇਂ-ਜਿਵੇਂ ਅਸੀਂ ਵੱਡੇ ਹੁੰਦੇ ਹਾਂ, ਅਸੀਂ ਬਹੁਤ ਸਾਰੀਆਂ ਚੀਜ਼ਾਂ ਨੂੰ ਸਮਝਣ ਲੱਗ ਪੈਂਦੇ ਹਾਂ; ਅਸੀਂ ਘਰ ਦੀ ਮਹੱਤਤਾ, ਇਸਦੇ ਅਰਥ ਅਤੇ ਪਰਿਵਾਰਕ ਮੈਂਬਰਾਂ ਦੀ ਮਹੱਤਤਾ ਨੂੰ ਵੀ ਜਾਣਨਾ ਸ਼ੁਰੂ ਕਰਦੇ ਹਾਂ। ਕਈ ਵਾਰ, ਉਹ ਆਪਣੇ ਹੱਕਾਂ ਦਾ ਦਾਅਵਾ ਵੀ ਕਰਨਾ ਸ਼ੁਰੂ ਕਰ ਦਿੰਦੇ ਹਨ। ਸ਼ਾਇਦ ਇੱਥੋਂ ਹੀ ਪੂਰੇ ਘਰ ਨੂੰ ਆਪਣੇ ਸਿਰ ਲੈਣ ਦੀ ਸ਼ੁਰੂਆਤ ਹੋਈ। ਪਰ ਇਸ ਦੌਰਾਨ, ਇਹ ਭਾਵਨਾ ਘਰ ਵਿਚ ਜੀਵਨ ਦਾ ਮਾਹੌਲ ਵੀ ਪੈਦਾ ਕਰਦੀ ਹੈ; ਘਰ ਦੇ ਸਾਰੇ ਲੋਕ ਆਪਣਾ ਰੋਜ਼ਾਨਾ ਜੀਵਨ ਖੁਸ਼ੀ ਅਤੇ ਭਵਿੱਖ ਦੀ ਉਮੀਦ ਨਾਲ ਜੀਉਂਦੇ ਹਨ। ਦੂਜੇ ਪਾਸੇ, ਸ਼ਹਿਰਾਂ ਵਿਚ ਆਉਣ ਵਾਲੇ ਜ਼ਿਆਦਾਤਰ ਲੋਕਾਂ ਨੇ ਆਪਣੇ ਪਿੰਡ ਦੇ ਘਰ ਛੱਡ ਦਿੱਤੇ ਹੋਣਗੇ ਜਾਂ ਵੇਚ ਦਿੱਤੇ ਹੋਣਗੇ, ਪਰ ਅਸਲ ਵਿਚ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਏ ਹਨ। ਫਿਰ ਇਹ ਬਿਲਕੁਲ ਜ਼ਰੂਰੀ ਜਾਪਦਾ ਹੈ ਕਿ ਘਰ ਦੀ ਜਗ੍ਹਾ ਇੱਕ ਘਰ ਬਣਾਇਆ ਜਾਵੇ। ਘਰ ਵਿਚ ਰਹਿਣਾ ਮਹੱਤਵ ਦਿੰਦਾ ਹੈ। ਫਿਰ ਵੀ, ਇੱਥੇ ਅਤੇ ਉੱਥੇ ਬਹੁਤ ਸਾਰੇ ਲੋਕ ਉੱਚੀਆਂ ਇਮਾਰਤਾਂ ਦੇ ਫਲੈਟਾਂ ਵਿਚ ਰਹਿੰਦੇ ਦੇਖੇ ਜਾਂਦੇ ਹਨ, ਜਿੱਥੇ ਅਕਸਰ ਆਪਣੇ ਲੋਕਾਂ ਨੂੰ ਘੱਟ ਅਤੇ ਅਜਨਬੀਆਂ ਨੂੰ ਜ਼ਿਆਦਾ ਦੇਖਿਆ ਜਾਂਦਾ ਹੈ। ਅੱਧ-ਦਿਲੇ ਰਿਸ਼ਤਿਆਂ ਵਿਚ ਦੇਖੇ ਜਾਣ ਵਾਲੇ ਲੋਕ ਆਪਣੀ ਤਰ੍ਹਾਂ ਦੀ ਜ਼ਿੰਦਗੀ ਜੀਉਂਦੇ ਹਨ। ਜੇ ਤੁਸੀਂ ਧਿਆਨ ਨਾਲ ਦੇਖੋਗੇ, ਤਾਂ ਉਨ੍ਹਾਂ ਦੀ ਇੱਕ ਵੱਖਰੀ ਪਛਾਣ, ਵੱਖਰਾ ਸੱਭਿਆਚਾਰ ਅਤੇ ਸਮਾਜ ਹੈ। ਆਧੁਨਿਕ ਜੀਵਨ ਸ਼ੈਲੀ ਵਿਚ ਉਨ੍ਹਾਂ ਦਾ ਸਾਰਾ ਕੰਮ ਹੁਣ ਆਮ ਤੌਰ 'ਤੇ ਔਨਲਾਈਨ ਕੀਤਾ ਜਾਂਦਾ ਹੈ। ਜੇਕਰ ਲੋਕ ਜੋ ਇਸ ਤਰ੍ਹਾਂ ਵਟਸਐਪ 'ਤੇ ਦਿਨ-ਰਾਤ ਬਿਤਾਉਂਦੇ ਹਨ, ਉਹ ਅਜਿਹਾ ਕਰਦੇ ਹਨ, ਤਾਂ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਕਿਵੇਂ ਕਰਨਾ ਚਾਹੀਦਾ ਹੈ ? ਇੱਕ ਤਰ੍ਹਾਂ ਨਾਲ, ਸਮੇਂ ਦੀ ਉਨ੍ਹਾਂ ਦੀ 'ਕਦਰ' ਨੇ ਉਨ੍ਹਾਂ ਨੂੰ ਸਮੇਂ ਦੇ ਗੁਲਾਮ ਬਣਾ ਦਿੱਤਾ ਹੈ। ਇੱਥੇ ਅਸੀਂ ਉਨ੍ਹਾਂ ਘਰਾਂ ਬਾਰੇ ਗੱਲ ਕਰ ਰਹੇ ਹਾਂ, ਜਿੱਥੇ ਪਹਿਲਾਂ 'ਅਸੀਂ ਦੋ ਅਤੇ ਸਾਡਾ ਇੱਕ ਜਾਂ ਦੋ' ਹੁੰਦਾ ਸੀ। ਇਹ ਲੋਕ ਜ਼ਿਆਦਾਤਰ ਹੋਟਲਾਂ ਅਤੇ ਰੈਸਟੋਰੈਂਟਾਂ ਵਿਚ ਬਾਹਰ ਖਾਂਦੇ-ਪੀਂਦੇ ਹਨ। ਘਰ ਵਿਚ ਉਨ੍ਹਾਂ ਦਾ ਇੰਤਜ਼ਾਰ ਕਰਨ ਵਾਲਾ ਕੋਈ ਨਹੀਂ ਹੈ, ਨਾ ਹੀ ਉਨ੍ਹਾਂ ਨੂੰ ਕਿਸੇ ਦੀ ਉਡੀਕ ਕਰਨੀ ਪੈਂਦੀ ਹੈ। ਇਹ ਸਥਿਤੀ ਇਸ ਜੀਵਨ ਸ਼ੈਲੀ ਨੂੰ ਜੀਉਣ ਵਾਲੇ ਜ਼ਿਆਦਾਤਰ ਲੋਕਾਂ ਨੂੰ ਪਰੇਸ਼ਾਨ ਨਹੀਂ ਕਰਦੀ ਕਿਉਂਕਿ ਉਹ ਇਸਦੇ ਆਦੀ ਹੋ ਗਏ ਹਨ। ਕਈ ਵਾਰ ਇਹ ਸਮਝ ਤੋਂ ਪਰੇ ਜਾਪਦਾ ਹੈ ਕਿ ਔਰਤਾਂ ਆਪਣੀ ਪੂਰੀ ਜ਼ਿੰਦਗੀ ਆਪਣੇ ਪਤੀ, ਬੱਚਿਆਂ ਅਤੇ ਪੋਤੇ-ਪੋਤੀਆਂ ਨਾਲ ਮੌਜ-ਮਸਤੀ ਵਿਚ ਬਿਤਾਉਂਦੀਆਂ ਹਨ, ਪਰ ਉਹ ਆਪਣੇ ਘਰ ਅਤੇ ਆਪਣੇ ਮਾਪਿਆਂ ਦੇ ਘਰ ਨੂੰ ਕਦੇ ਨਹੀਂ ਭੁੱਲਦੀਆਂ। ਕਦੇ-ਕਦੇ, ਜਾਂ ਕਦੇ ਕਿਸੇ ਮਾਮੂਲੀ ਗੱਲ ਕਾਰਨ ਜਾਂ ਗੁੱਸੇ ਵਿਚ, ਮੈਨੂੰ ਆਪਣੀ ਮਾਂ ਦਾ ਘਰ ਯਾਦ ਆਉਂਦਾ ਹੈ। ਇੱਥੇ ਘਰ ਦੀ ਪ੍ਰਸ਼ੰਸਾ ਕਰਨ ਪਿੱਛੇ ਵਿਚਾਰ ਇਹ ਹੈ ਕਿ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ, ਬਹੁਤ ਸਾਰੇ ਲੋਕਾਂ ਨੇ ਘਰ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਜੋ ਕੰਮ ਪਹਿਲਾਂ ਘਰਾਂ ਤੋਂ ਸ਼ੁਰੂ ਹੁੰਦਾ ਸੀ, ਉਹ ਹੁਣ ਬਾਹਰ ਕੀਤਾ ਜਾ ਰਿਹਾ ਹੈ। ਸਗੋਂ, ਕਈ ਥਾਵਾਂ 'ਤੇ ਯੋਜਨਾਬੱਧ ਢੰਗ ਨਾਲ ਬਾਹਰ ਹੋ ਰਹੇ ਹਨ। ਵਿਆਹ ਜਾਂ ਪਾਰਟੀਆਂ ਘਰਾਂ ਦੇ ਬਾਹਰ ਸ਼ਾਨਦਾਰ ਫੰਕਸ਼ਨ ਹਾਲਾਂ ਵਿਚ ਹੁੰਦੀਆਂ ਹਨ। ਪੈਸੇ ਦੇ ਸਾਹਮਣੇ ਰਿਸ਼ਤੇ, ਰੀਤੀ-ਰਿਵਾਜ਼ ਅਤੇ ਇੱਥੋਂ ਤੱਕ ਕਿ ਪ੍ਰੰਪਰਾਵਾਂ ਵੀ ਬੌਣੀਆਂ ਜਾਪਦੀਆਂ ਹਨ। ਘਰ ਭੁੱਲਿਆ ਜਾ ਰਿਹਾ ਹੈ। ਕਈ ਵਾਰ ਘਰ ਦੇ ਦਰਵਾਜ਼ੇ 'ਤੇ ਵਿਆਹ ਦਾ ਜਲੂਸ ਆ ਜਾਂਦਾ ਸੀ, ਜਾਂ ਕੁੜੀ ਨੂੰ ਘਰੋਂ ਵਿਦਾ ਕਰ ਦਿੱਤਾ ਜਾਂਦਾ ਸੀ। ਹੁਣ ਇਹ ਸਭ ਭੁੱਲ ਗਿਆ ਹੈ। ਸ਼ੁਰੂ ਵਿਚ, ਬੱਚਿਆਂ ਵਿਚ "ਘਰ-ਘਰ" ਖੇਡਣ ਦਾ ਵਿਚਾਰ ਸਿਰਫ ਇਹ ਦਰਸਾਉਣ ਲਈ ਸੀ ਕਿ ਘਰ ਦੀ ਕਿੰਨੀ ਮਹੱਤਤਾ ਅਤੇ ਰੁਤਬਾ ਹੈ। ਸਿਰਫ਼ ਚਾਰ ਦੀਵਾਰੀ ਦੇ ਅੰਦਰ ਬਣੀ ਜਗ੍ਹਾ ਨੂੰ ਘਰ ਨਹੀਂ ਕਿਹਾ ਜਾ ਸਕਦਾ। ਉਸਦੇ ਲਈ ਉਸਦੀ ਛੱਤ ਦਾ ਅਰਥ ਹੈ ਉਸਦੀ ਇੱਜ਼ਤ ਅਤੇ ਸ਼ਾਨ। ਸਮੇਂ-ਸਮੇਂ 'ਤੇ ਉਸਨੂੰ ਬਣਦਾ ਸਤਿਕਾਰ ਦੇਣਾ ਪੈਂਦਾ ਹੈ। ਇੱਕ ਸ਼ਾਨਦਾਰ ਦਿੱਖ ਲਈ ਇਸਨੂੰ ਉਸੇ ਰੰਗ ਦੇ ਕੱਪੜੇ ਪਾਉਣੇ ਪੈਂਦੇ ਹਨ। ਵੈਸੇ ਵੀ, ਅਸੀਂ ਦੁਨੀਆਂ ਭਰ ਵਿਚ ਘੁੰਮਦੇ ਫਿਰਦੇ ਹਾਂ, ਯਾਤਰਾਵਾਂ 'ਤੇ ਜਾਂਦੇ ਹਾਂ, ਪਰ ਘਰ ਵਾਪਸ ਆਉਣ 'ਤੇ ਜੋ ਸ਼ਾਂਤੀ ਅਤੇ ਸੰਤੁਸ਼ਟੀ ਮਿਲਦੀ ਹੈ, ਉਹ ਹੋਰ ਕਿਤੇ ਨਹੀਂ ਮਿਲ ਸਕਦੀ। ਘਰ ਪਹੁੰਚਦੇ ਹੀ, ਤੁਸੀਂ ਆਪਣੇ ਜੁੱਤੇ, ਚੱਪਲਾਂ, ਕੱਪੜੇ ਆਦਿ ਕਿਤੇ ਵੀ ਰੱਖ ਸਕਦੇ ਹੋ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਹਾਲ ਹੀ ਵਿਚ, ਮੇਰੇ ਮੋਬਾਈਲ 'ਤੇ ਇੱਕ ਵਿਆਹ ਦਾ ਸੱਦਾ ਪੱਤਰ ਆਇਆ, ਜੋ ਕਿਸੇ ਕਾਰਨ ਕਰਕੇ ਸਮੇਂ ਸਿਰ ਨਹੀਂ ਦੇਖਿਆ ਜਾ ਸਕਿਆ। ਜਦੋਂ ਫ਼ੋਨ 'ਤੇ ਦੱਸਿਆ ਗਿਆ, ਤਾਂ ਮੈਨੂੰ ਮੋਬਾਈਲ ਚਾਲੂ ਕਰਨਾ ਪਿਆ। ਇਹ ਕਿਸੇ ਜਾਣ-ਪਛਾਣ ਵਾਲੇ ਦੀ ਧੀ ਦੇ ਵਿਆਹ ਦਾ ਕਾਰਡ ਸੀ। ਵਿਆਹ ਦੇ ਵੇਰਵੇ ਹੋਟਲ ਵਿਚ ਰਜਿਸਟਰ ਕੀਤੇ ਗਏ ਸਨ। ਸ਼ਾਮ ਦੇ ਤਿੰਨ ਤੋਂ ਅੱਠ ਵਜੇ ਦੇ ਵਿਚਕਾਰ। ਇਸ ਦੌਰਾਨ ਵਿਆਹ ਦੀਆਂ ਸਾਰੀਆਂ ਰਸਮਾਂ ਵੀ ਪੂਰੀਆਂ ਹੋਣਗੀਆਂ। ਇਸ ਦੇ ਨਾਲ ਹੀ ਸਨੈਕਸ ਵੀ ਵੰਡੇ ਜਾਣਗੇ। ਅਖੀਰ ਵਿਚ ਖਾਣਾ। ਇਸਦਾ ਮਤਲਬ ਹੈ ਕਿ ਸਾਰਾ ਕੰਮ ਹੋਟਲ ਵਿਚ ਹੀ ਹੁੰਦਾ ਹੈ। ਗਰੀਬ ਬੰਦਾ ਆਪਣਾ ਘਰ ਅਤੇ ਦਹਿਲੀਜ਼ ਭੁੱਲ ਗਿਆ। ਇਹ ਗੱਲਾਂ ਹੁਣ ਹਰ ਘਰ ਵਿਚ ਕਹੀਆਂ ਜਾ ਸਕਦੀਆਂ ਹਨ। ਘਰ ਦੇ ਬੱਚੇ ਹੁਣ ਬਾਹਰਲੇ ਜਾਪਦੇ ਹਨ ਅਤੇ ਬਾਹਰ ਦੋਸਤ ਅਤੇ ਅਜਨਬੀ ਵਿਚ ਫ਼ਰਕ ਗਾਇਬ ਹੋ ਗਿਆ ਹੈ। ਢਿੱਡ ਅਤੇ ਪਿੱਠ ਦਿਖਾਉਣ ਦੇ ਇਸ ਯੁੱਗ ਵਿਚ, ਸਾਨੂੰ ਕਿਸਦੀਆਂ ਕਹਾਣੀਆਂ ਦੱਸਣੀਆਂ ਚਾਹੀਦੀਆਂ ਹਨ ਅਤੇ ਕਿਸਨੂੰ ਲੁਕਾਉਣਾ ਚਾਹੀਦਾ ਹੈ ? ਮੈਨੂੰ ਇਹ ਸਮਝ ਨਹੀਂ ਆ ਰਿਹਾ ਅਤੇ ਕੁਝ ਥਾਵਾਂ 'ਤੇ, ਸਾਨੂੰ ਪਤਾ ਵੀ ਨਹੀਂ ਹੁੰਦਾ! ਇਸ ਸੰਦਰਭ ਨੂੰ ਵਧਾਉਂਦੇ ਹੋਏ, ਇਹ ਨੋਟ ਕੀਤਾ ਜਾ ਸਕਦਾ ਹੈ ਕਿ 'ਸਮੇਂ ਦੀ ਘਾਟ' ਦੇ ਯੁੱਗ ਵਿਚ, ਅੱਜ ਦੇ ਨੌਜਵਾਨ ਦੌਰ ਦੇ ਸਮੇਂ ਨੂੰ ਕਿਵੇਂ ਬਰਦਾਸ਼ਤ ਕਰਦੇ ਹਨ, ਇਹ ਸਮਝਣ ਯੋਗ ਗੱਲ ਹੈ। ਜਿਨ੍ਹਾਂ ਲੋਕਾਂ ਨੇ ਰੀਤੀ-ਰਿਵਾਜ਼ਾਂ ਨੂੰ ਤਿਆਗ ਦਿੱਤਾ ਹੈ, ਉਨ੍ਹਾਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ ਅਤੇ ਕਿਉਂ ? ਖੈਰ, ਜਿਨ੍ਹਾਂ ਨੇ ਆਪਣੇ ਮਾਪਿਆਂ ਨੂੰ ਮਜਬੂਰ ਕੀਤਾ ਹੈ, ਆਪਣੇ ਸੁਪਨਿਆਂ ਦੀ ਖ਼ਾਤਰ ਆਪਣੇ ਪਿੰਡ ਅਤੇ ਜ਼ਮੀਨ ਨੂੰ ਨਜ਼ਰਅੰਦਾਜ਼ ਕੀਤਾ ਹੈ, ਉਨ੍ਹਾਂ ਨੂੰ ਘਰ ਬਾਰੇ ਕੀ ਪਤਾ ਹੋਵੇਗਾ ? ਉਹ ਘਰ ਜੋ ਬਚਪਨ ਤੋਂ ਹੀ ਮੇਰੇ ਦਿਲ-ਦਿਮਾਗ ਵਿਚ ਇੱਕ ਮੰਦਰ ਵਾਂਗ ਸੀ, ਲੱਗਦਾ ਹੈ ਕਿ ਬਦਲਦੇ ਸਮੇਂ ਨੇ ਇਸਨੂੰ ਬੇਘਰ ਕਰ ਦਿੱਤਾ ਹੈ।

# ਬਾਬਾ ਬੰਦਾ ਸਿੰਘ ਬਹਾਦਰ ਦੀਆਂ ਧਰਮ ਪਤਨੀਆਂ, ਬੀਬੀ ਸੁਸ਼ੀਲ ਕੌਰ ਅਤੇ ਬੀਬੀ ਸਾਹਿਬ ਕੌਰ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA







ਬਾਬਾ ਬੰਦਾ ਸਿੰਘ ਦੇ ਜੀਵਨ ਅਤੇ ਜੰਗਾਂ ਯੁੱਧਾਂ ਬਾਰੇ ਸਾਰਾ ਪੰਥ ਜਾਣੂ ਹੈ ਪਰ ਉਸ ਦੀਆਂ ਧਰਮ ਪਤਨੀਆਂ ਬਾਰੇ ਇਤਿਹਾਸ ਵਿਚ ਬਹੁਤ ਘੱਟ ਜਾਣਕਾਰੀ ਮਿਲਦੀ ਹੈ। 12 ਮਈ 1710 ਈਸਵੀ ਨੂੰ ਬਾਬਾ ਬੰਦਾ ਸਿੰਘ ਨੇ ਚੱਪੜਚਿੜੀ ਦੀ ਜੰਗ ਵਿਚ ਫਤਿਹ ਹਾਸਲ ਕੀਤੀ ਤੇ 14 ਮਈ ਨੂੰ ਸਰਹਿੰਦ 'ਤੇ ਕਬਜ਼ਾ ਕਰ ਲਿਆ। ਕੁਝ ਹੀ ਮਹੀਨਿਆਂ ਵਿਚ ਲਾਹੌਰ ਨੂੰ ਛੱਡ ਕੇ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਅਤੇ ਮੁਜ਼ੱਫਰਪੁਰ ਸਮੇਤ ਕਰਨਾਲ - ਸੋਨੀਪੱਤ ਤੱਕ ਸਾਰਾ ਪੂਰਬੀ ਪੰਜਾਬ ਬੰਦਾ ਸਿੰਘ ਬਹਾਦਰ ਦੇ ਕਬਜ਼ੇ ਹੇਠ ਆ ਗਿਆ। ਇਸ ਬਗਾਵਤ ਦੀਆਂ ਖਬਰਾਂ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਤੱਕ ਪਹੁੰਚੀਆਂ, ਤਾਂ ਉਹ ਮਾਰੋ-ਮਾਰ ਕਰਦਾ ਦੱਖਣ ਤੋਂ ਸਿੱਧਾ ਪੰਜਾਬ ਪਹੁੰਚ ਗਿਆ। ਉਸ ਦੇ ਨਾਲ ਜੈਪੁਰ ਅਤੇ ਜੋਧਪੁਰ ਦੇ ਰਾਜਪੂਤ ਰਾਜਿਆਂ ਸਮੇਤ ਅਣਗਿਣਤ ਫੌਜ ਸੀ। ਮੁਗਲਾਂ ਤੇ ਸਿੱਖਾਂ ਦੀ ਪਹਿਲੀ ਝੜਪ 26 ਅਕਤੂਬਰ 1710 ਈਸਵੀ ਨੂੰ ਅਮੀਨਗੜ੍ਹ ਦੇ ਸਥਾਨ 'ਤੇ ਹੋਈ ਤੇ ਅਸਾਵਾਂ ਮੁਕਾਬਲਾ ਹੋਣ ਕਾਰਨ ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਹੌਲੀ-ਹੌਲੀ ਬਾਬਾ ਬੰਦਾ ਸਿੰਘ ਨੂੰ ਸਰਹਿੰਦ, ਸਮਾਣਾ ਅਤੇ ਸਢੌਰਾ ਆਦਿ ਵੀ ਛੱਡਣੇ ਪਏ ਤੇ ਉਹ ਰਾਜਧਾਨੀ ਲੋਹਗੜ੍ਹ ਵਿਚ ਘਿਰ ਗਿਆ। ਸਾਰੇ ਪੱਖ ਵਿਚਾਰ ਕੇ ਉਸ ਨੇ 11 ਦਸੰਬਰ 1710 ਦੀ ਰਾਤ ਨੂੰ ਲੋਹਗੜ੍ਹ ਛੱਡ ਦਿੱਤਾ ਤੇ ਪਹਾੜਾਂ ਵੱਲ ਨਿਕਲ ਗਿਆ।

ਚੰਬੇ ਰਿਆਸਤ ਦਾ ਰਾਜਾ ਉਦੇ ਸਿੰਘ ਬਾਬਾ ਬੰਦਾ ਸਿੰਘ ਦਾ ਬਹੁਤ ਵੱਡਾ ਪ੍ਰਸ਼ੰਸਕ ਸੀ। ਉਸ ਨੇ ਬਾਬਾ ਜੀ ਨੂੰ ਆਪਣੇ ਰਾਜ ਵਿਚ ਆਉਣ ਦਾ ਸੱਦਾ ਦਿੱਤਾ ਤੇ ਆਪਣੇ ਭਰਾ ਲਛਮਣ ਸਿੰਘ ਦੀ ਸਲਾਹ 'ਤੇ ਸੰਨ 1711 ਈਸਵੀ ਵਿਚ ਆਪਣੀ ਬੇਟੀ ਸੁਸ਼ੀਲ ਕੌਰ ਦਾ ਵਿਆਹ ਉਸ ਨਾਲ ਕਰ ਦਿੱਤਾ। ਬੀਬੀ ਸੁਸ਼ੀਲ ਕੌਰ ਦੀ ਜਨਮ ਤਾਰੀਖ ਬਾਰੇ ਨਿਸ਼ਚਿਤ ਤੌਰ 'ਤੇ ਨਹੀਂ ਕਿਹਾ ਜਾ ਸਕਦਾ, ਪਰ ਇੱਕ ਅੰਦਾਜ਼ੇ ਮੁਤਾਬਕ ਜੇ ਉਨ੍ਹਾਂ ਦੀ ਉਮਰ ਸ਼ਾਦੀ ਵੇਲੇ 20-21 ਸਾਲ ਦੀ ਹੋਵੇ, ਤਾਂ ਉਨ੍ਹਾਂ ਦਾ ਜਨਮ ਸੰਨ 1690 ਈਸਵੀ ਦੇ ਆਸ-ਪਾਸ ਹੋਇਆ ਮੰਨਿਆ ਜਾ ਸਕਦਾ ਹੈ। ਬੀਬੀ ਸੁਸ਼ੀਲ ਕੌਰ ਦਾ ਪੇਕਿਆਂ ਦਾ ਨਾਮ ਸੁਸ਼ੀਲ ਕੁੰਵਰ ਸੀ, ਜੋ ਅੰਮ੍ਰਿਤ ਛਕਣ ਤੋਂ ਬਾਅਦ ਸੁਸ਼ੀਲ ਕੌਰ ਰੱਖ ਦਿੱਤਾ ਗਿਆ। ਸ਼ਾਹੀ ਪਰਿਵਾਰ ਵਿਚ ਪੈਦਾ ਹੋਣ ਕਾਰਨ ਉਹ ਘੋੜਸਵਾਰੀ, ਤਲਵਾਰਬਾਜ਼ੀ ਅਤੇ ਹੋਰ ਜੰਗੀ ਹੁਨਰਾਂ ਵਿਚ ਮਾਹਰ ਸੀ। 1712 ਈਸਵੀ ਵਿਚ ਉਸ ਦੇ ਘਰ ਅਜੇ ਸਿੰਘ ਨੇ ਜਨਮ ਲਿਆ। ਉਹ ਘਰ ਦੀ ਚਾਰਦੀਵਾਰੀ ਵਿਚ ਬੰਦ ਰਹਿਣ ਦੀ ਬਜਾਏ ਬਾਬਾ ਬੰਦਾ ਸਿੰਘ ਦੇ ਹਮਸਫਰ ਰਹਿੰਦੀ ਸੀ। ਇਸ ਕਾਰਨ ਜਦੋਂ 7 ਦਸੰਬਰ 1715 ਈਸਵੀ ਨੂੰ ਬਾਬਾ ਬੰਦਾ ਸਿੰਘ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਗ੍ਰਿਫਤਾਰ ਕੀਤਾ ਗਿਆ, ਤਾਂ ਬੀਬੀ ਸੁਸ਼ੀਲ ਕੌਰ ਅਤੇ ਅਜੇ ਸਿੰਘ ਵੀ ਗ੍ਰਿਫਤਾਰ ਕਰ ਲਏ ਗਏ।

ਜਦੋਂ ਸਾਰੇ ਕੈਦੀ ਦਿੱਲੀ ਪਹੁੰਚੇ, ਤਾਂ ਉਸ ਨੂੰ ਤੇ ਅਜੇ ਸਿੰਘ ਨੂੰ ਅਲੱਗ ਕੈਦਖਾਨੇ ਵਿਚ ਰੱਖਿਆ ਗਿਆ। ਉਸ ਨੂੰ ਵੀ ਬਾਕੀ ਸਿੱਖਾਂ ਵਾਂਗ ਇਸਲਾਮ ਧਾਰਨ ਕਰਨ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਅਤੇ ਸਖਤੀਆਂ ਕੀਤੀਆਂ ਗਈਆਂ ਪਰ ਉਹ ਆਪਣੇ ਧਰਮ 'ਤੇ ਅਡੋਲ ਰਹੀ। 9 ਜੂਨ 1716 ਈਸਵੀ ਨੂੰ ਅਕਹਿ ਤੇ ਅਸਹਿ ਅਣਮਨੁੱਖੀ ਸਰੀਰਕ ਕਸ਼ਟ ਦੇ ਕੇ ਬਾਬਾ ਬੰਦਾ ਸਿੰਘ ਅਤੇ ਅਜੇ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਪਿਛਲੇ ਕੁਝ ਸਾਲਾਂ ਵਿਚ ਕੀਤੀ ਗਈ ਖੋਜਬੀਣ ਅਤੇ ਚੰਬਾ ਦੇ ਸ਼ਾਹੀ ਪਰਿਵਾਰ ਦੇ ਰਿਕਾਰਡ ਮੁਤਾਬਕ ਆਪਣੇ ਪਤੀ ਅਤੇ ਪੁੱਤਰ ਦੀ ਮੌਤ ਬਾਰੇ ਸੁਣ ਕੇ 20 ਜੂਨ 1716 ਈਸਵੀ ਨੂੰ ਬੀਬੀ ਸੁਸ਼ੀਲ ਕੌਰ ਨੇ ਆਪਣੇ ਆਪ ਨੂੰ ਖਤਮ ਕਰ ਦਿੱਤਾ। ਉਸ ਸਮੇਂ ਦੇ ਸ਼ਾਹੀ ਰੋਜ਼ਨਾਮਚਾ ਲਿਖਾਰੀ ਮੁਹੰਮਦ ਸੂਫੀ ਨੇ ਲਿਖਿਆ ਹੈ ਕਿ ਉਸ ਨੇ ਦਿਲ ਵਿਚ ਖੰਜਰ ਮਾਰ ਕੇ ਆਪਣੀ ਜਾਨ ਦਿੱਤੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਦੂਸਰੀ ਸ਼ਾਦੀ ਵਜ਼ੀਰਾਬਾਦ ਦੇ ਵਾਸੀ ਸ਼ਿਵ ਰਾਮ ਖੱਤਰੀ ਦੀ ਬੇਟੀ ਸਾਹਿਬ ਕੌਰ ਨਾਲ ਹੋਈ ਸੀ, ਜਿਸ ਤੋਂ ਰਣਜੀਤ ਸਿੰਘ ਪੈਦਾ ਹੋਇਆ ਸੀ। ਬੀਬੀ ਸਾਹਿਬ ਕੌਰ ਦੇ ਜੀਵਨ ਅਤੇ ਮੌਤ ਬਾਰੇ ਇਤਿਹਾਸ ਵਿਚ ਜ਼ਿਆਦਾ ਕੁਝ ਨਹੀਂ ਮਿਲਦਾ। ਜੇ ਰਿਆਸੀ ਦਾ ਕੋਈ ਵਿਅਕਤੀ ਇਹ ਲੇਖ ਪੜ੍ਹੇ, ਤਾਂ ਇਸ ਬਾਰੇ ਜ਼ਰੂਰ ਹੀ ਜਾਣਕਾਰੀ ਸਾਂਝੀ ਕਰੇ। ਰਣਜੀਤ ਸਿੰਘ ਦੇ ਵੰਸ਼ ਵਿਚੋਂ ਬਾਬਾ ਜਤਿੰਦਰਪਾਲ ਸਿੰਘ ਇਸ ਵੇਲੇ ਗੁਰਦੁਆਰਾ ਡੇਰਾ ਬਾਬਾ ਬੰਦਾ ਸਿੰਘ ਬਹਾਦਰ (ਰਿਆਸੀ) ਦਾ ਪ੍ਰਬੰਧ ਸੰਭਾਲ ਰਿਹਾ ਹੈ। ਇਹ ਗੁਰਦੁਆਰਾ ਕੱਟੜੇ ਤੋਂ ਕਰੀਬ 28 ਕਿ.ਮੀ. ਦੂਰ ਪੈਂਦਾ ਹੈ। ਮਹੰਤ ਅਮਰ ਸਿੰਘ ਖੇਮਕਰਨ (ਜ਼ਿਲ੍ਹਾ ਤਰਨ ਤਾਰਨ) ਵਾਲੇ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸੀਸ ਦਿੱਲੀ ਤੋਂ ਲਿਆ ਕੇ ਬੀਬੀ ਸਾਹਿਬ ਕੌਰ ਦੇ ਹਵਾਲੇ ਕੀਤਾ ਸੀ, ਜਿਸ ਦਾ ਗੁਰਦੁਆਰੇ ਵਾਲੇ ਸਥਾਨ 'ਤੇ ਪੂਰੀ ਗੁਰ ਮਰਿਆਦਾ ਨਾਲ ਅੰਤਿਮ ਸੰਸਕਾਰ ਕੀਤਾ ਗਿਆ ਸੀ। ਗੁਰਦੁਆਰੇ ਵਿਚ ਬਾਬਾ ਬੰਦਾ ਸਿੰਘ ਦੀ ਤਲਵਾਰ, ਦਸਵੇਂ ਪਾਤਸ਼ਾਹ ਵੱਲੋਂ ਬਖਸ਼ੇ ਗਏ ਪੰਜ ਤੀਰਾਂ ਵਿਚੋਂ ਇੱਕ ਤੀਰ ਅਤੇ ਹੋਰ ਕਈ ਅਸਤਰ ਸ਼ਸ਼ਤਰ ਸੰਭਾਲੇ ਹੋਏ ਹਨ। ਭਾਈ ਕਾਹਨ ਸਿੰਘ ਨਾਭਾ ਨੇ ਬਾਬਾ ਬੰਦਾ ਸਿੰਘ ਦੀ ਵੰਸ਼ਾਵਲੀ ਇਸ ਤਰ੍ਹਾਂ ਦੱਸੀ ਹੈ, ਰਣਜੀਤ ਸਿੰਘ ਦਾ ਬੇਟਾ ਜ਼ੋਰਾਵਰ ਸਿੰਘ, ਜ਼ੋਰਾਵਰ ਸਿੰਘ ਦਾ ਬੇਟਾ ਅਰਜਨ ਸਿੰਘ, ਅਰਜਨ ਸਿੰਘ ਦਾ ਬੇਟਾ ਖੜਕ ਸਿੰਘ, ਖੜਕ ਸਿੰਘ ਦਾ ਬੇਟਾ ਦਯਾ ਸਿੰਘ, ਦਯਾ ਸਿੰਘ ਦਾ ਬੇਟਾ ਅਤਰ ਸਿੰਘ, ਅਤਰ ਸਿੰਘ ਦਾ ਬੇਟਾ ਸੁਜਾਨ ਸਿੰਘ ਅਤੇ ਸੁਜਾਨ ਸਿੰਘ ਦਾ ਬੇਟਾ ਸਰਦੂਲ ਸਿੰਘ (ਮਹਾਨ ਕੋਸ਼ ਪੰਨਾ 775)।

# ਰਮਨ ਗਿੱਲ ਦੀ ਖੂਬਸੂਰਤੀ ਤੇ ਗਾਇਕੀ ਕਰ ਰਹੀ ਹੈ ਉਸ ਦਾ 'ਫੁਕਰੇ' ਗੀਤ ਹਿੱਟ

-ਅੰਮ੍ਰਿਤ ਪਵਾਰ
ਪੰਜਾਬ ਮੇਲ USA

ਆਵਾਜ਼ ਸ਼ਹਿਦ ਭਿੱਜੀ ਹੈ, ਸਟੇਜ 'ਤੇ ਅੰਦਾਜ਼ ਮਸਤ ਹੈ ਤੇ ਸੂਰਤ ਸੁਹਪਣ ਨੂੰ ਆਖੇ ਰਮਨ ਤੇਰੇ ਤੋਂ ਵੀ ਸੋਹਣੀ ਹੈ। ਕੋਈ ਸ਼ੱਕ ਨਹੀਂ, ਪੰਜਾਬ ਦੀ ਔਰਤ ਗਾਇਕੀ ਵਿਚ ਰਮਨ ਗਿੱਲ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਸਿਟੀ ਬਿਊਟੀਫੁੱਲ ਚੰਡੀਗੜ੍ਹ ਰਹਿੰਦੀ ਰਮਨ ਗਿੱਲ ਲੋਕ ਤੱਥ ਇਵੇਂ ਗਾਂਵਦੀ ਹੈ ਕਿ ਸੁਰਿੰਦਰ ਕੌਰ ਦੀ ਝਲਕੀ ਨਜ਼ਰ ਆਉਂਦੀ ਹੈ। ਹੁਣੇ ਜਿਹੇ ਆਇਆ ਉਸ ਦਾ ਗੀਤ "ਫੁਕਰੇ" ਚੰਗਾ ਚੱਲ ਰਿਹਾ ਹੈ। ਰਮਨ ਸੂਟ ਵਿਚ ਪਟੋਲਾ ਲੱਗਦੀ ਹੈ ਤੇ ਜੀਨ ਸ਼ਰਟ ਵਿਚ ਕਿਸੇ ਫ਼ਿਲਮ ਦੀ ਨਾਇਕਾ। ਅੱਜਕੱਲ੍ਹ ਆਵਾਜ਼ ਨਾਲ ਸੂਰਤਾਂ ਨੂੰ ਸਲਾਮਾਂ ਵਾਲੀ ਗਾਇਕੀ ਹੈ, ਸਟੇਜ 'ਤੇ ਜਚੇ, ਵੀਡਿਓ ਵਿਚ ਚੰਗੀ ਲੱਗੇ ਤੇ ਰਮਨ ਗਿੱਲ ਕੋਲ ਇਹ ਸਭ ਰੱਬ ਦੀ ਮਿਹਰਬਾਨੀ ਹੈ। ਕੈਨੇਡਾ ਦੇ ਸੰਗੀਤ ਪੇਸ਼ਕਾਰ ਉਸ ਦੀ






ਗਾਇਕੀ ਦੇ ਫੈਨ ਹਨ ਤੇ ਧਾਰਮਿਕ ਟਰੈਕ "ਸਰਸਾ ਦੇ ਪਾਣੀਆਂ" ਨਾਲ ਰਮਨ ਗਿੱਲ ਦੀ ਚਰਚਾ ਸ਼ੁਰੂ ਹੋਈ ਸੀ। ਸਮਾਜਿਕ ਚੀਜ਼ਾਂ 'ਤੇ ਉਸ ਦਾ ਧਿਆਨ ਹੈ ਤੇ ਉਸ ਦਾ ਗੀਤ "ਚਿੱਟਾ" ਇਸ ਦੀ ਉਦਾਹਰਨ ਰਿਹਾ ਹੈ। ਵੈਸੇ ਵੀ ਇਹ ਸੱਚ ਹੈ ਕਿ ਰਮਨ ਜਜ਼ਬਾਤੀ ਹੁੰਦੀ ਹੈ ਕਿ ਪੰਜਾਬੀ ਜਵਾਨੀ ਕਿਧਰ ਨੂੰ ਤੁਰ ਪਈ। ਰਮਨ ਦਾ ਟਰੈਕ "ਵਹਿਮ" ਵੀ ਵਧੀਆ ਰਿਹਾ ਸੀ। ਹੁਣ ਉਹ "ਫੁਕਰੇ" ਗੀਤ ਨਾਲ ਆਈ ਹੈ ਤੇ ਇਹ ਲੋਕ ਤੱਥ ਹੈ। ਰਮਨ ਲੋਕ ਗੀਤਾਂ ਨੂੰ ਪਹਿਲ ਦਿੰਦੀ ਹੈ ਤੇ ਕੈਨੇਡਾ ਤੱਕ ਉਸ ਦੇ ਸ਼ੋਅ ਨੂੰ ਉਥੋਂ ਦੇ ਵਾਸੀ ਉਡੀਕਦੇ ਹਨ। ਰਮਨ ਗਿੱਲ ਬਿੱਲਾ ਦੇ ਸੰਗੀਤ ਨੂੰ ਅੱਤੀ ਉੱਤਮ ਸੰਗੀਤ ਆਖਦੀ ਹੈ ਤੇ ਜੀਤਾ ਉਸ ਦੀ ਨਜ਼ਰੇ ਚਮਕਦਾ ਗੀਤਕਾਰ ਹੈ। ਰਮਨ ਨੇ ਅਮਰਜੀਤ ਖੁਰਾਨਾ ਦੀ ਤਰੀਫ ਕੀਤੀ, ਜਿਸ ਦੇ ਵੀਡਿਓ ਸਦਕਾ ਉਹ "ਫੁਕਰੇ" ਨਾਲ ਚਰਚਾ ਵਿਚ ਹੈ। ਭਵਿੱਖ ਵਿਚ ਉਹ ਫਿਲਮੀ ਗਾਇਕਾ ਦੇ ਨਾਲ ਸੁਨੰਦਾ ਸ਼ਰਮਾ ਤੇ ਨਿਮਰਤ ਖੈਹਰਾ ਦੀ ਤਰ੍ਹਾਂ ਐਕਟ੍ਰੈਸ ਬਣੇ, ਸ਼ੁੱਭ ਕਾਮਨਾਵਾਂ।



## ਫੁਲਕਾਰੀ

# ਘੜਾ ਚੁਕਾ ਕੇ ਜਾਈਂ ਵੇ ਚੋਬਰਾ

ਪੰਜਾਬੀਆਂ ਦਾ ਹਰਮਨ ਪਿਆਰਾ ਬਰਤਨ ਹੈ ਘੜਾ, ਜੋ ਕੁਝ ਅਰਸਾ ਪਹਿਲਾਂ ਹਰ ਘਰ ਦਾ ਸ਼ਿੰਗਾਰ ਹੁੰਦਾ ਸੀ। ਹੁਣ ਇਹਨੂੰ ਗਰੀਬਾਂ ਦੀ ਫਰਿੱਜ ਵੀ ਆਖਿਆ ਜਾਂਦਾ ਹੈ। ਕੋਰੇ ਘੜੇ ਵਿਚ ਪਾਣੀ ਜਿੱਥੇ ਸ਼ੁੱਧ ਰਹਿੰਦਾ ਹੈ, ਉਥੇ ਠੰਢਾ ਸ਼ੀਤ ਵੀ ਰਹਿੰਦਾ ਹੈ। ਸਮੇਂ ਦੀ ਤੋਰ ਨੇ ਅਤੇ ਵਿਗਿਆਨਕ ਤਰੱਕੀ ਨੇ ਸਾਨੂੰ ਕਿਤੇ ਦੇ ਕਿਤੇ ਪਹੁੰਚਾ ਦਿੱਤਾ ਹੈ। ਹੁਣ ਘਰ-ਘਰ ਲੱਗੀਆਂ ਟੂਟੀਆਂ ਅਤੇ ਸਬਮਰਸੀਬਲ ਪੰਪ ਘੜੇ ਆਦਿ ਬਰਤਨਾਂ ਦੀ ਯਾਦ ਨਹੀਂ ਆਉਣ ਦਿੰਦੇ। ਕੱਚੇ ਬਰਤਨਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਵਿਚ ਕੋਈ ਵੀ ਵਸਤੂ ਥੋੜ੍ਹੇ ਕੀਤੇ ਖਰਾਬ ਨਹੀਂ ਹੁੰਦੀ। ਪੁਰਾਣੇ ਜ਼ਮਾਨੇ ਵਿਚ ਕੱਚੇ ਕਟੋਰੇ, ਕੁਠਾਲੀਆਂ, ਦਧੂਨੇ, ਦੌਰੀਆਂ, ਝੱਜਾਂ ਆਦਿ ਦੀ ਆਮ ਵਰਤੋਂ ਕੀਤੀ ਜਾਂਦੀ ਸੀ।

ਘੜੇ ਦਾ ਸਿੱਧਾ ਸਬੰਧ ਖੂਹ ਨਾਲ ਜੁੜਦਾ ਹੈ। ਜਦੋਂ ਨਲਕੇ ਅਤੇ ਟੂਟੀਆਂ ਨਹੀਂ ਸਨ ਹੁੰਦੇ, ਤਾਂ ਮੁਟਿਆਰਾਂ ਡਾਰਾਂ ਬੰਨ੍ਹ-ਬੰਨ੍ਹ ਕੇ ਖੂਹ ਤੋਂ ਪਾਣੀ ਭਰਨ ਜਾਂਦੀਆਂ। ਉਥੇ ਉਨ੍ਹਾਂ ਨੂੰ ਗੱਲਾਂ-ਬਾਤਾਂ ਹਾਸੇ-ਠੱਠੇ ਕਰਨ ਲਈ ਮੋਕਲਾ ਮਾਹੌਲ ਵੀ ਮਿਲ ਜਾਂਦਾ। ਉਹ ਛੇੜਖਾਨੀ ਵੀ ਕਰਦੀਆਂ। ਕਈ ਜ਼ੋਰ ਵਾਲੀਆਂ ਮੁਟਿਆਰਾਂ ਆਪਣੀ ਸੀਨਾ-ਜ਼ੋਰੀ ਦਿਖਾਉਂਦੀਆਂ ਹੋਈਆਂ ਤਿੰਨ-ਤਿੰਨ ਘੜੇ ਚੁੱਕ ਮਟਕ ਨਾਲ ਤੁਰਦੀਆਂ:

ਘੜਾ ਚੁੱਕੀ ਜਾਣ ਮੁਟਿਆਰਾਂ
ਜਿਉਂ ਹਰਨਾਂ ਦੀਆਂ ਡਾਰਾਂ।

ਜਦੋਂ ਇਕ ਮੁਟਿਆਰ ਇਕੱਲੀ ਖੂਹ 'ਤੇ ਰਹਿ ਜਾਂਦੀ ਹੈ, ਤਾਂ ਉਹਨੂੰ ਲਾਗੇ ਖੜ੍ਹੇ ਚੋਬਰ ਨੂੰ ਆਵਾਜ਼ ਮਾਰ ਕੇ ਘੜਾ ਚੁਕਾਉਣਾ ਪੈਂਦਾ ਸੀ। ਮਨਚਲਿਆਂ ਲਈ ਖੂਹ ਖਿੱਚ ਦਾ ਕੇਂਦਰ ਹੁੰਦਾ ਸੀ:

ਘੜੇ ਚੁਕਾ ਕੇ ਜਾਈਂ ਵੇ ਚੋਬਰਾ
ਖੜ੍ਹੀ ਅਵਾਜ਼ਾਂ ਮਾਰਾਂ
ਛੱਡਕੇ ਮੈਨੂੰ ਤੁਰ ਗਈਆਂ
ਮੇਰੇ ਹਾਣ ਦੀਆਂ ਮੁਟਿਆਰਾਂ।

ਸਾਡੇ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਵਿਚ ਘੜੇ ਦਾ ਨਿਵੇਕਲੇ ਅੰਦਾਜ਼ ਨਾਲ ਬਿਆਨ ਮਿਲਦਾ ਹੈ। ਦਿਉਰ-ਭਾਬੀ ਦਾ ਰਿਸ਼ਤਾ ਵੀ ਬੜਾ ਨਿੱਘਾ ਤੇ ਪਿਆਰਾ ਹੁੰਦਾ ਹੈ, ਉਹ ਆਖਦਾ ਹੈ:

ਕੱਚੀਆਂ ਖੂਹੀਆਂ 'ਤੇ ਡੋਲ ਖੜਕਦੇ
ਪਾਣੀ ਦਿਆਂ ਘੜਿਆਂ ਨੂੰ ਕੌਣ ਢੋਊਗਾ
ਭਾਬੀ ਸਾਗ ਨੂੰ ਨਾ ਜਾਈਂ
ਤੇਰਾ ਮੁੰਡਾ ਰੋਊਗਾ।

ਸੋਹਣੀ ਮਹੀਂਵਾਲ ਦੇ ਪਿਆਰ ਦੀ ਅਮਰ ਕਹਾਣੀ ਵਿਚ ਘੜਾ ਇਕ ਪਾਤਰ ਵਜੋਂ ਉਭਰਿਆ ਹੈ:

ਮੈਨੂੰ ਪਾਰ ਲੰਘਾ ਦੇ ਵੇ
ਘੜਿਆ ਮਿੰਨਤਾਂ ਤੇਰੀਆਂ ਕਰਦੀ।

ਜੇਕਰ ਸੋਹਣੀ ਦਾ ਸਾਥੀ ਘੜਾ ਨਾ ਬਣਦਾ ਤਾਂ ਸ਼ਾਇਦ ਇਸ ਕਹਾਣੀ ਦਾ ਮੂੰਹ ਮੱਥਾ ਕਿਸੇ ਹੋਰ ਢੰਗ ਦਾ ਹੁੰਦਾ। ਇਸ਼ਕ ਵਿਚ ਪਾਗਲ ਹੋ ਉਹਨੇ ਕੱਚੇ ਘੜੇ ਨੂੰ ਪੱਕਾ ਸਮਝ ਝਨਾ ਵਿਚ ਤਾਰੀ ਲਾਈ, ਤਾਂ ਉਹ ਨਿਮਾਣਾ ਖੁਰਨ ਲੱਗਿਆ। ਪਰ ਇਸ ਵਿਚ ਘੜੇ ਵਿਚਾਰੇ ਦਾ ਕੀ ਦੋਸ਼:

ਨਣਦ ਨੇ ਡਾਢਾ ਕਹਿਰ ਕਮਾਇਆ
ਪੱਕਾ ਚੁੱਕ ਕੇ ਕੱਚਾ ਟਿਕਾਇਆ।

ਜਦੋਂ ਘੜਾ ਚੁੱਕੀ ਜਾਂਦੀ ਮੁਟਿਆਰ ਨੂੰ ਗੱਭਰੂ ਦਿਲ ਦੀ ਦਾਸਤਾਨ ਸੁਣਾਉਂਦਾ ਹੈ, ਤਾਂ ਉਹ ਕਹਿ ਉਠਦੀ ਹੈ:

ਕਰਿਆ ਨਾ ਕਰ ਐਵੇਂ ਟਿਚ ਮੁੰਡਿਆ
ਹੋ ਜਾਊ ਲਾ-ਲਾ ਸਾਰੇ ਪਿੰਡ ਵਿਚ ਮੁੰਡਿਆ।

ਪੰਜਾਬਣਾਂ ਜਦੋਂ ਗਿੱਧੇ ਦੇ ਪਿੜ ਵਿਚ ਜਾਂਦੀਆਂ ਨੇ ਤਾਂ ਧਰਤੀ ਦੀ ਹਿੱਕ ਹਿਲਾ ਦਿੰਦੀਆਂ ਨੇ। ਜਦੋਂ ਦੰਦਾਂ ਨਾਲ ਘੜਾ ਚੁੱਕਦੀਆਂ ਹਨ:

ਘੜਾ ਆਰ ਸੋਹਣੀਏ, ਘੜਾ ਪਾਰ ਸੋਹਣੀਏ
ਘੜਾ ਚੁੱਕ ਲੈ ਦੰਦਾਂ ਦੇ ਨਾਲ ਸੋਹਣੀਏ।

ਘੜੇ ਨਾਲ ਸਾਡਾ ਅਧਿਆਤਮਕ ਜੀਵਨ ਵੀ ਜੁੜਿਆ ਹੋਇਆ ਹੈ। ਬਹੁਤ ਸਾਰੇ ਮਹਾਂ ਪੁਰਖਾਂ ਨੇ ਇਹਨੂੰ ਦ੍ਰਿਸ਼ਟਾਂਤ ਵਜੋਂ ਵਰਤਿਆ ਹੈ, ਗੁਰੂ ਅਮਰ ਦਾਸ ਨੇ ਫੁਰਮਾਇਆ ਹੈ:

ਕੁੰਭੇ ਬੱਧਾ ਜਲ ਰਹੇ ਜਲ ਬਿਨ ਕੁੰਭ ਨਾ ਹੋਇ।
ਗਿਆਨ ਦਾ ਬੱਝਾ ਮਨ ਰਹੇ ਗੁਰ ਬਿਨ ਗਿਆਨ ਨਾ ਹੋਇ।

ਇਹ ਗੱਲ ਨਿਸ਼ਚੇ ਨਾਲ ਆਖੀ ਜਾ ਸਕਦੀ ਹੈ ਕਿ ਸੱਭਿਆਚਾਰਕ ਜੀਵਨ ਦਾ ਘੜੇ ਤੋਂ ਬਗੈਰ ਅਧਿਐਨ ਅਧੂਰਾ ਹੈ। ਮੁਟਿਆਰ ਦੀ ਜੀਵਨ ਕਹਾਣੀ ਨਾਲ ਜੁੜੇ ਘੜੇ ਬਾਰੇ ਕੁਝ ਅਮਰ ਸਤਰਾਂ:

ਉਸ ਪਾਰ ਮੇਰੇ ਮਾਹੀ ਦਾ ਡੇਰਾ
ਘੜਿਆ ਸਾਥ ਨਿਭਾਵੀਂ ਮੇਰਾ।
ਘੜਾ ਆਰ ਨੂੰ ਵੇ ਘੜਾ ਪਾਰ ਨੂੰ ਵੇ
ਘੜਾ ਚੁੱਕਿਆ ਨਾ ਜਾਏ ਮੁਟਿਆਰ ਤੋਂ ਵੇ।

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA



ਅੱਜ ਅਸੀਂ ਆਪਣੀ ਅਮੀਰੀ ਦਾ ਦਿਖਾਵਾ ਕਰਨ ਲਈ ਘੜਿਆਂ ਨੂੰ ਛੱਡ ਕੇ ਫਰਿੱਜਾਂ ਦੇ ਕਾਇਲ ਹੋ ਗਏ ਹਾਂ। ਸਮੇਂ ਦੀ ਤੋਰ ਨਾਲ ਘਰੇਲੂ ਬਰਤਨਾਂ ਵਿਚ ਵੀ ਤਬਦੀਲੀ ਆ ਗਈ ਹੈ। ਸ਼ਾਇਦ ਉਹ ਵੇਲਾ ਵੀ ਆ ਜਾਵੇਗਾ, ਜਦੋਂ ਘੜਾ ਵੀ ਚਰਖੇ ਅਤੇ ਚੱਕੀ ਵਾਂਗ ਅਜਾਇਬ ਘਰਾਂ ਵਿਚ ਸੰਭਾਲਣਾ ਪਵੇਗਾ। ਅਜੋਕੀ ਪੀੜ੍ਹੀ ਦੀਆਂ ਬਹੁਤੀਆਂ ਮੁਟਿਆਰਾਂ ਲਈ ਘੜਾ ਆਪ ਚੁੱਕਣਾ, ਤਾਂ ਦੂਰ ਦੀ ਗੱਲ ਰਹੀ ਉਨ੍ਹਾਂ ਨੂੰ ਤਾਂ ਘੜੇ ਦੀਆਂ ਖੂਬੀਆਂ ਦਾ ਵੀ ਗਿਆਨ ਨਹੀਂ ਹੈ। ਇਸ ਸਭ ਕਾਸੇ ਦੇ ਬਾਵਜੂਦ ਜਦੋਂ ਆਯੁਰਵੈਦਿਕ ਮਾਹਿਰਾਂ ਨੇ ਮਿੱਟੀ ਦੇ ਘੜੇ ਦੀ ਮਹਾਨਤਾ ਨੂੰ ਮੁੜ ਉਜਾਗਰ ਕੀਤਾ, ਤਾਂ ਅੱਜਕੱਲ੍ਹ ਮੁੜ ਇਸਦੀ ਲੋੜ ਮਹਿਸੂਸ ਕੀਤੀ ਜਾਣ ਲੱਗ ਪਈ ਹੈ। ਵਿਗਿਆਨੀਆਂ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਫਿਲਟਰ ਰਾਹੀਂ ਜਿਹੜੇ ਜ਼ਰੂਰੀ ਤੱਤ ਪਾਣੀ ਤੋਂ ਬਾਹਰ ਚਲੇ ਜਾਂਦੇ ਹਨ, ਘੜਾ ਉਨ੍ਹਾਂ ਨੂੰ ਆਪਣੇ ਪਾਣੀ ਵਿਚ ਸੁਰੱਖਿਅਤ ਕਰਕੇ ਸਾਡੇ ਤਨ ਤੇ ਮਨ ਨੂੰ ਨਰੋਆ ਬਣਾਉਂਦਾ ਹੈ। ਪਾਣੀ ਦੇ ਪ੍ਰਦੂਸ਼ਣ ਨੂੰ ਵੀ ਘੜਾ ਸਾਫ਼ ਅਤੇ ਸ਼ੁੱਧ ਕਰਦਾ ਹੈ। ਅੱਤ ਦੀ ਗਰਮੀ ਵਿਚ ਘੜੇ ਦਾ ਪਾਣੀ ਪੀ ਕੇ ਜੋ ਸਕੂਨ ਮਿਲਦਾ ਹੈ, ਉਹ ਸ਼ਾਇਦ ਹੋਰ ਢੰਗਾਂ ਨਾਲ ਹਾਸਲ ਨਹੀਂ ਹੁੰਦਾ। ਕਾਰਨ ਇਹ ਕਿ ਘੜਾ ਪਾਣੀ ਦੀ ਗੁਣਵਤਾ ਵਿਚ ਵਾਧਾ ਕਰਦਾ ਹੈ, ਜਦਕਿ ਹੋਰ ਸਭ ਯੰਤਰ ਇਸਨੂੰ ਘਟਾਉਂਦੇ ਹਨ। ਇਸੇ ਕਰਕੇ ਫਰਿੱਜਾਂ ਅਤੇ ਫਿਲਟਰਾਂ ਦੇ ਨਾਲ-ਨਾਲ ਹੁਣ ਘਰਾਂ ਵਿਚ ਘੜਿਆਂ ਦਾ ਪਾਣੀ ਪੀਣ ਦਾ ਰਿਵਾਜ਼ ਮੁੜ ਪ੍ਰਚੱਲਿਤ ਹੋ ਰਿਹਾ ਹੈ। ਘੜੇ ਦੇ ਪਾਣੀ ਦਾ ਤਾਪਮਾਨ ਵੀ ਸਰੀਰ ਦੇ ਅਨੁਕੂਲ ਹੁੰਦਾ ਹੈ। ਕਾਰਨ ਕੁਝ ਵੀ ਹੋਵੇ, ਤਕਨੀਕ ਜਿੱਥੋਂ ਤੱਕ ਮਰਜ਼ੀ ਚਲੇ ਜਾਵੇ ਪਰ ਅਸੀਂ ਜਿਉਂਦੇ ਇਸ ਧਰਤੀ ਮਾਂ ਨਾਲ ਜੁੜ ਕੇ ਹੀ ਰਹਿ ਸਕਦੇ ਹਾਂ। ਇਸ ਲਈ ਮਨੁੱਖੀ ਜੀਵਨ ਵਿਚੋਂ ਘੜੇ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਅੱਜ ਬਾਜ਼ਾਰ ਵਿਚ ਘੜੇ ਦੇ ਨੈਣ ਨਕਸ਼ਾਂ ਦਾ ਵੀ ਆਧੁਨਿਕੀਕਰਣ ਹੋ ਗਿਆ ਹੈ। ਜਿਨ੍ਹਾਂ ਵਿਚ ਕੁੱਝ ਨੂੰ ਟੂਟੀਆਂ ਅਤੇ ਕੁੱਝ ਝੱਜਰ ਅਤੇ ਸੁਰਾਹੀ ਵਰਗੇ ਰੰਗ ਰੂਪ ਦਿੱਤੇ ਗਏ ਹਨ।

# ਸਿਹਤਮੰਦ ਖੁਰਾਕ ਦੇ ਸਿਧਾਂਤ

ਅੱਜ ਦੇ ਵਿਗਿਆਨ ਅਤੇ ਟੈਕਨਾਲੋਜੀ ਦੇ ਵਧਦੇ ਯੁੱਗ ਵਿਚ ਮਨੁੱਖਤਾ ਨੂੰ ਇੱਕ ਆਸ਼ੀਰਵਾਦ ਮਿਲਿਆ ਹੈ। ਇਹ ਆਸ਼ੀਰਵਾਦ ਉਸ ਸੁੱਖ, ਸੁਰੱਖਿਆ, ਖੁਸ਼ੀ ਅਤੇ ਚੰਗੀ ਜ਼ਿੰਦਗੀ ਦੀ ਪ੍ਰਦਾਨਗੀ ਕਰਦਾ ਹੈ। ਖੁਰਾਕ ਮਨੁੱਖਤਾ ਦਾ ਇੱਕ ਅਹਿਮ ਹਿੱਸਾ ਰਹੀ ਹੈ, ਜਿਸਦਾ ਇਤਿਹਾਸ ਮਨੁੱਖ ਦੇ ਸ਼ੁਰੂਆਤੀ ਦਿਨਾਂ ਤੋਂ ਹੈ। ਤੇਜ਼ ਰਫ਼ਤਾਰ ਜੀਵਨ ਦੇ ਕਾਰਨ ਮਨੁੱਖ ਬਹੁਤ ਸਾਰੇ ਰੋਗਾਂ ਨਾਲ ਪ੍ਰਭਾਵਿਤ ਹੋਇਆ ਹੈ। ਮਨੁੱਖੀ ਦੁੱਖਾਂ ਦਾ ਮੁੱਖ ਕਾਰਨ ਖੁਰਾਕ ਹੈ। ਲੰਬੀ ਅਤੇ ਸਿਹਤਮੰਦ ਜ਼ਿੰਦਗੀ ਜੀਵਨ ਲਈ ਖੁਰਾਕ 'ਤੇ ਨਿਗਰਾਨੀ ਰੱਖਣੀ ਜ਼ਰੂਰੀ ਹੈ। ਸਿਹਤਮੰਦ ਖੁਰਾਕ ਦੇ ਸਿਧਾਂਤ ਹੇਠਾਂ ਦਿੱਤੇ ਗਏ ਹਨ:



### 1. ਗੁਣਵੱਤਾ ਵਾਲੇ ਖਾਣੇ ਦੀ ਚੋਣ

ਖੁਰਾਕ ਨੂੰ ਸਿਹਤਮੰਦ ਤਾਂ ਹੀ ਮੰਨਿਆ ਜਾਵੇਗਾ, ਜਦੋਂ ਇਹ ਤਾਜ਼ਾ, ਕੁਦਰਤੀ ਅਤੇ ਪ੍ਰਕਿਰਿਆ ਰਹਿਤ ਹੋਵੇ। ਇਨਸਾਨਾਂ ਨੂੰ ਜ਼ਹਿਰੀਲੇ ਕੀਟਨਾਸ਼ਕਾਂ ਅਤੇ ਬਹੁਤ ਹੀ ਹਾਨੀਕਾਰਕ ਰਸਾਇਣਾਂ ਦੀ ਖਪਤ ਘਟਾਉਣ ਲਈ ਔਰਗੈਨਿਕ ਉਤਪਾਦਾਂ 'ਤੇ ਧਿਆਨ ਦੇਣਾ ਚਾਹੀਦਾ ਹੈ। ਪੋਸ਼ਣਾਂ ਨੂੰ ਬਚਾਉਣ ਲਈ ਖੁਰਾਕ ਵਿਚ ਪ੍ਰਕ੍ਰਿਆ ਕੀਤੀ ਗਈ ਖੁਰਾਕ ਦੀ ਥਾਂ ਮੋਟੇ ਅਨਾਜ ਦੀ ਖਪਤ ਹੋਣੀ ਚਾਹੀਦੀ ਹੈ। ਸਟੋਰੇਜ ਅਤੇ ਪਕਾਉਣ ਦਾ ਸਮਾਂ ਸਿਹਤਮੰਦ ਖੁਰਾਕ ਦੇ ਲਈ ਘੱਟ ਹੋਣਾ ਚਾਹੀਦਾ ਹੈ।

### 2. ਵਿਭਿੰਨਤਾ

ਐਂਟੀਔਕਸਿਡੈਂਟਸ, ਵਿਟਾਮਿਨ, ਮਿਨਰਲ ਅਤੇ ਫਾਈਟੋਨਿਊਟ੍ਰੀਐਂਟਸ ਪ੍ਰਾਪਤ ਕਰਨ ਲਈ ਇਨਸਾਨਾਂ ਨੂੰ ਸਬਜ਼ੀਆਂ, ਪੌਦਿਆਂ, ਅਨਾਜ, ਸਮੁੰਦਰੀ ਮੱਛੀਆਂ-ਜੀਵ ਅਤੇ ਮਾਸ ਵਾਲੀਆਂ ਵੱਖ-ਵੱਖ ਖੁਰਾਕਾਂ ਦੀ ਲੋੜ ਹੈ।

### 3. ਕੈਲੋਰੀ ਚਾਰਟ

ਇੱਕ ਸਿਹਤਮੰਦ ਖੁਰਾਕ ਵਿਚ ਅਹਿਮ ਪੌਸ਼ਕ ਤੱਤਾਂ ਦਾ ਢੰਗ ਨਾਲ ਸੰਤੁਲਿਤ ਅਨੁਪਾਤ ਹੋਣਾ ਚਾਹੀਦਾ ਹੈ। ਕਿਸੇ ਦੀ ਕੈਲੋਰੀਆਂ ਦੀ ਲੋੜ ਉਸਦੀ ਉਮਰ, ਲਿੰਗ, ਲੰਬਾਈ, ਭਾਰ ਅਤੇ ਗਤੀਵਿਧੀਆਂ ਦੇ ਅਨੁਸਾਰ ਹੋਣੀ ਚਾਹੀਦੀ ਹੈ।

### 4. ਸ਼ੱਕਰ ਦਾ ਪੱਧਰ

ਸ਼ੱਕਰ ਦੀ ਬਹੁਤ ਜ਼ਿਆਦਾ ਖਪਤ ਮਧੂਮੇਹ ਵਰਗੀਆਂ ਭਿਆਨਕ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਮੋਟਾਪਾ, ਦਿਲ ਦੀਆਂ ਬਿਮਾਰੀਆਂ, ਮੂਡ ਦੇ ਉਤਰਾਅ-ਚੜ੍ਹਾਅ, ਗਲਤ ਇਮਿਊਨ ਫੰਕਸ਼ਨ ਅਤੇ ਹੋਰ ਸਿਹਤ ਸੰਬੰਧੀ ਸਮੱਸਿਆਵਾਂ ਤੋਂ ਬਚਣ ਲਈ ਕਿਸੇ ਨੂੰ ਸ਼ੱਕਰ ਅਤੇ ਕ੍ਰਿਤ੍ਰਿਮ ਮਿੱਠਾਸ (ਜਿਵੇਂ ਕਿ ਅਸਪਾਰਟੇਮ, ਸੈਕਰਿਨ) 'ਤੇ ਨਿਗਰਾਨੀ ਰੱਖਣੀ ਚਾਹੀਦੀ ਹੈ। ਸਟੀਵੀਆ ਜੋ ਇੱਕ ਕੁਦਰਤੀ ਮਿੱਠਾਸ ਹੈ, ਇਸਦੀ ਵਰਤੋਂ ਕੀਤੀ ਜਾ ਸਕਦੀ ਹੈ।

### 5. ਪਾਣੀ

ਪਾਣੀ ਸਰੀਰ ਦੇ ਤਾਪਮਾਨ ਨੂੰ ਨਿਯੰਤ੍ਰਿਤ ਕਰਨ ਅਤੇ ਸਰੀਰ ਵਿਚ ਪੋਸ਼ਣਾਂ ਦੀਆਂ ਆਵਾਜਾਈ ਵਿਚ ਜ਼ਰੂਰੀ ਹੈ। ਇੱਕ ਸੰਤੁਲਿਤ ਖੁਰਾਕ ਵਿਚ ਕਾਫੀ ਪਾਣੀ ਹੋਣਾ ਚਾਹੀਦਾ ਹੈ ਕਿਉਂਕਿ ਇਹ ਸਰੀਰ ਦੇ ਕਚਰੇ ਨੂੰ ਹਟਾਉਣ ਵਿਚ ਵੀ ਮਦਦ ਕਰਦਾ ਹੈ।

### 6. ਨਮਕ

ਨਮਕ ਜਾਂ ਸੋਡੀਅਮ ਕਲੋਰਾਈਡ ਸਿਹਤ ਨੂੰ ਬਣਾਈ ਰੱਖਣ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਸਰੀਰ ਦੇ ਫਲੂਇਡ ਬੈਲੈਂਸ ਨੂੰ ਬਣਾਈ ਰੱਖਣ ਅਤੇ ਪੱਠਿਆਂ ਅਤੇ ਨਰਵ ਫੰਕਸ਼ਨਾਂ ਵਿਚ ਮਦਦ ਕਰਦਾ ਹੈ। ਡਾਇਟ ਇਸ ਤਰੀਕੇ ਨਾਲ ਬਣਾਈ ਜਾਣੀ ਚਾਹੀਦੀ ਹੈ ਕਿ ਨਮਕ ਦੀ ਮਾਤਰਾ ਘੱਟ ਕੀਤੀ ਜਾਵੇ ਪਰ ਪੋਟਾਸ਼ੀਅਮ ਅਤੇ ਸੋਡੀਅਮ ਦੇ ਪੱਧਰ 'ਤੇ ਧਿਆਨ ਦਿੱਤਾ ਜਾਵੇ।

### 7. ਫਾਈਬਰ

ਫਾਈਬਰ ਇੱਕ ਅਹਿਮ ਪੌਸ਼ਕ ਤੱਤ ਹੈ, ਜੋ ਕੈਂਸਰ, ਖੂਨ ਵਿਚ ਸ਼ੱਕਰ ਦਾ ਲੈਵਲ, ਆਂਤਾਂ ਦੇ ਮੂਵਮੈਂਟ ਅਤੇ ਭਾਰ ਪ੍ਰਬੰਧਨ 'ਤੇ ਨਿਗਰਾਨੀ ਰੱਖਣ ਵਿਚ ਮਦਦ ਕਰਦਾ ਹੈ।

### 8. ਕੈਫੀਨ

ਕੈਫੀਨ ਲੋਕਾਂ ਵਿਚ ਪ੍ਰਸਿੱਧ ਹੋ ਗਿਆ ਹੈ ਪਰ ਇਸਦੀ ਬਹੁਤ ਜ਼ਿਆਦਾ ਖਪਤ ਹੱਡੀਆਂ ਤੋਂ ਕੈਲਸ਼ੀਅਮ ਦੀ ਹਾਨੀ, ਬਲੱਡ ਪ੍ਰੈਸ਼ਰ ਵਿਚ ਵਾਧਾ, ਔਰਤਾਂ ਵਿਚ ਗਰਭ ਧਾਰਨ ਦੀ ਸਮੱਸਿਆ, ਨੀਂਦ ਨਾ ਆਉਣ, ਚਿੰਤਾ ਅਤੇ ਕੰਪਨ ਨੂੰ ਵਧਾਉਂਦੀ ਹੈ।

- ਸੁਰਿੰਦਰਪਾਲ ਸਿੰਘ
ਐੱਮ.ਐੱਸ.ਸੀ (ਗਣਿਤ)
ਐੱਮ.ਏ. (ਅੰਗਰੇਜ਼ੀ, ਪੰਜਾਬੀ, ਧਾਰਮਿਕ ਅਧਿਐਨ)
ਪੇਸ਼ਾ: ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ ਮੇਲ USA



### 9. ਸ਼ਰਾਬ

ਸ਼ਰਾਬ ਦੀ ਮੈਡੀਕਲ ਮਾਤਰਾ ਅਨੁਸਾਰ ਖਪਤ ਦੇ ਕੁਝ ਫਾਇਦੇ ਹੋ ਸਕਦੇ ਹਨ। ਪਰ ਇਸਦੀ ਬਹੁਤ ਜ਼ਿਆਦਾ ਵਰਤੋਂ ਲਿਵਰ ਫੇਲ੍ਹ, ਦਿਲ ਦੀਆਂ ਬਿਮਾਰੀਆਂ, ਕੈਂਸਰ, ਵਿਅੰਗਤਾ, ਪੈਨਕਰੇਟਾਈਟਿਸ, ਚਿੰਤਾ ਅਤੇ ਕੰਪਨ ਦਾ ਕਾਰਨ ਬਣ ਸਕਦਾ ਹੈ।

### 10. ਛੋਟੇ ਖਾਣੇ

ਮੈਟਾਬੋਲਿਜ਼ਮ ਅਤੇ ਖੂਨ ਦੀ ਸ਼ੱਕਰ ਦੇ ਸੰਤੁਲਨ ਨੂੰ ਸੁਧਾਰਨ ਲਈ ਮਨੁੱਖਾਂ ਨੂੰ ਛੋਟੇ-ਛੋਟੇ ਖਾਣੇ ਖਾਣ ਦੀ ਲੋੜ ਹੁੰਦੀ ਹੈ। ਅਤੇ ਇਹ ਵੀ ਸਮੇਂ-ਸਮੇਂ 'ਤੇ ਲੈਣੇ ਚਾਹੀਦੇ ਹਨ।

ਮਨੁੱਖ ਨੂੰ ਆਪਣੀਆਂ ਕੈਲੋਰੀਆਂ ਦੀ ਲੋੜ ਦਾ ਅਹਿਸਾਸ ਕਰਨਾ ਚਾਹੀਦਾ ਹੈ। ਫਿਰ ਉਪਰੋਕਤ ਚੋਣਾਂ ਦੇ ਅਨੁਸਾਰ ਖਾਣੇ ਵਿਚ ਬਦਲਾਅ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇੱਕ ਸਿਹਤਮੰਦ ਖੁਰਾਕ ਨੂੰ ਅਪਣਾ ਕੇ ਕੋਈ ਵੀ ਆਪਣੇ ਸਰੀਰ ਵਿਚ ਵਧੀਆ ਮੂਡ ਨਾਲ ਵੱਧ ਉਜਾਲਾ ਅਤੇ ਤਾਕਤ ਪ੍ਰਾਪਤ ਕਰ ਸਕਦਾ ਹੈ।

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
(Punjab Mail USA)



## ਰਾਸ਼ਟਰੀ ਚਿਕਿਤਸਕ ਦਿਵਸ 2025

# ਡਾਕਟਰ ਭਗਵਾਨ- ਰੋਗੀ ਪ੍ਰੇਸ਼ਾਨ

*"ਰਾਸ਼ਟਰੀ ਚਿਕਿਤਸਕ ਦਿਵਸ ਸਾਲ 2025 ਦਾ ਥੀਮ ਹੈ- "ਫਾਈਟ ਫਾਰ ਕੇਅਰ" ਯਾਨਿ ਰੋਗੀਆਂ ਦੀ ਦਿਲੋਂ-ਜਾਨ ਨਾਲ ਦੇਖਭਾਲ। ਡਾਕਟਰ ਅਤੇ ਉਨ੍ਹਾਂ ਦੀ ਟੀਮ ਦਾ ਇੱਕੋ ਹੀ ਮਕਸਦ ਹੈ, ਹਰ ਕੋਸ਼ਿਸ਼ ਦੁਆਰਾ ਰੋਗੀ ਨੂੰ ਦੇਖਭਾਲ ਨਾਲ ਬਚਾਉਣਾ- ਡਾ. ਅਨਿਲ ਧੀਰ*



ਰੋਗੀ ਦੀ ਪ੍ਰਾਪਰ ਕੇਅਰ ਲਈ ਰਾਸ਼ਟਰੀ ਪੱਧਰ 'ਤੇ ਚਿਕਿਤਸਕ ਦਿਵਸ 2025 ਸੈਲੀਬ੍ਰੇਟ ਕੀਤਾ ਗਿਆ। ਰਾਸ਼ਟਰੀ ਚਿਕਿਤਸਕ ਦਿਵਸ ਸਾਲ 2025 ਦਾ ਥੀਮ ਹੈ- "ਫਾਈਟ ਫਾਰ ਕੇਅਰ"। ਅੰਤਰਰਾਸ਼ਟਰੀ ਪੱਧਰ 'ਤੇ ਡਾਕਟਰ ਪੂਰੀ ਮਿਹਨਤ ਨਾਲ ਆਪਣੀ ਟੀਮ ਦੇ ਸਹਿਯੋਗ ਨਾਲ ਰੋਗੀ ਨੂੰ ਹੈਲਦੀ ਲਾਈਫ ਜਿਊਣ 'ਚ ਮਦਦ ਕਰ ਰਹੇ ਹਨ। ਵਿਸ਼ਵ ਭਰ 'ਚ ਨਰਸਾਂ, ਸਪੋਰਟ ਵਰਕਰ, ਲੈਬ ਟੈਕਨੀਸ਼ੀਅਨ, ਫਾਰਮਾਸਿਸਟ ਅਤੇ ਬਾਕੀ ਖੇਤਰਾਂ ਦੇ ਮਾਹਿਰ ਰੋਗੀਆਂ ਨੂੰ ਤੰਦਰੁਸਤ ਰੱਖਣ 'ਚ ਆਪਣਾ-ਆਪਣਾ ਕੰਮ ਕਰ ਰਹੇ ਹਨ। ਵਿਸ਼ਵ ਜਨਤਕ ਸਿਹਤ-ਪ੍ਰਣਾਲੀ ਅਧੀਨ ਕੰਮ ਕਰ ਰਹੀ ਹਰ ਟੀਮ ਨੂੰ ਆਪਣੀ ਹੈਲਥ ਨੂੰ ਇੱਕ ਪਾਸੇ ਰੱਖ ਕੇ ਵਾਧੂ ਸਟ੍ਰੈੱਸ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਡਾਕਟਰ ਅਤੇ ਮੈਡੀਕਲ ਸਿੱਖਿਆਰਥੀ ਆਮ ਤੌਰ 'ਤੇ ਮਰੀਜ਼ਾਂ ਨੂੰ ਪਹਿਲ ਦਿੰਦੇ ਹਨ, ਭਾਵੇਂ ਕਿ ਪ੍ਰਸ਼ਾਸਨਿਕ ਬੋਝ ਵੱਧ ਰਿਹਾ ਹੈ, ਸਟਾਫ ਦੀ ਕਮੀ, ਕੁੱਝ ਮਾਮਲਿਆਂ 'ਚ, ਪ੍ਰੇਸ਼ਾਨੀ, ਧੱਕੇਸ਼ਾਹੀ ਅਤੇ ਕੰਮ 'ਤੇ ਨਸਲਵਾਦ ਵੀ ਦੇਖਿਆ ਜਾ ਰਿਹਾ ਹੈ। ਅੱਜ ਜਨਤਕ ਸਿਹਤ-ਪ੍ਰਣਾਲੀ ਸਾਹਮਣੇ ਬੇਸ਼ੁਮਾਰ ਚੁਣੌਤੀਆਂ ਵੀ ਹਨ।

ਸੱਭਿਆਚਾਰਕ ਸੁਰੱਖਿਆ ਅਤੇ ਸਿਹਤ-ਪ੍ਰਣਾਲੀ 'ਚ ਅੰਦਰੂਨੀ ਸ਼ਕਤੀ ਅਸੰਤੁਲਨ, ਨਸਲਵਾਦ ਅਤੇ ਵਿਤਕਰੇ ਨੂੰ ਹੱਲ ਕਰਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਸਰੀਰਕ ਸੁਰੱਖਿਆ ਵਜੋਂ ਮੈਡੀਕਲ ਟੀਮ ਨੂੰ ਵੀ ਕਦੇ-ਕਦੇ ਸੱਟ 'ਤੇ ਬਿਮਾਰੀ ਦੀ ਪਛਾਣ ਦੌਰਾਨ ਸਾਹਮਣੇ ਵਾਲੇ ਤੋਂ ਖਤਰਾ ਮਹਿਸੂਸ ਹੁੰਦਾ ਹੈ। ਕਈ ਕਾਰਨਾਂ ਦੌਰਾਨ ਮਾਨਸਿਕ ਅਸੁਰੱਖਿਆ ਵੀ ਦੇਖਣ ਨੂੰ ਮਿਲ ਸਕਦੀ ਹੈ।



### ਰੋਗੀ ਕਿਉਂ ਹਨ ਪਰੇਸ਼ਾਨ ?:

- ਕਹਾਵਤ ਸਹੀ ਸੀ ਕਿ ਡਾਕਟਰ ਰੱਬ ਦਾ ਰੂਪ ਹੁੰਦੇ ਹਨ। ਲੇਕਿਨ ਅੱਜ ਇਹ ਪਰਿਭਾਸ਼ਾ ਬਦਲ ਚੁੱਕੀ ਹੈ। ਡਾਕਟਰੀ ਕਿੱਤਾ ਕਮਰਸ਼ੀਅਲ ਹੋ ਚੁੱਕਾ ਹੈ। ਸੁਣਿਆ ਗਿਆ ਹੈ ਕਿ ਦਵਾਈਆਂ ਦੇ ਵਪਾਰੀ ਯਾਨਿ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਆਪਣੀ ਦਵਾਈ ਵੇਚਣ ਲਈ ਸਰਕਾਰੀ ਗੈਰ-ਸਰਕਾਰੀ ਡਾਕਟਰਾਂ ਨੂੰ ਪ੍ਰਮੋਸ਼ਨਲ ਡਿਸਕਾਊਂਟ 'ਚ





ਕਈ ਵਾਰ ਲਗਜ਼ਰੀ ਕਾਰਾਂ, ਡਾਇਮੰਡ, ਗੋਲਡ ਦੇ ਮਹਿੰਗੇ ਗਿਫਟ ਅਤੇ ਅੰਤਰਰਾਸ਼ਟਰੀ ਵੇਕੇਸ਼ਨ ਟਰਿੱਪ ਵੀ ਦਿੰਦੇ ਹਨ। ਲਾਲਚ 'ਚ ਕੁੱਝ ਮੈਡੀਕਲ ਟੀਮ ਦੇ ਲੋਕ ਅੱਖਾਂ ਬੰਦ ਕਰ ਕੇ ਬੇਲੋੜ ਰੋਗੀਆਂ ਨੂੰ ਵੀ ਦਵਾਈਆਂ ਲਿਖਦੇ ਅਤੇ ਵੇਚਦੇ ਹਨ।
- ਕਿਸੇ ਸਮੇਂ ਇਹ ਸੁਣਿਆ ਜਾਂਦਾ ਸੀ ਕਿ ਵਿਦੇਸ਼ਾਂ 'ਚ ਇਲਾਜ ਬੜਾ ਵਧੀਆ ਹੁੰਦਾ ਹੈ। ਗੱਲ ਹੈ ਵੀ ਸਹੀ, ਜਿੱਥੇ ਨਵੀਂ ਟੈਕਨਾਲੋਜੀ, ਉੱਥੇ ਕੁੱਝ ਵੀ ਮੁਮਕਿਨ ਹੈ। ਲੇਕਿਨ ਇਹ ਗੱਲ ਵੀ ਹੁਣ ਫਿੱਕੀ ਦਿਸ ਰਹੀ ਹੈ। ਮੇਰੇ ਕਰੀਬੀ ਜਿਨ੍ਹਾਂ ਨੂੰ ਕੋਵਿਡ ਵੈਕਸੀਨ ਦੇ ਰੀਐਕਸ਼ਨ ਤੋਂ ਬਾਅਦ ਚਮੜੀ ਦੀ ਸਮੱਸਿਆ ਸ਼ੁਰੂ ਹੋ ਗਈ। ਕਈ ਮਹੀਨੇ ਫੈਮਿਲੀ ਡਾਕਟਰ ਦਾ ਇਲਾਜ ਪਰ ਕੋਈ ਫਾਇਦਾ ਨਹੀਂ ਹੋਇਆ। ਦਵਾਈਆਂ ਬਦਲਣ ਅਤੇ ਕਈ ਟੈਸਟਾਂ ਤੋਂ ਬਾਅਦ ਵੀ ਸਮੱਸਿਆ ਉੱਥੇ ਦੀ ਉੱਥੇ। ਵੱਡੇ ਹਸਪਤਾਲਾਂ ਦੀਆਂ ਦਵਾਈਆਂ ਅਤੇ ਕਈ ਦਰਦ ਦੇਣ ਵਾਲੇ ਟੈਸਟਾਂ ਤੋਂ ਬਾਅਦ ਮਾਹਿਰਾਂ ਨੇ ਇਹ ਕਹਿ ਕੇ ਆਪਣਾ ਪਿੱਛਾ ਛੁਡਾ ਲਿਆ ਕਿ ਇਹ ਸਟ੍ਰੈੱਸ ਕਾਰਨ ਹੈ। ਹਰ ਮਾਹਿਰ ਦਾ ਅਲੱਗ ਹੀ ਜਵਾਬ ਮਿਲਿਆ।
- ਸਪੈਸ਼ਲਿਸਟ ਦੀ ਅਪੁਆਇੰਟਮੈਂਟ ਲਈ ਕਈ ਮਹੀਨੇ ਇੰਤਜ਼ਾਰ ਅਤੇ ਜੇ ਕੋਈ ਸਰਜਰੀ ਹੈ, ਤਾਂ ਸਾਲ ਤੋਂ ਉੱਪਰ ਵੀ ਲੱਗ ਜਾਂਦਾ ਹੈ।
- ਕਈ ਹਸਪਤਾਲਾਂ ਦੀ ਰੈਪੂਟੀਸ਼ਨ ਚੰਗੀ ਨਾ ਹੋਣ ਕਰਕੇ ਸਰਜ਼ਰੀ ਕਰਾਉਣ ਲਈ ਰੋਗੀ ਵੀ ਇੱਕ ਡਰ ਮਹਿਸੂਸ ਕਰਦੇ ਹਨ, ਜਦ ਕਈ ਫੈਮਿਲੀ ਡਾਕਟਰ ਉੱਥੇ ਰਿਕਮੈਂਡ ਕਰਦੇ ਹਨ।
- ਐਮਰਜੈਂਸੀ 'ਚ ਘੱਟ ਤੋਂ ਘੱਟ 7-8 ਘੰਟੇ ਦਾ ਇੰਤਜ਼ਾਰ ਹੁੰਦਾ ਹੈ। ਫਿਰ ਕਿਹਾ ਜਾਂਦਾ ਹੈ ਕਿ ਵਿਦੇਸ਼ਾਂ 'ਚ ਇਲਾਜ ਬੜਾ ਵਧੀਆ ਹੈ। ਕਈ ਵਾਰ ਫੈਮਿਲੀ ਡਾਕਟਰ ਵੀ ਕੋਈ ਮਰੀਜ਼ ਨਾ ਹੋਣ ਦੇ ਬਾਵਜੂਦ 40 ਤੋਂ 50 ਮਿੰਟ ਇੰਤਜ਼ਾਰ ਕਰਵਾ ਦਿੰਦਾ ਹੈ। ਇਹ ਆਮ ਗੱਲ ਹੋ ਗਈ ਹੈ।
- ਸੁਣਨ 'ਚ ਅਇਆ ਹੈ ਕਿ ਅਗਰ ਕਿਸੇ ਦਵਾਈ ਜਾਂ ਇੰਜੈਕਸ਼ਨ ਦਾ ਰੀਐਕਸ਼ਨ ਹੋ ਜਾਵੇ, ਤਾਂ ਡਾਕਟਰਾਂ ਨੂੰ ਇੰਸ਼ੋਰੈਂਸ ਕੰਪਨੀਆਂ ਅਤੇ ਕੁਝ ਪ੍ਰੋਫੈਸ਼ਨਲ ਸੰਸਥਾਵਾਂ ਬਚਾ ਲੈਂਦੀਆਂ ਹਨ। ਬਾਅਦ 'ਚ ਰੋਗੀ ਤੰਦਰੁਸਤੀ ਲਈ ਜਾਂ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਇੱਧਰ-ਉੱਧਰ ਧੱਕੇ ਖਾ-ਖਾ ਕੇ ਚੁੱਪ ਹੋ ਜਾਂਦਾ ਹੈ। ਸੋ ਸੁਣਵਾਈ ਕੋਈ ਨਹੀਂ ਹੁੰਦੀ।

**ਨੋਟ:-** ਅੱਜਕੱਲ੍ਹ ਅਣਸੁਲਝੀ ਸਮੱਸਿਆ ਜਾਂ ਪੰਗੇ ਤੋਂ ਛੁਟਕਾਰਾ ਪਾਉਣ ਲਈ ਆਮ ਵਿਅਕਤੀ ਜਸਟਿਸ ਲਈ ਮਹਿੰਗੀ ਨਿਆਂ ਵਿਵਸਥਾ ਤੱਕ ਨਹੀਂ ਪਹੁੰਚ ਪਾਉਂਦਾ। ਇਹ ਗੱਲ ਸਮੱਸਿਆ ਦੇਣ ਵਾਲੀ ਕੰਪਨੀ ਜਾਂ ਬੰਦਾ ਵੀ ਚੰਗੀ ਤਰ੍ਹਾਂ ਜਾਣਦਾ ਹੈ। ਇਸ ਲਈ ਪ੍ਰੋਫੈਸ਼ਨਲ ਅਤੇ ਅਣਪ੍ਰੋਫੈਸ਼ਨਲ ਸਮੱਸਿਆਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਸਰਕਾਰੀ ਗੈਰ-ਸਰਕਾਰੀ ਪੱਧਰ 'ਤੇ ਮੈਡੀਕਲ ਕਿੱਤੇ ਸੰਬੰਧੀ ਸਮੱਸਿਆਵਾਂ ਚੈਲੇਂਜ ਬਣ ਗਈਆਂ ਹਨ। ਰੋਕ ਅਤੇ ਜਾਗਰੂਕਤਾ ਜ਼ਰੂਰੀ ਹੋ ਗਈ ਹੈ।

# ਪ੍ਰੋ. ਕੁਲਬੀਰ ਸਿੰਘ 'ਮੀਡੀਆ ਆਲੋਚਕ ਦੀ ਆਤਮਕਥਾ' ਪ੍ਰੇਰਨਾਦਾਇਕ ਪੁਸਤਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪ੍ਰੋ. ਕੁਲਬੀਰ ਸਿੰਘ ਮੁੱਢਲੇ ਤੌਰ 'ਤੇ ਇੱਕ ਅਧਿਆਪਕ ਹੈ, ਪ੍ਰੰਤੂ ਉਸਦੀ ਸਮਾਜਿਕ ਖੇਤਰ ਵਿਚ ਮੀਡੀਆ ਆਲੋਚਕ ਦੇ ਤੌਰ 'ਤੇ ਪਛਾਣ ਸਥਾਪਤ ਹੈ। ਅਧਿਆਪਕ ਸਮਾਜ ਦੇ ਉਸਰਈਏ ਹੁੰਦੇ ਹਨ, ਪ੍ਰੰਤੂ ਪ੍ਰੋ. ਕੁਲਬੀਰ ਸਿੰਘ ਦਾ ਸਮਾਜ ਨੂੰ ਦੋਹਰੇ ਉਸਰਈਏ ਦੇ ਤੌਰ 'ਤੇ ਯੋਗਦਾਨ ਹੈ। ਜਿਥੇ ਉਸਨੇ ਨੌਜਵਾਨੀ ਦੀ ਸਿੱਖਿਆ ਦੇ ਖੇਤਰ ਵਿਚ ਅਗਵਾਈ ਕੀਤੀ ਹੈ, ਉਸਦੇ ਨਾਲ ਹੀ ਉਸਨੇ ਸਮਾਜ ਦੀ ਰਹਿਨੁਮਾਈ ਮੀਡੀਆ ਆਲੋਚਕ/ਕਾਲਮ ਨਵੀਸ ਬਣਕੇ ਕੀਤੀ ਹੈ। ਇਹ ਪੁਸਤਕ ਉਸਦੀ ਸਵੈ-ਜੀਵਨੀ ਹੀ ਹੈ, ਭਾਵੇਂ ਇਹ ਸਵੈ-ਜੀਵਨੀ ਅਧਿਆਪਕ ਨਾਲੋਂ ਇੱਕ ਮੀਡੀਆ ਆਲੋਚਕ ਦੀ ਜ਼ਿਆਦਾ ਹੈ। ਮੀਡੀਆ ਵਿਚ ਬਹੁਤ ਸਾਰੀ ਜਾਣਕਾਰੀ ਸਮਾਜ ਨੂੰ ਦਿੱਤੀ ਜਾਂਦੀ ਹੈ। ਪ੍ਰੋ. ਕੁਲਬੀਰ ਸਿੰਘ ਨੇ ਮੀਡੀਆ ਦੀ ਜਾਣਕਾਰੀ ਦੀ ਸਾਰਥਿਕਤਾ ਦੀ ਤਸਵੀਰ ਖਿਚਕੇ ਰੱਖ ਦਿੱਤੀ, ਤਾਂ ਜੋ ਲੋਕਾਂ ਨੂੰ ਉਸ ਜਾਣਕਾਰੀ ਦੀ ਅਸਲੀਅਤ ਦਾ ਪਤਾ ਲੱਗ ਸਕੇ। ਸਵੈ-ਜੀਵਨੀ ਤਾਂ ਹੀ ਲੋਕਾਂ ਲਈ ਲਾਹੇਵੰਦ ਹੋ ਸਕਦੀ ਹੈ, ਜੇਕਰ ਸਮਾਜ ਨੂੰ ਕੋਈ ਪ੍ਰੇਰਨਾ ਦੇ ਸਕੇ। ਇਹ ਜੀਵਨੀ ਇਸ ਕਰਕੇ ਪ੍ਰੇਰਨਾਦਾਇਕ ਹੈ ਕਿਉਂਕਿ ਪ੍ਰੋ. ਕੁਲਬੀਰ ਸਿੰਘ ਦੀ ਜ਼ਿੰਦਗੀ ਜੱਦੋ-ਜਹਿਦ ਵਾਲੀ ਹੈ। ਹਰ ਇਨਸਾਨ ਨੂੰ ਜੱਦੋ-ਜਹਿਦ ਕਰਨ ਲਈ ਪ੍ਰੇਰਨਾ ਦਿੰਦੀ ਹੈ। ਉਸਨੇ ਇਸ ਪੁਸਤਕ ਦੇ ਛੋਟੇ-ਛੋਟੇ 62 ਚੈਪਟਰ ਬਣਾਏ ਹਨ। ਇਨ੍ਹਾਂ ਚੈਪਟਰਾਂ ਵਿਚ ਵੱਖ-ਵੱਖ ਸਮੇਂ ਕੀਤੇ ਕਾਰਜਾਂ ਦਾ ਵੇਰਵਾ ਹੈ। ਇਹ ਪੁਸਤਕ ਨਿਰੀ ਸਵੈ-ਜੀਵਨੀ ਵੀ ਨਹੀਂ, ਇੱਕ ਖੋਜੀ ਪੁਸਤਕ ਹੈ, ਜਿਸ ਵਿਚ ਬਹੁਤ ਸਾਰੇ ਖੇਤਰਾਂ ਦੀ ਬੇਸ਼ਕੀਮਤੀ ਜਾਣਕਾਰੀ ਹੈ। ਲੰਬੀ ਉਮਰ ਵਿਚ ਤੰਦਰੁਸਤ ਰੱਖਣ ਦੇ ਢੰਗ ਤਰੀਕੇ, ਜ਼ਿੰਦਗੀ ਨੂੰ ਖ਼ੂਬਸੂਰਤ ਰੱਖਣ, ਮੀਡੀਆ, ਸੋਸ਼ਲ ਮੀਡੀਆ, ਫੇਸਬੁੱਕ, ਵਟਸਅੱਪ, ਸਮਾਰਟ ਫ਼ੋਨ ਤੇ ਉਸਦੀ ਗ਼ੁਲਾਮੀ, ਗੂਗਲ ਮੈਪਸ, ਡਿਜਿਟਲ ਮੀਡੀਆ ਅਤੇ ਪ੍ਰਿੰਟ ਮੀਡੀਆ ਵਿਚ ਜੋ ਨਵੇਂ ਰੁਝਾਨ ਸ਼ੁਰੂ ਹੋਏ ਹਨ, ਉਨ੍ਹਾਂ ਬਾਰੇ ਵੀ ਬਾਰੀਕੀ ਅਤੇ ਤਫ਼ਸੀਲ ਨਾਲ ਜਾਣਕਾਰੀ ਦਿੱਤੀ ਹੈ। ਸੋਸ਼ਲ ਮੀਡੀਆ ਬਾਰੇ ਵਿਸਤਾਰ ਨਾਲ ਲਿਖਦਿਆਂ ਇਸਨੂੰ ਮਾਨਸਿਕ ਰੋਗ ਪੈਦਾ ਕਰਨ ਵਾਲਾ ਕਿਹਾ ਹੈ। ਨਵੀਆਂ ਤਕਨੀਕਾਂ ਅਲੈਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਲਾਭ ਤੇ ਨੁਕਸਾਨ ਹੈਰਾਨੀਜਨਕ ਹਨ। ਪ੍ਰੋ. ਕੁਲਬੀਰ ਸਿੰਘ ਦਾ ਗਿਆਨ ਤੇ ਜਾਣਕਾਰੀ ਦਾ ਖ਼ਜ਼ਾਨਾ ਵਿਸ਼ਾਲ ਹੈ। ਪ੍ਰੋ. ਕੁਲਬੀਰ ਸਿੰਘ ਨੇ ਮਹੱਤਵਪੂਰਨ ਸੈਰ ਸਪਾਟਾ ਥਾਵਾਂ ਦੀ ਸੈਰ ਕੀਤੀ ਤੇ ਮੁਲਾਂਕਣ ਕੀਤਾ ਹੈ, ਜਿਨ੍ਹਾਂ ਵਿਚ ਫਿਲਮ ਸਿਟੀ ਹੈਦਰਾਬਾਦ, ਮਸੂਰੀ ਅਤੇ ਜੰਮੂ ਤੇ ਕਸ਼ਮੀਰ ਬਾਰੇ ਲਿਖਿਆ ਹੈ। ਸੰਗੀਤ ਦੇ ਰੂਹ ਦੀ ਖ਼ੁਰਾਕ ਤੋਂ ਵਿਓਪਾਰ ਤੱਕ ਪਹੁੰਚਣ ਦਾ ਸਫਰ ਵੀ ਦੱਸਿਆ ਹੈ। 'ਮੇਰਾ ਜੀਵਨ ਮੇਰਾ ਅਨੁਭਵ' ਚੈਪਟਰ ਵਿਚ ਲੋਕਾਂ ਨੂੰ ਜੀਵਨ ਜਿਉਣ ਦੀ ਜਾਚ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ। ਜੇਕਰ ਲੋਕ ਜੀਵਨ ਜਾਚ ਦੇ ਇਨ੍ਹਾਂ ਢੰਗਾਂ 'ਤੇ ਅਮਲ ਕਰ ਲੈਣ, ਤਾਂ ਹਰ ਇਨਸਾਨ ਆਪਣੀ ਜ਼ਿੰਦਗੀ ਵਿਚ ਸਫਲਤਾ ਪ੍ਰਾਪਤ ਕਰ ਸਕਦਾ ਹੈ। ਇਹ ਚੈਪਟਰ ਸਭ ਤੋਂ ਵੱਡਾ ਤੇ ਸਭ ਤੋਂ ਮਹੱਤਵਪੂਰਨ ਹੈ। ਨਿਸ਼ਾਨਾ ਨਿਸ਼ਚਿਤ ਕਰਨਾ, ਮਿਹਨਤ ਕਰਨੀ, ਖ਼ੁਸ਼ ਰਹਿਣਾ, ਪੁਸਤਕਾਂ ਪੜ੍ਹਨੀਆਂ, ਹੌਂਸਲਾ ਨਾ ਹਾਰਨਾ, ਚੁਣੌਤੀ ਦਾ ਮੁਕਾਬਲਾ ਕਰਨਾ, ਰੁਝੇਵੇਂ ਰੱਖਣਾ, ਸੰਤੁਸ਼ਟ ਰਹਿਣਾ, ਕਿਸੇ ਦੀ ਸਫਲਤਾ 'ਤੇ ਖੁੰਦਕ ਨਾ ਖਾਣਾ, ਗਿਣਤੀ ਨਾਲੋਂ ਗੁਣਵਤਾ ਰੱਖਣਾ, ਸੰਗੀਤ ਸੁਣਨਾ, ਸਪਨੇ ਸਿਰਜਣਾ, ਪ੍ਰਤੀਕਰਮ ਨਾ ਦੇਣਾ, ਕਸਰਤ ਕਰਨਾ, ਬਹੁਤਾ ਸੋਚਣਾ ਨਾ, ਲੋਕਾਂ ਦੇ ਗੁਣਾਂ ਦੀ ਪ੍ਰਸ਼ੰਸਾ ਕਰਨਾ, ਸ਼ਾਂਤ ਰਹਿਣਾ, ਜੱਦੋ-ਜਹਿਦ ਕਰਦੇ ਰਹਿਣਾ, ਗ਼ਲਤ ਨੂੰ ਸਹੀ ਨਾ ਕਹਿਣਾ, ਸਹੀ ਨੂੰ ਗ਼ਲਤ ਨਾ ਕਹਿਣਾ ਅਤੇ ਝੂਠ ਨਾ ਬੋਲਣਾ ਵਰਗੇ ਨੁਕਤਿਆਂ 'ਤੇ ਅਮਲ ਕਰਨ ਨਾਲ ਸਫਲਤਾ ਪੈਰ ਚੁੰਮੇਗੀ। ਬਚਪਨ ਦੀਆਂ ਯਾਦਾਂ, ਸਕੂਲ, ਕਾਲਜ ਅਤੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ




ਮਿਹਨਤ ਦੇ ਨਤੀਜੇ ਦੇ ਸਿੱਟੇ ਵਜੋਂ ਹੋਣੀਆਂ ਨੌਜਵਾਨੀ ਲਈ ਰਾਹ ਦਸੇਰਾ ਬਣਨਗੀਆਂ। ਯੂਨੀਵਰਸਿਟੀਆਂ ਦੀਆਂ ਸਿਆਸਤਾਂ ਵਿਦਿਆਰਥੀਆਂ ਦੀ ਕਾਬਲੀਅਤ ਦੀ ਬਲੀ ਦੇ ਦਿੰਦੀਆਂ ਹਨ। ਮੈਰਿਟ ਅਣਡਿੱਠ ਨਹੀਂ ਕੀਤੀ ਜਾ ਸਕਦੀ, ਭਾਵੇਂ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਫ਼ਤਰਾਂ ਦੇ ਅਧਿਕਾਰੀਆਂ ਅਤੇ ਬਾਬੂਆਂ ਦੀਆਂ ਕਿੜਾਂ ਕੱਢਣ ਦੀਆਂ ਰੁਚੀਆਂ ਬਾਰੇ ਵੀ ਲਿਖਿਆ। ਪਹਿਲਾਂ ਪ੍ਰਾਈਵੇਟ ਕਾਲਜਾਂ ਵਿਚ ਨੌਕਰੀ ਕੀਤੀ ਤੇ ਫਿਰ ਸਰਕਾਰੀ ਕਾਲਜਾਂ ਵਿਚ। ਨੌਕਰੀ ਸਮੇਂ ਬਦਲੀਆਂ ਦੀ ਸਿਆਸਤ ਬਾਰੇ ਵੀ ਜਾਣਕਾਰੀ ਦਿੱਤੀ ਗਈ, ਕਿਸ ਪ੍ਰਕਾਰ ਪਹਿਲੇ ਦਰਜੇ 'ਤੇ ਆਉਣ 'ਤੇ ਵੀ ਬਦਲੀਆਂ ਸਮੇਂ ਸਿਆਸਤ ਚਲਦੀ ਰਹੀ। 1987 ਵਿਚ ਜਲੰਧਰ ਬਦਲਕੇ ਆਇਆ ਤੇ ਫਿਰ ਦੂਰਦਰਸ਼ਨ ਦਾ ਰਾਹ ਖੁੱਲ੍ਹਿਆ। ਪਹਿਲਾਂ ਪੰਜੇਵਾਲ ਤੇ ਫਿਰ 1993 ਵਿਚ ਆਰਟਸ ਤੇ ਸਪੋਰਟਸ ਕਾਲਜ ਜਲੰਧਰ ਵਿਚ ਨੌਕਰੀ ਜੁਆਇਨ ਕੀਤੀ। ਨੌਕਰੀ ਵਿਚ ਹੀ ਦੂਰਦਰਸ਼ਨ ਸੰਬੰਧੀ 'ਟੈਲੀਵਿਜ਼ਨ ਸਮੀਖਿਆ ਕਾਲਮ' ਲਿਖਣ ਦਾ ਕੰਮ ਸ਼ੁਰੂ ਹੋਇਆ ਤੇ ਫਿਰ ਆਪਣੀ ਮਿਹਨਤ ਨਾਲ ਨਵੇਂ ਖੇਤਰ ਵਿਚ ਵੀ ਅਜਿਹਾ ਨਾਮਣਾ ਖੱਟਿਆ, ਜਿਸਨੇ ਦੇਸ਼-ਵਿਦੇਸ਼ ਵਿਚ ਪਹਿਚਾਣ ਬਣਾ ਦਿੱਤੀ। ਇਸ ਦਾ ਅਰਥ ਇਹ ਹੈ ਕਿ ਕੰਮ ਭਾਵੇਂ ਕੋਈ ਵੀ ਹੋਵੇ, ਪ੍ਰੋ. ਕੁਲਬੀਰ ਸਿੰਘ ਦੀ ਤਰ੍ਹਾਂ ਮਿਹਨਤ, ਦਿਆਨਤਦਾਰੀ, ਲਗਨ ਤੇ ਦ੍ਰਿੜ੍ਹਤਾ ਵਰਗੀਆਂ ਆਦਤਾਂ ਹੋਣ ਤਾਂ ਸਫਲਤਾ ਨੂੰ ਕੋਈ ਰੋਕ ਨਹੀਂ ਸਕਦਾ। ਟੈਲੀਵਿਜ਼ਨ ਦੀ ਸਮੀਖਿਆ ਨੇ ਇਨ੍ਹਾਂ ਅਦਾਰਿਆਂ ਨਾਲ ਸੰਬੰਧਤ ਸੈਮੀਨਾਰ, ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸਾਂ ਆਯੋਜਿਤ ਕਰਨ, ਗਲੋਬਲ ਮੀਡੀਆ ਅਕੈਡਮੀ ਦੀ ਸਥਾਪਨਾ ਤੇ ਚੇਅਰਮੈਨੀ ਕਰਨ ਦਾ ਇਤਫਾਕ ਬਣਿਆਂ, ਜਿਸਨੇ ਅਧਿਆਪਕ ਦੀ ਪਹਿਚਾਣ ਨੂੰ ਮੀਡੀਆ ਆਲੋਚਕ ਵਿਚ ਬਦਲਕੇ ਸੰਸਾਰ ਵਿਚ ਨਾਮ ਚਮਕਣ ਲਾ ਦਿੱਤਾ। ਇਹ ਤਾਂ ਹੀ ਸੰਭਵ ਹੋਇਆ ਜੇਕਰ ਸਹੀ ਤੱਥਾਂ ਅਤੇ ਸਬੂਤਾਂ ਸਮੇਤ ਸਮੀਖਿਆ ਕੀਤੀ ਗਈ। ਸੱਚਾਈ ਦਾ ਪੱਲਾ ਫੜੀ ਰੱਖਿਆ। ਪਾਠਕਾਂ ਨੂੰ ਗ਼ਲਤ ਰਾਹ ਪੈਣ ਤੋਂ ਵਰਜਿਆ। ਕਾਲਮਨਵੀਸੀ ਨੇ ਨਵੇਂ ਰਾਹ ਖੋਲ੍ਹੇ, ਜਿਸ ਕਰਕੇ ਖੋਜ ਪੇਪਰ ਲਿਖੇ ਅਤੇ ਛਪਵਾਏ ਗਏ, ਜੋ ਇਤਿਹਾਸ ਦਾ ਹਿੱਸਾ ਬਣੇ। 2000 ਲੇਖ ਵੱਖ-ਵੱਖ ਅਖ਼ਬਾਰਾਂ ਦਾ ਸ਼ਿੰਗਾਰ ਬਣੇ। ਪੱਤਰਕਾਰਤਾ, ਸਾਹਿਤਕ, ਸਮਾਜਿਕ, ਸਿੱਖਿਆ ਅਤੇ ਸਮੀਖਿਆ ਖੇਤਰ ਦੀਆਂ ਵੱਡੀਆਂ ਹਸਤੀਆਂ ਨਾਲ ਤਾਲਮੇਲ ਦੇ ਮੌਕੇ ਮਿਲੇ। ਦੇਸ਼-ਵਿਦੇਸ਼ ਵਿਚ ਵਿਚਰਣ ਦੇ ਮੌਕੇ ਮਿਲਦੇ ਰਹੇ। ਇਹ ਸਾਰਾ ਕੁਝ ਪਤਨੀ ਪ੍ਰੋ. ਕਵਲਜੀਤ ਕੌਰ ਅਤੇ ਪਰਿਵਾਰ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ। ਇਸ ਸਵੈ-ਜੀਵਨੀ ਤੋਂ ਇਹ ਇਹ ਸਿੱਖਿਆ ਮਿਲਦੀ ਹੈ ਕਿ ਕਦੀ ਕਿਸੇ ਕੰਮ ਨੂੰ ਔਖਾਂ ਜਾਂ ਨਵਾਂ ਸਮਝ ਕੇ ਇਨਕਾਰ ਨਾ ਕਰੋ, ਸਗੋਂ ਹੋਰ ਕਈ ਨਵੇਂ ਰਾਹ ਖੁੱਲ੍ਹ ਸਕਦੇ ਹਨ। ਵੱਡੇ ਸਾਹਿਤਕਾਰਾਂ, ਕਲਾਕਾਰਾਂ ਅਤੇ ਸੰਗੀਤਕਾਰਾਂ ਨਾਲ ਬਤੌਰ ਐਂਕਰ ਇੰਟਰਵਿਊ ਕੀਤੀਆਂ, ਜਿਨ੍ਹਾਂ ਨੇ ਨਵੇਂ ਦਿਸਹੱਦੇ ਬਣਾਏ ਪ੍ਰੰਤੂ ਜਾਬਤੇ ਵਿਚ ਰਹਿਣ ਦਾ ਬਲ ਬਖ਼ਸ਼ਿਆ। 'ਇੱਕ ਖ਼ਬਰ : ਇੱਕ ਨਜ਼ਰ' ਲੰਬਾ ਸਮਾਂ ਵੱਖ-ਵੱਖ ਪੱਤਰਕਾਰਾਂ ਨਾਲ ਐਂਕਰ ਦੇ ਤੌਰ 'ਤੇ ਕੰਮ ਕੀਤਾ, ਜਿਸਦੇ ਤਜ਼ਰਬਿਆਂ ਨੇ ਗਿਆਨ ਵਿਸ਼ਾਲ ਕੀਤਾ। ਮੁਲਾਕਾਤਾਂ ਵਿਚ ਹਿੱਸਾ ਲੈਣ ਵਾਲਿਆਂ ਲਈ ਸਮੇਂ ਦੀ ਪਾਬੰਦੀ ਵੀ ਅਹਿਮੀਅਤ ਰੱਖਦੀ ਹੈ। ਕਈ ਸੰਜੀਦਾ ਵੀ ਨਹੀਂ ਹੁੰਦੇ, ਜਿਸ ਕਰਕੇ ਅਦਾਰੇ ਦੇ ਵਕਾਰ 'ਤੇ ਸੱਟ ਵੱਜਦੀ ਹੈ। ਇਨ੍ਹਾਂ ਇੰਟਰਵਿਊ ਨਾਲ ਮਾਹਿਰਾਂ ਦੀਆਂ ਦਿਲਚਸਪ ਪ੍ਰਾਪਤੀਆਂ ਦਾ ਪਤਾ ਲੱਗਾ ਤੇ ਪੁਸਤਕਾਂ ਪੜ੍ਹਨ ਵਿਚ ਦਿਲਚਸਪੀ ਬਣੀ ਰਹੀ। ਇਨ੍ਹਾਂ ਇੰਟਰਵਿਊ ਲਈ ਤਿਆਰੀ ਕਰਨ ਨਾਲ ਗਿਆਨ ਵਿਚ ਚੋਖਾ ਵਾਧਾ ਹੋਇਆ। ਜਲੰਧਰ ਦੂਰਦਰਸ਼ਨ ਵਿਚ ਪੰਜਾਬੀ ਦੇ ਚਾਹੁਣ ਵਾਲੇ ਕਈ ਨਿਰਦੇਸ਼ਕਾਂ ਨੇ ਪੰਜਾਬੀ ਦੀ ਪ੍ਰਫੁਲਤਾ ਲਈ ਪ੍ਰੋਗਰਾਮ ਉਲੀਕੇ। ਭਾਵੇਂ ਪ੍ਰੋ. ਕੁਲਬੀਰ ਸਿੰਘ ਨੂੰ ਇੱਕ ਦਰਜਨ ਮਾਨ-ਸਨਮਾਨ ਵੀ ਮਿਲੇ ਪ੍ਰੰਤੂ ਉਨ੍ਹਾਂ ਭਾਸ਼ਾ ਵਿਭਾਗ ਦੇ ਸਨਮਾਨਾਂ ਲਈ ਸਿਫ਼ਾਰਸ਼ ਦਾ ਹੋਣਾ ਜ਼ਰੂਰੀ ਕਿਹਾ ਹੈ ਕਿਉਂਕਿ ਉਥੇ ਕਾਬਲੀਅਤ ਅਣਡਿੱਠ ਕੀਤੀ ਜਾਂਦੀ ਹੈ। ਉਨ੍ਹਾਂ ਦੂਰਦਰਸ਼ਨ ਅਤੇ

**ਇਹ ਚੈਪਟਰ ਸਭ ਤੋਂ ਵੱਡਾ ਤੇ ਸਭ ਤੋਂ ਮਹੱਤਵਪੂਰਨ ਹੈ। ਨਿਸ਼ਾਨਾ ਨਿਸ਼ਚਿਤ ਕਰਨਾ, ਮਿਹਨਤ ਕਰਨੀ, ਖ਼ੁਸ਼ ਰਹਿਣਾ, ਪੁਸਤਕਾਂ ਪੜ੍ਹਨੀਆਂ, ਹੌਂਸਲਾ ਨਾ ਹਾਰਨਾ, ਚੁਣੌਤੀ ਦਾ ਮੁਕਾਬਲਾ ਕਰਨਾ, ਰੁਝੇਵੇਂ ਰੱਖਣਾ, ਸੰਤੁਸ਼ਟ ਰਹਿਣਾ, ਕਿਸੇ ਦੀ ਸਫਲਤਾ 'ਤੇ ਖੁੰਦਕ ਨਾ ਖਾਣਾ, ਗਿਣਤੀ ਨਾਲੋਂ ਗੁਣਵਤਾ ਰੱਖਣਾ, ਸੰਗੀਤ ਸੁਣਨਾ, ਸਪਨੇ ਸਿਰਜਣਾ, ਪ੍ਰਤੀਕਰਮ ਨਾ ਦੇਣਾ, ਕਸਰਤ ਕਰਨਾ, ਬਹੁਤਾ ਸੋਚਣਾ ਨਾ, ਲੋਕਾਂ ਦੇ ਗੁਣਾਂ ਦੀ ਪ੍ਰਸ਼ੰਸਾ ਕਰਨਾ, ਸ਼ਾਂਤ ਰਹਿਣਾ, ਜੱਦੋ-ਜਹਿਦ ਕਰਦੇ ਰਹਿਣਾ, ਗ਼ਲਤ ਨੂੰ ਸਹੀ ਨਾ ਕਹਿਣਾ, ਸਹੀ ਨੂੰ ਗ਼ਲਤ ਨਾ ਕਹਿਣਾ ਅਤੇ ਝੂਠ ਨਾ ਬੋਲਣਾ ਵਰਗੇ ਨੁਕਤਿਆਂ 'ਤੇ ਅਮਲ ਕਰਨ ਨਾਲ ਸਫਲਤਾ ਪੈਰ ਚੁੰਮੇਗੀ।**

ਰੇਡੀਓ ਦੇ ਪ੍ਰੋਗਰਾਮਾਂ ਅਤੇ ਐਂਕਰਾਂ ਦੀ ਕਾਰਗੁਜ਼ਾਰੀ ਵਿਚ ਆਈ ਗਿਰਾਵਟ 'ਤੇ ਚਿੰਤਾ ਪ੍ਰਗਟ ਕੀਤੀ ਹੈ। ਦੂਰਦਰਸ਼ਨ ਦੇ ਪ੍ਰੋਗਰਾਮਾਂ ਵਿਚ ਸਾਹਿਤ ਤੇ ਸੰਗੀਤ ਸੰਬੰਧੀ ਕੋਈ ਪ੍ਰੋਗਰਾਮ ਨਹੀਂ, ਜਦੋਂ ਕਿ ਸਾਹਿਤ ਤੇ ਸੰਗੀਤ ਰੂਹ ਦੀ ਖ਼ੁਰਾਕ ਹੁੰਦੇ ਹਨ। ਅਜੋਕੇ ਸਮੇਂ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਦੀ ਗੁਣਵਤਾ ਦੀ ਥਾਂ ਗਿਣਤੀ 'ਤੇ ਜ਼ੋਰ ਹੈ। ਪ੍ਰੋਗਰਾਮ ਟੀ.ਆਰ.ਪੀ. ਲੈਣ ਦੇ ਮੰਤਵ ਨਾਲ ਉਲੀਕੇ ਜਾਂਦੇ ਹਨ। ਡਿਸਕਵਰੀ ਚੈਨਲ ਬਹੁਤ ਹੀ ਲਾਭਦਾਇਕ ਹਨ। ਵਿਦੇਸ਼ਾਂ ਵਿਚ ਪੰਜਾਬੀ ਦੀ ਬੱਲੇ-ਬੱਲੇ ਹੈ। ਪ੍ਰਵਾਸੀ ਪੰਜਾਬੀ ਮੀਡੀਆ ਦਾ ਯੋਗਦਾਨ ਵਰਣਨਯੋਗ ਹੈ। ਸੁਚਾਰੂ ਜ਼ਿੰਦਗੀ ਜਿਊਣ ਲਈ ਮਨ ਦੀ ਸ਼ਾਂਤੀ ਜ਼ਰੂਰੀ ਤੇ ਨਾਲ ਹੀ ਲੜਾਈ-ਝਗੜੇ ਤੋਂ ਦੂਰ ਰਹਿਣ ਦੀ ਤਾਕੀਦ ਵੀ ਕੀਤੀ ਹੈ। ਉਨ੍ਹਾਂ ਪੰਜਾਬ ਸਰਕਾਰ ਦੀ ਖੇਡਾਂ ਦੀ ਸਰਪ੍ਰਸਤੀ ਤੋਂ ਪਾਸਾ ਵੱਟਣ 'ਤੇ ਅਫਸੋਸ ਪ੍ਰਗਟ ਕੀਤਾ ਹੈ। ਲਾਕਡਾਊਨ ਦੇ ਲਾਭ ਤੇ ਨੁਕਸਾਨ ਵੀ ਦੱਸੇ ਗਏ ਹਨ। ਉਨ੍ਹਾਂ ਉਸ ਸਮੇਂ ਦੌਰਾਨ 4 ਪੁਸਤਕਾਂ 'ਤੇ ਕੰਮ ਕੀਤਾ। ਪ੍ਰੋ. ਕੁਲਬੀਰ ਸਿੰਘ ਨੇ ਵਿਰਾਸਤੀ ਘਰਾਂ ਅਤੇ ਕਾਰਾਂ ਦੇ ਆਪਣੇ ਸ਼ੌਕ ਬਾਰੇ ਬਾਖ਼ੂਬੀ ਵਰਣਨ ਕੀਤਾ ਹੈ, ਜਿਸ ਤੋਂ ਸਬਕ ਮਿਲਦਾ ਹੈ ਕਿ ਜ਼ਿੰਦਗੀ ਦਾ ਲੁਤਫ਼ ਲੈਣਾ ਚਾਹੀਦਾ ਹੈ। ਕੁਲਬੀਰ ਸਿੰਘ ਦਾ ਜਨਮ 15 ਜਨਵਰੀ 1957 ਨੂੰ ਚਾਨਣ ਸਿੰਘ ਦੇ ਘਰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਛੱਜਲਵੱਡੀ ਵਿਚ ਹੋਇਆ। ਬਚਪਨ ਵਿਚ ਹੀ ਮਾਂ ਸਵਰਗ ਸਿਧਾਰ ਗਈ ਸੀ। ਮੁੱਢਲੀ ਪੜ੍ਹਾਈ ਦਸਵੀਂ ਤੱਕ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਬੀ.ਏ. ਮੋਦੀ ਕਾਲਜ ਪਟਿਆਲਾ ਤੋਂ ਐੱਮ.ਏ. ਪੰਜਾਬੀ ਆਨਰਜ਼ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਫਸਟ ਆ ਕੇ ਗੋਲਡ ਮੈਡਲ ਨਾਲ 1979 ਵਿਚ ਪਾਸ ਕੀਤੀ। ਐੱਮ.ਫਿਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਇੱਕ ਦਰਜਨ

## ਸ਼ਰਧਾਂਜਲੀ

ਕਿਸੇ ਦੀ ਗ਼ਰੀਬੀ ਦਾ ਮਜ਼ਾਕ ਨਾ ਉਡਾਇਆ ਕਰ
ਦੁਖੀਆਂ ਨਿਤਾਣਿਆਂ ਨੂੰ ਗਲ਼ ਨਾਲ ਲਾਇਆ ਕਰ
ਪਤਾ ਨਹੀਂ ਰੱਬ ਗੱਲਾਂ ਕਿਹੜੀਆਂ 'ਚ ਰਾਜ਼ੀ ਰਹਿੰਦਾ
ਰਜ਼ਾ ਵਿਚ ਰਹਿਕੇ ਭਲਾ ਸਭ ਦਾ ਮਨਾਇਆ ਕਰ
ਜੀਵਨ ਅਮੋਲਕ ਨਾ ਲੱਭਣਾ ਦੁਬਾਰਾ ਤੈਨੂੰ
ਬਾਣੀ ਸੱਚੇ ਪਾਤਸ਼ਾਹ ਦੀ ਮੁੱਖ ਵਿਚੋਂ ਗਾਇਆ ਕਰ
ਦਿੱਤੇ ਜੀਹਨੇ ਉੱਚੇ ਅਹੁਦੇ ਕਰ ਸ਼ੁਕਰਾਨਾ ਉਹਦਾ
ਬੈਠ ਵੱਡੀ ਕੁਰਸੀ 'ਤੇ ਸ਼ੁਕਰ ਮਨਾਇਆ ਕਰ
ਕਰੀਂ ਇਨਸਾਫ਼ ਜੱਜ ਰੱਬ ਨੇ ਬਣਾਇਆ ਤੈਨੂੰ
ਵੱਢੀ ਲੈ ਕੇ ਕਿਸੇ ਦਾ ਤੂੰ ਹੱਕ ਨਾ ਗਵਾਇਆ ਕਰ
ਰਿਸ਼ਵਤਖੋਰਾਂ ਦਾ ਹਮੇਸ਼ਾ ਹਾਲ ਮਾੜਾ ਹੋਵੇ
ਇਮਾਨਦਾਰੀ ਨਾਲ ਡਿਊਟੀ ਅਪਣੀ ਨਿਭਾਇਆ ਕਰ
ਦਰ ਆਇਆ ਕਦੇ ਵੀ ਭਿਖਾਰੀ ਖਾਲੀ ਮੋੜੀਂ ਦਾ ਨਹੀਂ
ਲੋੜਵੰਦਾਂ ਵਾਸਤੇ ਵੀ ਕੁੱਝ ਕੁ ਪਹੁੰਚਾਇਆ ਕਰ
ਅੱਠ ਸੱਠ ਤੀਰਥਾਂ ਦਾ ਪੁੰਨ ਸੇਵਾ ਮਾਪਿਆਂ ਦੀ
ਪੈਰੀਂ ਹੱਥ ਨਿੱਤ ਬੇਬੇ ਬਾਪੂ ਜੀ ਦੇ ਲਾਇਆ ਕਰ
ਗਿੱਲ ਮਲਕੀਤ ਵੰਡ ਖੁਸ਼ੀਆਂ ਤੇ ਹਾਸੇ ਸਦਾ
ਕਦੇ ਦਿਲਦਾਰਾ ਮੱਥੇ ਵੱਟ ਨਾ ਤੂੰ ਪਾਇਆ ਕਰ।

**-ਮਲਕੀਤ ਸਿੰਘ ਗਿੱਲ ਭੱਠਲਾਂ**
**ਸੰਪਰਕ : 94174-90943**



## ਚਾਅ

ਮਾਪਿਆਂ ਨੂੰ ਚਾਅ ਚੜ੍ਹਦਾ, ਜਦੋਂ ਬੱਚਾ ਕਿਲਕਾਰੀ ਮਾਰੇ,
ਬੱਚੇ ਨੂੰ ਚਾਅ ਚੜ੍ਹ ਜਾਂਦਾ, ਜਦੋਂ ਹੁੱਬ ਹੁੱਬ ਚੁੱਕਦੇ ਸਾਰੇ।
ਦੇਖ ਬੱਚਾ ਮਾਂ ਖੀਵੀ ਹੋਵੇ, ਜਦੋਂ ਗੋਦੀ ਚੁੱਕ ਲੋਰੀ ਸੁਣਾਵੇ,
ਬੱਚਾ ਜਦੋਂ ਰੋਣ ਨੂੰ ਕਰਦਾ, ਮਾਂ ਝੱਟ ਚੁੱਕ ਕਾਲਜੇ ਲਾਵੇ।

ਬਚਪਨ ਵਿਚ ਚਾਅ ਚੜ੍ਹਦਾ, ਜਦੋਂ ਬਾਪੂ ਚੀਜ਼ੀ ਲਿਆਵੇ,
ਅੱਲੜ੍ਹ ਉਮਰੇ ਚਾਅ ਚੜ੍ਹਦਾ, ਜਦੋਂ ਦੋਸਤਾਂ ਸੰਗ ਬਿਤਾਵੇ।
ਧਰਦਾ ਪੈਰ ਜਵਾਨੀ ਵਿਚ, ਤਾਂ ਸਾਥੀ ਹਮ ਉਮਰ ਚਾਹਵੇ,
ਭੁੱਲ ਜਾਵੇ ਫੇਰ ਜੱਗ ਸਾਰਾ, ਜਦੋਂ ਨੇਹੁੰ ਕਿਤੇ ਲੱਗ ਜਾਵੇ।

ਵਿਚ ਜਵਾਨੀ ਚਾਅ ਚੜ੍ਹਦਾ, ਕੋਈ ਮਨ ਚਾਹਾ ਜੇ ਭਾਉਂਦਾ,
ਦੂਰੋਂ ਤੱਕ ਕੇ ਰੂਹ ਨ ਭਰਦੀ, ਪੱਲ ਪੱਲ ਦਾ ਸੰਗ ਚਾਹੁੰਦਾ।
ਜ਼ਿੰਦਗੀ ਜਾਪੇ ਅਜੇ ਅਧੂਰੀ, ਨਿੱਤ ਸੁਫ਼ਨੇ ਨਵੇਂ ਸਜਾਉਂਦਾ,
ਭੱਜ ਭੱਜ ਕੰਮ ਕਰੇ ਬਥੇਰੇ, ਖੰਭਾਂ ਦੀਆਂ ਡਾਰਾਂ ਬਣਾਉਂਦਾ।

ਭੈਣਾਂ ਨੂੰ ਚਾਅ ਚੜ੍ਹ ਜਾਂਦਾ, ਜਦੋਂ ਰੱਖੜੀ ਵੀਰ ਬੰਨ੍ਹਾਵੇ,
ਖੁਸ਼ੀਆਂ ਦਾ ਹੜ੍ਹ ਆਉਂਦਾ, ਜਦੋਂ ਵੀਰ ਵਿਆਹ ਕੇ ਆਵੇ।
ਭਾਬੀ ਨੂੰ ਚਾਅ ਚੜ੍ਹ ਜਾਂਦਾ, ਜਦੋਂ ਛੋਟੀ ਨਣਦ ਵਿਆਹਵੇ,
ਖੁਸ਼ੀ ਅਸਮਾਨੀ ਜਾ ਚੜ੍ਹਦੀ, ਮਾਂ ਨੂੰਹ ਪੁੱਤ ਨੂੰ ਲਵੇ ਕਲਾਵੇ।

ਅੱਧਖੜ੍ਹ ਉਮਰੇ ਚਾਅ ਚੜ੍ਹੇ, ਜਦੋਂ ਪ੍ਰਵਾਰ ਤਰੱਕੀ ਕਰਦੇ,
ਹੁੰਦੇ ਜਾਣ ਪੌ ਬਾਰਾਂ ਚੁਫੇਰੇ, ਫੇਰ ਜੱਗ ਵਾਲੇ ਪਾਣੀ ਭਰਦੇ।
ਔਲਾਦ ਨਿਕੰਮੀ ਨਿੱਕਲੇ ਜੇ, ਤਾਂ ਜਿਉਂਦੇ ਜੀਅ ਨੇ ਮਰਦੇ,
ਚਾਅ ਬਹਿ ਜਾਂਦੇ ਝੱਗ ਵਾਂਗੂੰ, ਨਾ ਘਾਟ ਦੇ ਨਾ ਘਰਦੇ।

ਵਿਚ ਬੁਢਾਪੇ ਚਾਅ ਮਰਦੇ, ਹੋਵੇ ਵਕਤ ਕੱਟਣ ਦਾ ਵੇਲਾ,
ਚਾਪਲੂਸੀ ਕਰੇ ਜਣੇ ਖਣੇ ਦੀ, ਮਤਾਂ ਹੋਵੇ ਕੋਈ ਬਾਵੇਲਾ।
ਜ਼ਿੰਦਗੀ ਦਾ ਕਰੇ ਹਿਸਾਬ, ਘਰ ਵਿਚ ਬੈਠਾ ਕਰੇ ਕੁਵੇਲਾ,
ਦਿਨ ਭਰ ਕਰੇ ਖਊਂ ਖਊਂ, ਸਾਰੇ ਚਾਹੁੰਦੇ ਥਾਂ ਹੋਏ ਵਿਹਲਾ।

**-ਸੇਵਾ ਸਿੰਘ "ਨੂਰਪੁਰੀ"**



## ਜਰਾ ਮਰਾ

ਮਸੀਂ ਮਸੀਂ ਹੀ ਜਦ ਕੋਈ ਪੱਬ ਧਰਦਾ ਏ।
ਪੁੱਛਿਆ ਜਾਣੇ ਬੰਦੇ ਦਾ ਕਿੰਝ ਸਰਦਾ ਏ।

ਮੌਤੋਂ ਪਹਿਲਾਂ ਹੀ ਨਾ ਜੀਵਨ ਮਾਰ ਦਏ,
ਏਸੇ ਗਲੋਂ ਹਰ ਕੋਈ ਹੀ ਡਰਦਾ ਏ।

ਨਾ ਹਾਲਾਤਾਂ ਨਾ ਹੋਰਾਂ ਨੂੰ ਦੋਸ਼ ਕੋਈ।
ਕੀਤਾ ਕਰਮ ਹੀ ਬੰਦੇ ਉੱਤੇ ਵਰ੍ਹਦਾ ਏ।

ਐਵੇਂ ਹੀ ਬਦਨਾਮ ਕੀਤਾ ਏ ਪਸ਼ੂਆਂ ਨੂੰ,
ਬੰਦੇ ਵਾਂਗੂੰ ਕੋਈ ਪਸ਼ੂ ਨਹੀਂ ਚਰਦਾ ਏ।

ਬੰਦੇ ਦਾ ਮੰਨਿਆਂ ਕਿ ਬੰਦਾ ਦਾਰੂ ਏ,
ਜੀਅ ਪ੍ਰਵਾਸੀ ਦਾ ਨਾ ਕੋਈ ਘਰ ਦਾ ਏ।

ਮਨ ਮੰਨੇ ਹਰ ਰੁੱਤ ਸੁਹਾਵੀ ਹੋ ਜਾਂਦੀ,
ਮਨ ਮਹਿੱਟਰ ਕੋਸੀ  ਰੁੱਤੇ ਠਰਦਾ ਏ।

ਮੁਕਤੀ ਦੇ ਮਾਰਗ 'ਤੇ ਓਹੀ ਚਲਦਾ ਹੈ,
ਖਿੜੇ ਮੱਥੇ ਜੋ ਹਭੀ ਨਭੀ ਨੂੰ ਜਰਦਾ ਏ।

ਗੁਰਮੁਖ ਹੋਣੇ ਦਾ ਇੱਕੋ ਈ ਕਾਰਨ ਏ,
ਮਨਮੱਤ ਕਰਕੇ ਮੱਤ 'ਤੇ ਪੈਂਦਾ ਪਰਦਾ ਏ।

ਜੇ ਸਾਈਂ ਨਹੀਂ ਦਿਸਿਆ 'ਢੇਸੀ' ਆਪੇ 'ਚੋਂ,
ਤੇਰੇ ਮਨ ਦੇ ਸ਼ੀਸ਼ੇ 'ਤੇ ਈ ਗਰਦਾ ਏ।

**-ਕੁਲਵੰਤ ਸਿੰਘ ਢੇਸੀ**



## ਇੱਕ ਰੁੱਖ ਦੀ ਮੌਤ 'ਤੇ



ਇੱਕ ਰੁੱਖ ਦੀ ਮੌਤ 'ਤੇ
ਬੜਾ ਦੁੱਖ ਹੋਇਆ,
ਧਰਤੀ ਵੀ ਰੋਈ
ਤੇ ਦਿਲ ਮੇਰਾ ਰੋਇਆ।
ਪੰਛੀਆਂ ਨੇ ਰੈਣ-ਬਸੇਰਾ
ਤੇ ਪਤਾ ਨਹੀਂ
ਕਿਸ-ਕਿਸ ਨੇ ਕੀ-ਕੀ ਖੋਇਆ?
ਇੱਕ ਰੁੱਖ ਦੀ ਮੌਤ 'ਤੇ
ਬੜਾ ਦੁੱਖ ਹੋਇਆ।
ਆਰੀ-ਕੁਲਹਾੜੀ ਨਾਲ਼ ਕੱਟਿਆ ਜਦੋਂ
ਤਾਂ ਮਨ ਮੇਰਾ ਵੀ ਰੋਇਆ,
ਇੱਕ ਰੁੱਖ ਦੀ ਮੌਤ 'ਤੇ
ਬੜਾ ਦੁੱਖ ਹੋਇਆ।
ਦਿੰਦਾ ਸੀ ਠੰਢੀਆਂ ਛਾਵਾਂ
ਪਿਆਰ ਕਰਦਾ ਸੀ ਵਾਂਗ ਮਾਵਾਂ,
ਪਤਾ ਨਹੀਂ ਅੱਜ ਇਨਸਾਨ ਨੂੰ
ਕੀ ਹੋਇਆ,
ਹਾਏ! ਕੀ ਹੋਇਆ?
ਰੁੱਖਾਂ ਨੂੰ ਕੱਟਣ ਲਈ
ਇਨਸਾਨ ਤਰਲੋਮੱਛੀ ਹੋਇਆ,
ਇੱਕ ਰੁੱਖ ਦੀ ਮੌਤ 'ਤੇ
ਬੜਾ ਦੁੱਖ ਹੋਇਆ
ਹਾਏ! ਬੜਾ ਦੁੱਖ ਹੋਇਆ....

**-ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
**94785-61356**



## ਕੌਣ ?



ਲੁੱਟੀਆਂ ਕਿਸ ਨੇ ਖੁਸ਼ੀਆਂ ਤੇਰੀਆਂ, ਕਤਲ ਕਰ ਗਿਆ ਚਾਵਾਂ ਦਾ
ਕਿਸ ਨੇ ਦੀਵਾ ਗੁੱਲ ਹੈ ਕੀਤਾ, ਬੂਹੇ ਉਡੀਕਦੀਆਂ ਮਾਵਾਂ ਦਾ।

ਧਰਮੀ ਬੰਦੇ ਇਹ ਕੰਮ ਨ੍ਹੀ ਕਰਦੇ, ਕਿਤੇ ਓਹੀ ਸ਼ੈਤਾਨ ਤਾਂ ਨਹੀਂ
ਮੁੱਦਾ ਬਣਾ ਲੜਾਉਂਦਾ ਆਇਆ, ਕਦੇ ਸੂਰਾਂ ਦਾ ਕਦੇ ਗਾਵਾਂ ਦਾ।

ਸੋਹਣੀ ਵਾਦੀ ਉਦਾਸ ਕਿਉਂ ਹੈ, ਪੱਤਿਆਂ ਵਿਚ ਖਾਮੋਸ਼ੀ ਪਸਰੀ
ਸੁੰਞੀ-ਸੁੰਞੀ ਕਾਇਨਾਤ ਹੋ ਗਈ, ਕੀ ਸੁਨੇਹਾ ਸੁਣਿਆ ਹਵਾਵਾਂ ਦਾ?

ਚਿੱਟੀ ਸਿੰਘਪੁਰਾ ਕਦੇ ਪੁਲਵਾਮਾ, ਹੁਣ ਪਹਿਲਗਾਮ ਨਿਸ਼ਾਨੇ 'ਤੇ
ਕਾਤਲ ਕਿਤੇ ਓਹੀ ਤਾਂ ਨਹੀਂ, ਪੈੜਾ ਕੱਢਕੇ ਵੇਖੋ ਰਾਹਵਾਂ ਦਾ

ਜਿਸ ਤਨ ਲੱਗਦੀ ਓਹੀ ਜਾਣੇ, ਪੀੜ੍ਹ ਪਰਾਈ ਨੂੰ ਕਿਹੜਾ ਪਛਾਣੇ
ਸਿਆਸੀ ਲੋਕਾਂ ਰੌਲ਼ਾ ਪਾਇਆ, ਰੌਲ਼ਾ ਹੋਵੇ ਜਿਵੇਂ ਕਾਵਾਂ ਦਾ

'ਦਵਿੰਦਰਾ' ਉਲਝੀ ਪਈ ਏ ਤਾਣੀ, ਜੇ ਨਾ ਅਜੇ ਵੀ ਰਮਜ਼ ਪਛਾਣੀ
ਵਾਪਰੂ ਮੁੜ-ਮੁੜ ਇਹੋ ਕਹਾਣੀ, ਸਿਰਫ਼ ਫ਼ਰਕ ਪਊਗਾ ਨਾਵਾਂ ਦਾ

**ਦਵਿੰਦਰ ਸਿੰਘ ਸੇਖੋਂ, ਫੀਨਿਕਸ**



## ਜ਼ਿੰਦਗੀ ਦੇ ਬਿਖੜੇ ਪੈਂਡੇ

ਚੜ੍ਹਦੀ ਕਲਾ ਤੇ ਸਾਡੇ, ਹੌਂਸਲੇ ਬਲੰਦ ਆ
ਪੁੱਤਾਂ ਨੂੰ ਕਬੂਲ ਜਿਵੇਂ, ਬਾਪੂ ਰਜ਼ਾਮੰਦ ਆ
ਸਿਰ ਮੱਥੇ ਜੋ, ਵਾਹਿਗੁਰੂ ਨੂੰ ਪਸੰਦ ਆ

ਖਾ ਖਾ ਕੇ ਠੇਡੇ ਅਸੀਂ, ਵਾਰ ਵਾਰ ਉਠਾਂਗੇ
ਅਸੀਂ ਆ ਤੁਫਾਨਾਂ ਜਿਹੇ, ਸੌਖੇ ਨਹੀ ਰੁਕਾਂਗੇ
ਵੈਰੀਆਂ ਦੇ ਉੱਤੇ, ਵਾਂਗ ਲਾਵਿਆਂ ਦੇ ਫੁੱਟਾਂਗੇ
ਪੁੱਤ ਹਾਂ ਦਲੇਰ ਸਦਾ, ਸ਼ੇਰਾਂ ਵਾਂਗੂ ਬੁੱਕਾਂਗੇ
ਵੈਰੀਆਂ ਦੇ ਮੌਰਾਂ ਉੱਤੋਂ, ਝਾੜ ਦੇਣੀ ਕੰਡ ਆ
ਪੁੱਤਾਂ ਨੂੰ ਕਬੂਲ ਜਿਵੇਂ, ਬਾਪੂ ਰਜ਼ਾਮੰਦ ਆ

ਕਰਦੇ ਗਦਾਰੀ ਜਿਹੜੇ, ਟਾਂਕ ਦੇਣੇ ਆ
ਦਾਣਿਆਂ ਦੇ ਵਾਂਗੂੰ ਹੁਣ, ਛਾਂਟ ਦੇਣੇ ਆ
ਛੱਡ ਦੇਣੇ ਬੰਦੇ ਜਿਹੜੇ, ਮੌਕਾ ਦੇਖ ਭੱਜਦੇ
ਡਮਰੂ ਦੇ ਵਾਂਗ ਜਿਹੜੇ, ਦੋਵੇਂ ਪਾਸੇ ਵੱਜਦੇ
ਨੱਪ ਦੇਣੇ ਸਿਰੀਆਂ ਤੋਂ, ਮਾਰੇ ਜਿਨ੍ਹਾਂ ਡੰਗ ਆ
ਚੜ੍ਹਦੀ ਕਲਾ ਤੇ ਸਾਡੇ ਹੌਂਸਲੇ ਬੁਲੰਦ ਆ

ਪਿੱਠਾਂ 'ਚ ਖਭੋਏ ਜਿਨ੍ਹਾਂ, ਛੁਰੇ ਯਾਦ ਰਹਿਣਗੇ
ਸਾਹਨਾਂ ਵਾਂਗੂੰ ਨਾਲ ਜਿਹੜੇ, ਤੁਰੇ ਯਾਦ ਰਹਿਣਗੇ
ਕੱਲੇ ਨਾਲ ਕੱਲਾ ਲੜੇ, ਕਦੇ ਨਹੀਂਓਂ ਹਾਰਦੇ
ਪੰਜ ਸੱਤ ਰਲ ਸਦਾ, ਕੱਲੇ ਨੂੰ ਇਹ ਮਾਰਦੇ
ਸਹੋਤਿਆ ਇਹ ਰਾਜਨੀਤੀ, ਗੰਦੀ ਛਤਰੰਜ ਆ
ਪੁੱਤਾਂ ਨੂੰ ਕਬੂਲ ਜਿਵੇਂ, ਬਾਪੂ ਰਜ਼ਾਮੰਦ ਆ
ਸਿਰ ਮੱਥੇ ਜੋ, ਵਾਹਿਗੁਰੂ ਨੂੰ ਪਸੰਦ ਆ

**-ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ, ਬੀ.ਸੀ. ਕੈਨੇਡਾ**
**778-863-2472**




RE/MAX
RE/MAX
Outstanding Agents
Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com